**Golden State Realty** — JASSI GILL Broker/Owner

Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969



CA DRE# 00966763




COVERED CALIFORNIA — Certified Insurance Agent — Global Green INSURANCE AGENCY

ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann — Gurcharan Singh Mann
**Mann Insurance Brokers Inc.**
4123 Dyer St., #230, Union City, CA 94587



Twenty-Fifth Year of Publication — ਕੈਲੀਫੋਰਨੀਆ ਐਡੀਸ਼ਨ — Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 25, Issue 43; October 26, 2024 — 20451 N. Plum Grove Rd., Palatine, IL 60074 — Ph:847-359-0746, Fax:847-705-9388


# ਜ਼ਿਮਨੀ ਚੋਣਾਂ: ਸਿਆਸੀ ਧਿਰਾਂ ਲਈ ਪਰਖ

**ਚੰਡੀਗੜ੍ਹ:** ਚੋਣ ਕਮਿਸ਼ਨ ਵੱਲੋਂ ਪੰਜਾਬ ਵਿਚ ਜ਼ਿਮਨੀ ਚੋਣਾਂ 13 ਨਵੰਬਰ ਨੂੰ ਕਰਵਾਉਣ ਦੇ ਐਲਾਨ ਮਗਰੋਂ ਚੋਣ ਦੰਗਲ ਭਖ ਗਿਆ ਹੈ। ਆਮ ਆਦਮੀ ਪਾਰਟੀ, ਕਾਂਗਰਸ ਅਤੇ ਭਾਜਪਾ ਨੇ ਇਨ੍ਹਾਂ ਚੋਣਾਂ ਵਿਚ ਜਿੱਤ ਲਈ ਟਿੱਲ ਲਾਇਆ ਹੋਇਆ ਹੈ, ਜਦਕਿ ਅੰਦਰੂਨੀ ਸੰਕਟ ਵਿਚ ਘਿਰੇ ਸ਼੍ਰੋਮਣੀ ਅਕਾਲੀ ਦਲ ਨੇ ਹਾਲੇ ਘੇਸ ਵੱਟੀ ਹੋਈ ਹੈ। ਦਰਅਸਲ, ਪੰਜਾਬ ਦੇ ਮੌਜੂਦਾ ਪੰਥਕ ਸੰਕਟ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਹਾਸ਼ੀਏ 'ਤੇ ਧੱਕ ਦਿੱਤਾ ਹੈ ਅਤੇ ਅਕਾਲੀ ਲੀਡਰਸ਼ਿਪ ਦਾ ਸਮੁੱਚਾ ਧਿਆਨ ਇਸ ਨਵੇਂ ਸੰਕਟ 'ਤੇ ਕੇਂਦਰਿਤ ਹੈ। ਅਕਾਲ ਤਖਤ ਸਾਹਿਬ ਵੱਲੋਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਤਨਖਾਹੀਆ ਕਰਾਰ ਦੇਣ ਪਿੱਛੋਂ ਉਹ (ਸੁਖਬੀਰ) ਚੋਣ ਸਰਗਰਮੀਆਂ ਤੋਂ ਪਾਸੇ ਨਜ਼ਰ ਆ ਰਹੇ ਹਨ।

ਇਹ ਚੋਣਾਂ ਪੰਜਾਬ ਵਿਚ ਚਾਰ ਸੀਟਾਂ-ਗਿੱਦੜਬਾਹਾ, ਬਰਨਾਲਾ, ਡੇਰਾ ਬਾਬਾ ਨਾਨਕ ਅਤੇ ਚੱਬੇਵਾਲ ਉਤੇ 13 ਨਵੰਬਰ ਨੂੰ ਹੋਣੀਆਂ ਹਨ। 'ਆਪ' ਇਨ੍ਹਾਂ ਸੀਟਾਂ ਨੂੰ 'ਕਰੋ ਜਾਂ ਮਰੋ' ਵਾਲੀ ਸਥਿਤੀ ਵਿਚ ਲੜਨਾ ਚਾਹੁੰਦੀ ਹੈ ਕਿਉਂਕਿ ਇਨ੍ਹਾਂ ਦੇ ਚੋਣ ਨਤੀਜਿਆਂ ਦਾ ਅਸਰ 2027 ਦੀਆਂ ਚੋਣਾਂ 'ਤੇ ਵੀ ਪਵੇਗਾ। ਇਸ ਲਈ ਇਹ ਮੁਕਾਬਲਾ ਆਪ ਅਤੇ ਕਾਂਗਰਸ ਵਿਚਾਲੇ ਮੰਨਿਆ ਜਾ ਰਿਹਾ ਹੈ ਹਾਲਾਂਕਿ ਭਾਜਪਾ ਵੀ ਦੂਜੀਆਂ ਪਾਰਟੀਆਂ ਖਾਸ ਕਰਕੇ ਕਾਂਗਰਸ ਦੇ ਆਗੂਆਂ ਨੂੰ ਆਪਣੇ ਨਾਲ ਰਲਾ ਕੇ ਚੋਣ ਮੈਦਾਨ ਵਿਚ ਨਿੱਤਰੀ ਹੋਈ ਹੈ।

ਭਾਰਤੀ ਜਨਤਾ ਪਾਰਟੀ ਨੇ ਗਿੱਦੜਬਾਹਾ ਤੋਂ ਮਨਪ੍ਰੀਤ ਸਿੰਘ ਬਾਦਲ, ਬਰਨਾਲਾ ਤੋਂ ਕੇਵਲ ਸਿੰਘ ਢਿੱਲੋਂ ਅਤੇ ਡੇਰਾ ਬਾਬਾ ਨਾਨਕ ਤੋਂ ਰਵੀਕਰਨ ਸਿੰਘ ਕਾਹਲੋਂ ਨੂੰ ਉਮੀਦਵਾਰ ਬਣਾਇਆ ਗਿਆ ਹੈ। ਪੰਜਾਬ ਕਾਂਗਰਸ ਨੇ ਗਿੱਦੜਬਾਹਾ ਤੋਂ ਅੰਮ੍ਰਿਤਾ ਵੜਿੰਗ, ਡੇਰਾ ਬਾਬਾ ਨਾਨਕ ਤੋਂ ਜਤਿੰਦਰ ਕੌਰ, ਰਾਖਵਾਂ ਹਲਕਾ ਚੱਬੇਵਾਲ ਤੋਂ ਰਣਜੀਤ ਕੁਮਾਰ ਅਤੇ ਬਰਨਾਲਾ ਤੋਂ ਕੁਲਦੀਪ ਸਿੰਘ ਢਿੱਲੋਂ ਨੂੰ ਉਮੀਦਵਾਰ ਬਣਾਇਆ ਗਿਆ ਹੈ।



ਆਪ ਨੇ ਗਿੱਦੜਬਾਹਾ ਤੋਂ ਹਰਦੀਪ ਸਿੰਘ ਡਿੰਪੀ ਢਿੱਲੋਂ, ਬਰਨਾਲਾ ਤੋਂ ਹਰਿੰਦਰ ਸਿੰਘ ਧਾਲੀਵਾਲ, ਚੱਬੇਵਾਲ (ਐਸ.ਸੀ.) ਤੋਂ ਇਸ਼ਾਂਕ ਚੱਬੇਵਾਲ ਅਤੇ ਡੇਰਾ ਬਾਬਾ ਨਾਨਕ ਤੋਂ ਗੁਰਦੀਪ ਸਿੰਘ ਰੰਧਾਵਾ ਨੂੰ ਚੋਣ ਮੈਦਾਨ 'ਚ ਉਤਾਰਿਆ ਗਿਆ ਹੈ।

ਗਿੱਦੜਬਾਹਾ ਸੀਟ ਸੱਤਾਧਾਰੀ 'ਆਪ' ਲਈ ਵਕਾਰ ਦਾ ਸਵਾਲ ਬਣ ਗਈ ਹੈ। ਇਹ ਸੀਟ ਅਕਾਲੀ ਦਲ ਜਾਂ ਕਾਂਗਰਸ ਕੋਲ ਰਹੀ ਹੈ। ਇਸ ਵਾਰ ਅਕਾਲੀ ਦਲ ਤਕਰੀਬਨ ਮੁਕਾਬਲੇ ਤੋਂ ਬਾਹਰ ਹੈ। ਇਸ ਲਈ ਆਪ ਤੇ ਕਾਂਗਰਸ ਵਿਚਾਲੇ ਸਿੱਧੀ ਟੱਕਰ ਹੈ।

ਇਹ ਸੀਟ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਲੁਧਿਆਣਾ ਤੋਂ ਲੋਕ ਸਭਾ ਮੈਂਬਰ ਦੀ ਚੋਣ ਜਿੱਤਣ ਮਗਰੋਂ ਖਾਲੀ ਹੋਈ ਹੈ। ਮੁੱਖ ਮੰਤਰੀ ਭਗਵੰਤ ਮਾਨ ਇਹ ਚੋਣ ਜਿੱਤਣ ਲਈ ਕਈ ਮਹੀਨਿਆਂ ਤੋਂ ਜ਼ੋਰ ਲਾ ਰਹੇ ਹਨ। ਉਨ੍ਹਾਂ ਸੁਖਬੀਰ ਬਾਦਲ ਦੇ ਖਾਸਮਖਾਸ ਹਰਦੀਪ ਸਿੰਘ ਡਿੰਪੀ ਢਿੱਲੋਂ ਨੂੰ 'ਆਪ' ਵਿਚ ਲਿਆ ਕੇ ਕਰੋੜਾਂ ਰੁਪਏ ਦੇ ਫੰਡ ਵੀ ਜਾਰੀ ਕੀਤੇ ਹਨ। ਡਿੰਪੀ ਢਿੱਲੋਂ ਇੱਥੋਂ ਤਿੰਨ ਵਾਰ ਅਕਾਲੀ ਦਲ ਦੀ ਟਿਕਟ 'ਤੇ ਚੋਣ ਲੜ ਚੁੱਕੇ ਹਨ। ਇਹ ਚੋਣ ਉਨ੍ਹਾਂ ਦੇ ਸਿਆਸੀ ਭਵਿੱਖ ਲਈ ਬਹੁਤ ਅਹਿਮ ਹੈ। ਦੂਜੇ ਪਾਸੇ ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਜੋ ਇੱਥੋਂ ਤਿੰਨ ਵਾਰ ਵਿਧਾਇਕ ਰਹਿ ਚੁੱਕੇ ਹਨ, ਆਪਣੀ ਪਤਨੀ ਨੂੰ ਇਥੋਂ ਚੋਣ ਲੜਾ ਰਹੇ ਹਨ। ਹਾਲਾਂਕਿ ਝੋਨੇ ਦੀ ਖਰੀਦ ਤੇ ਖਾਦ ਸੰਕਟ ਆਪ ਤੇ ਭਾਜਪਾ ਲਈ ਵੱਡੀ ਸਿਰਦਰਦੀ ਖੜ੍ਹੀ ਕਰ ਸਕਦਾ ਹੈ। 'ਆਪ' ਤੇ ਭਾਜਪਾ ਦੀ ਇਥੇ ਵੱਡੇ ਪੱਧਰ ਉਤੇ ਘੇਰਾਬੰਦੀ ਹੋਣ ਦੀ ਸੰਭਾਵਨਾ ਹੈ।

ਹਾਕਮ ਧਿਰ ਲਈ ਮੌਜੂਦਾ ਸੰਕਟ ਸਿਆਸੀ ਤੌਰ 'ਤੇ ਵੋਟ ਬੈਂਕ ਨੂੰ ਪ੍ਰਭਾਵਿਤ ਕਰੇਗਾ। ਸਭ ਤੋਂ ਵੱਧ ਹੌਟ ਸੀਟ ਗਿੱਦੜਬਾਹਾ ਹਲਕੇ ਦੀ ਹੈ, ਜਿੱਥੇ ਕੁੱਲ 1.66 ਲੱਖ ਵੋਟਰ ਹਨ। ਇਨ੍ਹਾਂ 'ਚੋਂ ਕਰੀਬ 44 ਹਜ਼ਾਰ ਵੋਟਰ ਗਿੱਦੜਬਾਹਾ ਸ਼ਹਿਰ ਦੇ ਹਨ ਅਤੇ ਬਾਕੀ 1.22 ਲੱਖ ਪੇਂਡੂ ਵੋਟਰ ਹਨ। ਇਸ ਹਲਕੇ ਵਿਚ 44 ਪਿੰਡ ਅਤੇ 52 ਪੰਚਾਇਤਾਂ ਹਨ ਜਦੋਂ ਕਿ ਖਰੀਦ ਕੇਂਦਰਾਂ ਦੀ ਗਿਣਤੀ 43 ਹੈ। ਇਥੇ ਸਿਆਸੀ ਤੌਰ ਉਤੇ ਸਖ਼ਤ ਟੱਕਰ ਬਣੇਗੀ। ਭਾਜਪਾ ਤਰਫੋਂ ਮਨਪ੍ਰੀਤ ਸਿੰਘ ਬਾਦਲ ਨੂੰ ਉਮੀਦਵਾਰ ਬਣਾਇਆ ਗਿਆ ਹੈ। ਭਾਜਪਾ ਨੂੰ ਵੀ ਝੋਨੇ ਤੇ ਡੀ.ਏ.ਪੀ. ਦਾ ਸੰਕਟ ਪ੍ਰੇਸ਼ਾਨ ਕਰੇਗਾ ਜਦੋਂ ਕਿ 'ਆਪ' ਉਤੇ ਵੀ ਸਵਾਲ ਉੱਠਣੇ ਤੈਅ ਹਨ।

ਡੇਰਾ ਬਾਬਾ ਨਾਨਕ ਹਲਕੇ ਵਿਚ 1.95 ਲੱਖ ਕੁੱਲ ਵੋਟਰ ਹਨ, ਜਿਨ੍ਹਾਂ 'ਚੋਂ ਕਰੀਬ 1.85 ਲੱਖ ਪੇਂਡੂ ਵੋਟਰ ਹਨ ਜਦੋਂ ਕਿ ਸ਼ਹਿਰੀ ਵੋਟਰਾਂ ਦੀ ਗਿਣਤੀ ਸੱਤ ਕੁ ਹਜ਼ਾਰ ਹੈ। ਇਸ ਹਲਕੇ ਵਿਚ ਕੁੱਲ 279 ਪਿੰਡ ਪੈਂਦੇ ਹਨ ਜਦੋਂ ਕਿ 92 ਖਰੀਦ ਕੇਂਦਰ ਹਨ। ਜ਼ਿਲ੍ਹਾ ਗੁਰਦਾਸਪੁਰ ਵਿਚ ਇਸ ਵੇਲੇ ਤਕਰੀਬਨ ਤਿੰਨ ਲੱਖ ਮੀਟਰਿਕ ਟਨ ਝੋਨੇ ਦੀ ਆਮਦ ਹੋ ਚੁੱਕੀ ਹੈ, ਪਰ ਬਾਕੀ ਪੰਜਾਬ

*(ਬਾਕੀ ਸਫਾ 6 'ਤੇ)*

## ਆਮ ਆਦਮੀ ਪਾਰਟੀ ਵਿਚ ਬਗਾਵਤ

**ਚੰਡੀਗੜ੍ਹ:** ਆਪ ਵੱਲੋਂ ਵਿਧਾਨ ਸਭਾ ਹਲਕਾ ਬਰਨਾਲਾ ਤੋਂ ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਦੇ ਕਰੀਬੀ ਮੰਨੇ ਜਾਂਦੇ ਹਰਿੰਦਰ ਸਿੰਘ ਧਾਲੀਵਾਲ ਨੂੰ ਉਮੀਦਵਾਰ ਐਲਾਨਿਆ ਗਿਆ ਹੈ। ਇਸ ਪਿੱਛੋਂ ਪਾਰਟੀ ਵਿਚ ਬਗਾਵਤੀ ਸੁਰ ਉੱਠਣ ਲੱਗੇ ਹਨ। ਇਸ ਤੋਂ ਨਾਜ਼ਾਰ ਚੱਲ ਰਹੇ 'ਆਪ' ਦੇ ਜ਼ਿਲ੍ਹਾ ਪ੍ਰਧਾਨ ਅਤੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਗੁਰਦੀਪ ਬਾਠ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇਣ ਦਾ ਐਲਾਨ ਕੀਤਾ ਹੈ। ਗੁਰਦੀਪ ਸਿੰਘ ਬਾਠ ਨੇ ਪ੍ਰੈੱਸ ਕਾਨਫਰੰਸ ਕਰਕੇ ਹਰਿੰਦਰ ਸਿੰਘ ਨੂੰ 'ਟਿਕਟ' ਦੇਣ ਦੇ ਫ਼ੈਸਲੇ ਨੂੰ ਸਿੱਧੀ ਚੁਣੌਤੀ ਦਿੰਦਿਆਂ ਪਾਰਟੀ ਹਾਈਕਮਾਨ ਨੂੰ ਇਸ 'ਤੇ ਮੁੜ ਵਿਚਾਰ ਕਰਨ ਲਈ 24 ਘੰਟਿਆਂ ਦਾ ਸਮਾਂ ਦਿੱਤਾ ਸੀ।

## ਭਾਰਤ-ਕੈਨੇਡਾ ਤਣਾਅ ਨੇ ਚਿੰਤਾ ਵਧਾਈ



**ਚੰਡੀਗੜ੍ਹ:** ਭਾਰਤ ਤੇ ਕੈਨੇਡਾ ਦਰਮਿਆਨ ਹਾਲ ਹੀ ਵਿਚ ਖਾਸ ਕਰ ਕੇ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਤੋਂ ਬਾਅਦ ਪੈਦਾ ਹੋਏ ਕੂਟਨੀਤਕ ਤਣਾਅ ਨੇ ਪੰਜਾਬ ਤੋਂ ਇਥੇ (ਕੈਨੇਡਾ) ਚੰਗੇ ਭਵਿੱਖ ਦੀ ਆਸ ਲੈ ਕੇ ਪਹੁੰਚੇ ਨੌਜਵਾਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਚਿੰਤਾ ਵਧਾ ਦਿੱਤੀ ਹੈ। ਜਾਣਕਾਰੀ ਅਨੁਸਾਰ ਕੈਨੇਡਾ ਜਾਣ ਵਾਲੇ ਕੁੱਲ ਭਾਰਤੀ ਵਿਦਿਆਰਥੀਆਂ 'ਚੋਂ 70 ਫੀਸਦ ਪੰਜਾਬੀ ਹਨ। ਇਹ ਪਾੜ੍ਹੇ ਇਸ ਵੇਲੇ ਚਿੰਤਾ ਵਿਚ ਹਨ।

ਉਧਰ, ਨਾਰਥ ਅਮਰੀਕਨ ਪੰਜਾਬੀ ਐਸੋਸੀਏਸ਼ਨ ਦੇ ਕਾਰਜਕਾਰੀ ਨਿਰਦੇਸ਼ਕ ਸਤਨਾਮ ਸਿੰਘ ਚਹਿਲ ਨੇ ਕਿਹਾ ਕਿ ਇਸ ਘਟਨਾ ਨੇ ਭਾਈਚਾਰੇ ਅੰਦਰ ਮੌਜੂਦਾ ਅਸੁਰੱਖਿਆ ਅਤੇ ਵੰਡ ਨੂੰ ਹੋਰ ਤੇਜ਼ ਕਰ ਦਿੱਤਾ ਹੈ। ਓਟਾਵਾ ਵੱਲੋਂ ਭਾਰਤੀ ਰਾਜਦੂਤ ਦੇ ਨਿੱਝਰ ਦੀ ਹੱਤਿਆ ਦੀ ਜਾਂਚ ਨਾਲ ਜੋੜਨ ਦੇ ਦੋਸ਼ਾਂ ਨੂੰ ਖਾਰਜ ਕਰਦਿਆਂ ਇਸ ਹਫਤੇ ਦੇ ਸ਼ੁਰੂ ਵਿਚ ਭਾਰਤ ਨੇ 6 ਕੈਨੇਡੀਅਨ ਡਿਪਲੋਮੈਟਾਂ ਨੂੰ ਕੱਢ ਦਿੱਤਾ ਸੀ ਅਤੇ ਕੈਨੇਡਾ ਵਿਚ ਆਪਣੇ ਹਾਈ ਕਮਿਸ਼ਨਰ ਸੰਜੇ ਕੁਮਾਰ ਵਰਮਾ ਨੂੰ ਵਾਪਸ ਲੈ ਲਿਆ ਸੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਭਾਰਤ ਅਤੇ ਕੈਨੇਡਾ ਦੇ ਆਪਸੀ ਰਿਸ਼ਤਿਆਂ ਵਿਚ ਵੱਧ ਰਹੀਆਂ ਦੂਰੀਆਂ 'ਤੇ ਚਿੰਤਾ ਪ੍ਰਗਟ ਕਰਦਿਆਂ

*(ਬਾਕੀ ਸਫਾ 6 'ਤੇ)*


**GOLDEN STATE REALTY**

"Realtor You Can Trust"
CRE Group Inc

* ਘਰ ਜਾਂ ਕੋਈ ਵੀ ਹੋਰ ਕਾਮਰਸ਼ੀਅਲ ਪ੍ਰਾਪਰਟੀ ਖਰੀਦਣ ਲਈ ਸਾਡੇ ਨਾਲ ਸੰਪਰਕ ਕਰੋ:
ਫੋਨ:
916-612-5773



Sam Chahal MBA
Sohanpreet Singh
Realtor - Lic# 01504071

Contact for Real Estate and Mortgage Needs
P: 916-612-5773
E: Samchahal@hotmail.com



Raja SWEETS & CATERING
AUTHORIZED CATERER FOR MAJOR 5-STAR HOTELS
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine — Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

**GLOBAL TRUCK PERMITS**



18 years of experience

Services
-We do Same day IRP Plates
-Truck Permits
-New company
-Truck ELD
-Trucking compliance




Rajinder Singh

159 D'Arcy Pkwy, Lathrop, CA 95330
Phone: 209 636 0880

# ਬੇਅਦਬੀ ਮਾਮਲਾ: ਸੁਪਰੀਮ ਕੋਰਟ ਵੱਲੋਂ ਰਾਮ ਰਹੀਮ ਨੂੰ ਵੱਡਾ ਝਟਕਾ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ 2015 ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਸਬੰਧਤ ਕੇਸਾਂ ਵਿਚ ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਖਿਲਾਫ਼ ਮੁਕੱਦਮੇ ਦੀ ਕਾਰਵਾਈ ਲਈ ਰਾਹ ਪੱਧਰਾ ਕਰ ਦਿੱਤਾ ਹੈ। ਜਸਟਿਸ ਬੀ.ਆਰ. ਗਵਈ ਤੇ ਜਸਟਿਸ ਕੇਵੀ ਵਿਸ਼ਵਨਾਥਨ ਦੇ ਬੈਂਚ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਹੇਠਲੀ ਅਦਾਲਤ ਵਿਚ ਮੁਕੱਦਮਾ ਚਲਾਉਣ 'ਤੇ ਲਾਈ ਰੋਕ ਹਟਾਉਂਦਿਆਂ ਰਾਮ ਰਹੀਮ ਨੂੰ ਜਵਾਬ ਦਾਖਲ ਕਰਨ ਦੀ ਹਦਾਇਤ ਕੀਤੀ ਹੈ। ਸੁਪਰੀਮ ਕੋਰਟ ਨੇ ਉਪਰੋਕਤ ਹੁਕਮ ਪੰਜਾਬ ਸਰਕਾਰ ਵੱਲੋਂ ਦਾਇਰ ਪਟੀਸ਼ਨ 'ਤੇ ਕੀਤੇ ਹਨ। ਇਸ ਮਾਮਲੇ 'ਤੇ ਅਗਲੀ ਸੁਣਵਾਈ ਚਾਰ ਹਫ਼ਤਿਆਂ ਬਾਅਦ ਹੋਵੇਗੀ।

ਪੰਜਾਬ ਸਰਕਾਰ ਵੱਲੋਂ ਪੇਸ਼ ਐਡਵੋਕੇਟ ਜਨਰਲ ਗੁਰਮਿੰਦਰ ਸਿੰਘ ਨੇ ਹਾਈ ਕੋਰਟ ਦੇ ਉਨ੍ਹਾਂ ਹੁਕਮਾਂ 'ਤੇ ਰੋਕ ਲਾਉਣ ਦੀ ਮੰਗ ਕੀਤੀ ਸੀ, ਜਿਸ ਵਿਚ ਫ਼ਰੀਦਕੋਟ ਦੇ ਬਾਜਾਖ਼ਾਨਾ ਪੁਲਿਸ ਥਾਣੇ ਵਿਚ ਦਰਜ ਤਿੰਨ ਕੇਸਾਂ ਵਿਚ ਕਾਰਵਾਈ ਉਤੇ ਰੋਕ ਲਾ ਦਿੱਤੀ ਗਈ ਸੀ। ਇਸ ਤੋਂ ਪਹਿਲਾਂ ਕੋਰਟ ਨੇ ਫਰਵਰੀ 2023 ਵਿਚ ਇਨ੍ਹਾਂ ਕੇਸਾਂ ਵਿਚ ਰਾਮ ਰਹੀਮ ਤੇ ਉਸ ਦੇ ਪੈਰੋਕਾਰਾਂ ਖਿਲਾਫ਼ ਮੁਕੱਦਮੇ ਦੀ ਕਾਰਵਾਈ ਨੂੰ ਫ਼ਰੀਦਕੋਟ ਦੀ ਕੋਰਟ ਤੋਂ ਚੰਡੀਗੜ੍ਹ ਤਬਦੀਲ ਕਰ ਦਿੱਤਾ ਸੀ। ਉਧਰ, ਰਾਮ ਰਹੀਮ ਨੇ ਵੀ ਪੰਜਾਬ ਤੇ ਹਰਿਆਣਾ ਹਾਈ ਕੋਰਟ ਦਾ ਰੁਖ਼ ਕਰਦੇ ਹੋਏ ਸੀ.ਬੀ.ਆਈ. ਤੋਂ ਕੇਸ ਵਾਪਸ ਲੈਣ ਦੇ ਸੂਬਾ ਸਰਕਾਰ ਦੇ ਸਤੰਬਰ 2018 ਦੇ ਨੋਟੀਫਿਕੇਸ਼ਨ ਦੀ ਵੈਧਤਾ ਨੂੰ ਚੁਣੌਤੀ ਦਿੰਦੇ ਹੋਏ ਕੇਂਦਰੀ ਜਾਂਚ ਏਜੰਸੀ ਨੂੰ ਮਾਮਲੇ ਦੀ ਪੜਤਾਲ ਸਬੰਧੀ ਹਦਾਇਤਾਂ



ਜਾਰੀ ਕਰਨ ਦੀ ਮੰਗ ਕੀਤੀ ਸੀ। ਹਾਈ ਕੋਰਟ ਨੇ ਫੈਸਲੇ ਲਈ ਇਸ ਸਾਲ 11 ਮਾਰਚ ਨੂੰ ਕਈ ਸਵਾਲ ਵਡੇਰੇ ਬੈਂਚ ਹਵਾਲੇ ਕਰਦਿਆਂ ਕਿਹਾ ਸੀ, "ਕਿਉਂਕਿ ਇਨ੍ਹਾਂ ਮਸਲਿਆਂ ਨੂੰ ਵੱਡੇ ਬੈਂਚ ਦੇ ਵਿਚਾਰ ਲਈ ਭੇਜਿਆ ਜਾ ਰਿਹਾ ਹੈ, ਇਸ ਲਈ ਨਿਆਂ ਨੂੰ ਸੰਤੁਲਿਤ ਕਰਨ ਲਈ ਇਕ ਅੰਤਰਿਮ ਨਿਰਦੇਸ਼ ਜਾਰੀ ਕਰਨਾ ਵਾਜਬ ਸਮਝਿਆ ਜਾਂਦਾ ਹੈ। ਇਸ ਲਈ ਉਪਰੋਕਤ ਬੇਅਦਬੀ ਦੇ ਕੇਸਾਂ ਵਿਚ ਪਟੀਸ਼ਨਰ (ਗੁਰਮੀਤ ਰਾਮ ਰਹੀਮ ਸਿੰਘ) ਵਿਰੁੱਧ ਹੇਠਲੀ ਅਦਾਲਤ ਵਿਚ ਅਗਲੇਰੀ ਕਾਰਵਾਈ ਅਗਲੇ ਹੁਕਮਾਂ ਤੱਕ ਰੁਕੀ ਰਹੇਗੀ।" ਹਾਈ ਕੋਰਟ ਨੇ ਇਹ ਮਾਮਲਾ ਵਡੇਰੇ ਬੈਂਚ ਦੇ ਹਵਾਲੇ ਕਰ ਦਿੱਤਾ ਸੀ ਤਾਂ ਕਿ ਇਹ ਫੈਸਲਾ ਕੀਤਾ ਜਾ ਸਕੇ ਕਿ ਸੂਬਾ ਸਰਕਾਰ ਵੱਲੋਂ ਸੀਬੀਆਈ ਜਾਂਚ ਲਈ ਦਿੱਤੀ ਸਹਿਮਤੀ ਨੂੰ ਬਾਅਦ ਵਿਚ ਵਾਪਸ ਲਿਆ ਜਾ ਸਕਦਾ ਹੈ ਜਾਂ ਨਹੀਂ।"

ਦੱਸ ਦਈਏ ਕਿ ਫ਼ਰੀਦਕੋਟ ਜ਼ਿਲ੍ਹੇ ਦੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਵਿਚ 1 ਜੂਨ 2015 ਨੂੰ ਕੁਝ ਅਣਪਛਾਤਿਆਂ ਨੇ ਪਿੰਡ ਦੇ ਗੁਰਦੁਆਰਾ ਸਾਹਿਬ ਤੋਂ ਗੁਰੂ ਗ੍ਰੰਥ ਸਾਹਿਬ ਨੂੰ ਚੋਰੀ ਕਰ ਲਿਆ। ਉਪਰੰਤ 24 ਸਤੰਬਰ ਨੂੰ ਚੋਰੀ ਕੀਤੀ ਗਈ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੇ ਅੰਗ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਅਤੇ ਬਰਗਾੜੀ ਦੀਆਂ ਗਲੀਆਂ ਵਿਚ ਖਿਲਾਰੇ ਗਏ। ਇਸ ਤੋਂ ਬਾਅਦ 12 ਅਕਤੂਬਰ ਨੂੰ ਬੁਰਜ ਜਵਾਹਰ ਸਿੰਘ ਵਾਲਾ ਅਤੇ ਬਰਗਾੜੀ ਪਿੰਡ ਦੇ ਗੁਰਦੁਆਰਾ ਸਾਹਿਬ ਨਜ਼ਦੀਕ ਇਤਰਾਜ਼ਯੋਗ ਪੋਸਟਰ ਲਾਏ ਗਏ। ਪੁਲਿਸ ਨੇ ਇਸ ਮਾਮਲੇ ਵਿਚ ਬੇਅਦਬੀ ਦੇ ਇਲਜ਼ਾਮ ਤਹਿਤ ਤਿੰਨ ਪਰਚੇ ਦਰਜ ਕੀਤੇ, ਜਿਸ ਵਿਚ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਮੇਤ ਸੱਤ ਡੇਰਾ ਪ੍ਰੇਮੀਆਂ ਨੂੰ ਮੁਲਜ਼ਮ ਬਣਾਇਆ ਗਿਆ।

## ਡੇਰਾ ਪ੍ਰੇਮੀਆਂ ਖਿਲਾਫ ਮੁੜ ਸੁਣਵਾਈ ਦੀ ਆਸ ਬੱਝੀ

**ਚੰਡੀਗੜ੍ਹ:** ਵਿਸ਼ੇਸ਼ ਜਾਂਚ ਟੀਮ ਦੇ ਦਾਅਵਿਆਂ ਅਨੁਸਾਰ ਗੁਰੂ ਗ੍ਰੰਥ ਸਾਹਿਬ ਦੀ ਬੀੜ ਚੋਰੀ ਕਰਨ, ਬੀੜ ਦੇ ਅੰਗ ਗਲੀਆਂ ਵਿਚ ਖਿਲਾਰਨ ਅਤੇ ਇਤਰਾਜ਼ਯੋਗ ਪੋਸਟਰ ਲਾਉਣ ਦੀ ਸਾਜ਼ਿਸ਼ ਡੇਰਾ ਸੱਚਾ ਸੌਦਾ ਦੇ ਪ੍ਰੇਮੀਆਂ ਵੱਲੋਂ ਸਿਰਸੇ ਦੇ ਡੇਰੇ ਵਿਚ ਰਚੀ ਗਈ ਸੀ। ਇਸ ਕਾਂਡ ਵਿਚ ਨਾਮਜ਼ਦ ਹੁਣ ਤੱਕ ਤਿੰਨ ਡੇਰਾ ਪ੍ਰੇਮੀਆਂ ਦਾ ਕਤਲ ਹੋ ਚੁੱਕਾ ਹੈ। ਇਸੇ ਨੂੰ ਮੁੱਦਾ ਬਣਾ ਕੇ ਡੇਰਾ ਪ੍ਰੇਮੀਆਂ ਨੇ ਸੁਪਰੀਮ ਕੋਰਟ ਵਿਚ ਕੇਸ ਦਾਇਰ ਕਰਕੇ ਤਿੰਨੇ ਮੁਕੱਦਮੇ ਫ਼ਰੀਦਕੋਟ ਤੋਂ ਚੰਡੀਗੜ੍ਹ ਤਬਦੀਲ ਕਰਵਾ ਲਏ ਸਨ। ਮਾਮਲੇ ਤਬਦੀਲ ਹੋਣ ਤੋਂ ਬਾਅਦ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਇਨ੍ਹਾਂ ਮੁਕੱਦਮਿਆਂ ਦੀ ਸੁਣਵਾਈ ਉੱਪਰ ਰੋਕ ਲਾ ਦਿੱਤੀ, ਜਿਸ ਨੂੰ ਪੰਜਾਬ ਸਰਕਾਰ ਨੇ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਸੀ। ਹੁਣ ਸੁਪਰੀਮ ਕੋਰਟ ਨੇ ਹਾਈ ਕੋਰਟ ਦੇ ਮੁਕੱਦਮਿਆਂ ਦੀ ਸੁਣਵਾਈ ਉੱਪਰ ਰੋਕ ਲਾਉਣ ਵਾਲੇ ਫੈਸਲੇ ਨੂੰ ਰੱਦ ਕਰ ਦਿੱਤਾ ਹੈ, ਜਿਸ ਨਾਲ ਡੇਰਾ ਪ੍ਰੇਮੀਆਂ ਖਿਲਾਫ ਚੰਡੀਗੜ੍ਹ ਦੀ ਅਦਾਲਤ ਵਿਚ ਦੁਬਾਰਾ ਸੁਣਵਾਈ ਸ਼ੁਰੂ ਹੋਣ ਦੀ ਆਸ ਬੱਝੀ ਹੈ। ਸੁਨਾਰੀਆ ਜੇਲ੍ਹ ਵਿਚ ਵਿਸ਼ੇਸ਼ ਜਾਂਚ ਟੀਮ ਵੱਲੋਂ ਕੀਤੇ ਸਵਾਲਾਂ ਦੌਰਾਨ ਡੇਰਾ ਮੁਖੀ ਨੇ ਬੇਅਦਬੀ ਕਾਂਡ ਵਿਚ ਆਪਣੀ ਸ਼ਮੂਲੀਅਤ ਤੋਂ ਇਨਕਾਰ ਕੀਤਾ ਸੀ।




# ਅਕਾਲੀ ਦਲ ਸੁਧਾਰ ਲਹਿਰ ਨੇ ਜਗੀਰ ਕੌਰ ਨੂੰ ਉਮੀਦਵਾਰ ਐਲਾਨਿਆ

**ਜਲੰਧਰ:** ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਲਈ 28 ਅਕਤੂਬਰ ਨੂੰ ਹੋਣ ਵਾਲੀ ਚੋਣ ਲਈ ਬੀਬੀ ਜਗੀਰ ਕੌਰ ਨੂੰ ਆਪਣਾ ਉਮੀਦਵਾਰ ਐਲਾਨਿਆ ਹੈ।



ਗੁਰਦੁਆਰਾ ਪਾਤਸ਼ਾਹੀ ਨੌਵੀਂ ਗੁਰੂ ਤੇਗ ਬਹਾਦਰ ਨਗਰ ਵਿਖੇ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੇ ਆਗੂਆਂ ਦੀ ਮੀਟਿੰਗ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੇ ਕਨਵੀਨਰ ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਕਿ ਪੰਥ ਇਸ ਸਮੇਂ ਬਹੁਤ ਗੰਭੀਰ ਸੰਕਟ 'ਚੋਂ ਲੰਘ ਰਿਹਾ ਹੈ। ਇਸ ਮੌਕੇ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਕਮੇਟੀ ਲਈ ਮਜ਼ਬੂਤ ਸਿੱਖ ਸਿਧਾਂਤਾਂ ਨੂੰ ਪ੍ਰਣਾਈ ਹੋਈ ਪੰਥਕ ਸੋਚ ਵਾਲੀ ਲੀਡਰਸ਼ਿਪ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ ਮੌਜੂਦਾ ਲੀਡਰਸ਼ਿਪ ਕਮਜ਼ੋਰ ਸਾਬਤ ਹੋਈ ਹੈ ਤੇ ਉਸ ਨੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਹੱਕ ਵਿਚ ਡਟ ਕੇ ਖੜ੍ਹਨ ਦੀ ਥਾਂ ਚੁੱਪ ਰਹਿ ਕੇ ਉਸ ਧਿਰ ਦਾ ਸਾਥ ਦਿੱਤਾ ਹੈ, ਜਿਸ ਨੇ ਅਕਾਲ ਤਖ਼ਤ ਦੇ ਇਤਿਹਾਸ ਵਿਚ ਪਹਿਲੀ ਵਾਰ ਸਿੰਘ ਸਾਹਿਬਾਨ ਦੀ ਕਿਦਾਰਕੁਸ਼ੀ ਕਰਨ ਦੀ ਸਿੱਧੀ ਹਮਾਕਤ ਕੀਤੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਦਮਦਮਾ ਸਾਹਿਬ ਦੇ ਜਥੇਦਾਰ ਦੀ ਕਿਰਦਾਰਕੁਸ਼ੀ ਕਰਨ ਲਈ ਸਾਜ਼ਿਸ਼ ਰਚੀ ਗਈ ਸੀ, ਜਿਸ ਨੂੰ ਬੇਪਰਦਾ ਕੀਤਾ ਜਾਵੇਗਾ।

ਉਨ੍ਹਾਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਦਾ ਗਿਆਨੀ ਹਰਪ੍ਰੀਤ ਸਿੰਘ ਦੇ ਹੱਕ ਵਿਚ ਡਟਣ ਲਈ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਸਿੱਖ ਭਾਈਚਾਰਾ ਸਿੰਘ ਸਾਹਿਬਾਨ ਵੱਲੋਂ ਦਲੇਰੀ ਨਾਲ ਲਏ ਜਾ ਰਹੇ ਫ਼ੈਸਲਿਆਂ ਦੀ ਸ਼ਲਾਘਾ ਕਰ ਰਹੀ ਹੈ।

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
- 3 Axle Alignment $199
- Trailer Alignment $150

Grand Opening
Special Price for Truck Wash

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996
FAX: 209.982.9997
www.globalmultiservices.com info@globalmultiservices.com

REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

REGISTRATION SERVICES


ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

**Homeopathicvibes**

**Harminder Singh Gill**

Homeopathic Consultant and Practitioner



*D.H.M.S; B.C.I.H*

(Ex Homeopathic Medical officer Punjab Govt.)

**Now we have two locations:**

940 E. El Camino Real, Sunnyvale, CA 94087

39039 Paseo Padre Pkwy, Suite# 209 (upstairs), Fremont, CA 94538

We also do Virtual appointments for long distance patients.

**Ph: (408) 737-7100**

www.homeopathicvibes.com

*We sell and ship homeopathic remedies through out North America.*

# Matrimonials

## ਲੜਕੇ ਦੀ ਲੋੜ ਹੈ

Sikh Ahluwalia family looking for a suitable, well educated match for their 1986/5-5" Phd, beautiful girl. She has finished her studies in Boston, US. Serious inquiries only. Please contact us at +1 (781) 658-8952.

39-42

Jatt Sikh family seeks a suitable match for their divorced girl (no kids) 32, 5'6" tall. Working as a journalist in a prominant newspaper. Please contact: +91-70093-82989

## ਲੜਕੀ ਦੀ ਲੋੜ ਹੈ

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.

ਅਮਰੀਕਾ 'ਚ ਵੈਲ ਸੈਟਲਡ, ਗੁਰਸਿੱਖ ਪਰਿਵਾਰ ਨੂੰ ਆਪਣੇ ਪ੍ਰੋਫੈਸ਼ਨਲੀ ਕੁਆਲੀਫਾਈਡ ਅੰਮ੍ਰਿਤਧਾਰੀ, 1987 ਬੌਰਨ, ਕੱਦ 5'-11", ਅਮਰੀਕਾ ਤੋਂ ਮਾਸਟਰਜ਼ ਡਿਗਰੀ ਹੋਲਡਰ, ਸੌਫਟਵੇਅਰ ਇੰਜਨੀਅਰਿੰਗ ਪ੍ਰੋਡਕਟ ਮੈਨੇਜਰ ਦੀ ਵਧੀਆ ਜੌਬ ਕਰਦੇ, ਵੈਲ ਸੈਟਲਡ, ਸਾਨਫਰਾਂਸਿਸਕੋ, ਬੇ ਏਰੀਆ, ਕੈਲੇਫੋਰਨੀਆ (ਅਮਰੀਕਾ) 'ਚ ਆਪਣੇ ਘਰ ਦੇ ਮਾਲਕ, ਵਿਆਹ ਤੋਂ ਸਿਰਫ 4 ਮਹੀਨੇ ਵਿਚ ਇਨੋਸੈਂਟਲੀ ਡੀਵੋਰਸਡ (ਕੋਈ ਬੱਚਾ ਨਹੀਂ), ਲੜਕੇ ਲਈ ਗੁਰਸਿੱਖ, ਅੰਮ੍ਰਿਤਧਾਰੀ, ਪੜ੍ਹੀ-ਲਿਖੀ, ਸੋਹਣੀ, ਵੈਸ਼ਨੂੰ, ਪਰਿਵਾਰਕ ਲੜਕੀ ਦੀ ਲੋੜ ਹੈ। ਅਮਰੀਕਾ/ਕੈਨੇਡਾ ਦੀ ਲੜਕੀ ਨੂੰ ਪਹਿਲ ਦਿੱਤੀ ਜਾਵੇਗੀ। ਹੋਰ ਵਧੇਰੇ ਜਾਣਕਾਰੀ ਲਈ 1-510-281-7065 ਜਾਂ ਵ੍ਹਟਸਐਪ +91-98993-79442 'ਤੇ ਫੋਨ ਕਰ ਸਕਦੇ ਹੋ ਜਾਂ ਆਪਣੇ ਵੇਰਵੇ ਈਮੇਲ cjsingh55@gmail.com 'ਤੇ ਭੇਜ ਸਕਦੇ ਹੋ।

41-44

US citizen boy is looking for a suitable match. He is born on 1989, 5'-6", in Ludhiana and raised in the US. He is never married, and working as a behavioral specialist. Father is a taxi driver, and mother is a nurse. Seeking a kind-hearted, family-oriented, and educated girl. Please email at manna.suie@gmail.com or call +1 (312) 217-8849.

40-43

Jat Sikh family looking for a suitable jat Sikh girl for their US born 28' 5-11 son. The boy is mechanical engineer, well established and doing a federal job. Please contact us at : 678-517-3071 or 678-448-2202.

39-42

Jatt Sikh family residing in SF Bay area California looking for a suitable match in US/Canada/India for their US born and raised 24, 5'10" son. He has done a Bachelor degree from UCLA and Masters from UCSF in Computer Science and BioMedical Imaging. Boy wears a turban and keeps his hair. He is employed with a high salary in a reputed company in the SF Bay Area. Beyond education, girl must possess a joint family-oriented mindset with good moral family values. Please Contact ph: 510 861 6491 or email: pgrrealty@gmail.com

37-40

**ਰੈਸਟੋਰੈਂਟ ਸਟਾਫ ਦੀ ਲੋੜ ਹੈ**

ਹਿਊਸਟਨ (ਟੈਕਸਸ) ਵਿਚ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ (ਹਲਵਾਈ), ਕੁੱਕ ਅਤੇ ਹੈਲਪਰ ਦੀ ਲੋੜ ਹੈ।

ਚੰਗੀ ਤਨਖਾਹ ਅਤੇ ਰਿਹਾਇਸ਼ ਦਾ ਪ੍ਰਬੰਧ

ਸੰਪਰਕ ਕਰੋ

ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635

Corporate NMLS# 68434
AZ License# BK-0945946



Sistar Mortgage
A Nationwide Lender

Balbir (Bill) Grewal
MORTGAGE LOAN OFFICER
NMLS# 353442

Over 2 Decades of experience providing high level servicing for new and experienced borrowers!

Residential and Commercial Loans
Available In Most States!

Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org

**SUPER TRAVEL**

**847-676-9090, 773-465-5566**

*E-mail: supertravel2003@live.com*

**Lowest Fares With Excellent Service**

*United Airlines*
*British Airways*

For Emergency
Call anytime at
847-436-9010



*EARLY BIRD SALE!!!!*

*Etihad, Air India, KLM, Lufthansa, Delta, Qatar Airlines.*

Domestic fares available

ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ

**Gurdip Singh Sandhu DHMS, BAMS**

**HOMEOPATHIC NATURAL MEDICINES**

**When Tired of all Treatments, For any Disease, At any Age, Try Alternative Treatment**

Homeopathic Natural Medicines
Serving Since 1973



*Gurdip Singh Sandhu*

Homeopathic Ayurvedic Consultant/Physician Since 1973
DHMS-Gold medalist, Ex-Prof, Principal, & CMO Medical Colleges/Hospitals in India

**Ph: (408) 687-1899**
**(925) 557-9093**

Email: Homeomdicine@yahoo.com
Website: www.Homeopathyatoz.com

7021 Village Parkway, Dublin, CA 94568
Practice under provision of Act S8_577 State of CA

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
847-359-0746

# ‘ਪ੍ਰੋ. ਪਿਆਰਾ ਸਿੰਘ ਭੋਗਲ ਯਾਦਗਾਰੀ ਪੁਰਸਕਾਰ’ ਡਾ. ਸਵਰਾਜਬੀਰ ਨੂੰ ਪ੍ਰਦਾਨ

## ‘ਦੇਸ਼ ਦੀ ਅਜੋਕੀ ਸਥਿਤੀ ਵਿਚ ਪੰਜਾਬ ਦਾ ਰੋਲ’ ਵਿਸ਼ੇ ‘ਤੇ ਸੈਮੀਨਾਰ

**ਫਗਵਾੜਾ:** ਪ੍ਰੋ. ਪਿਆਰਾ ਸਿੰਘ ਭੋਗਲ ਯਾਦਗਾਰੀ ਪੁਰਸਕਾਰ ਨਾਮਵਰ ਨਾਟਕਕਾਰ, ਸ਼ਾਇਰ ਅਤੇ ਪੰਜਾਬੀ ਟ੍ਰਿਬਿਊਨ ਦੇ ਸਾਬਕਾ ਸੰਪਾਦਕ ਡਾ. ਸਵਰਾਜਬੀਰ ਸਿੰਘ ਨੂੰ ਇਥੇ ਇੱਕ ਸਮਾਗਮ ਦੌਰਾਨ ਦਿੱਤਾ ਗਿਆ। ਡਾ. ਸਵਰਾਜਬੀਰ ਨੇ ਇੱਕ ਦਰਜਨ ਤੋਂ ਵੱਧ ਨਾਟਕ, ਤਿੰਨ ਕਾਵਿ-ਸੰਗ੍ਰਹਿ ਤੇ ਲੇਖ ਪੁਸਤਕ ਪੰਜਾਬੀ ਦੀ ਝੋਲੀ ਪਾਏ। ਉਨ੍ਹਾਂ ਦੇ ਨਾਟਕ ‘ਮੱਸਿਆ ਦੀ ਰਾਤ’ ਨੂੰ ਸਾਹਿਤ ਅਕਾਡਮੀ ਐਵਾਰਡ ਮਿਲ ਚੁੱਕਾ ਹੈ। ਇਹ ਪਲੇਠਾ ਪੁਰਸਕਾਰ ਡਾ. ਸਵਰਾਜਬੀਰ ਸਿੰਘ ਦੀਆਂ ਪੰਜਾਬ, ਪੰਜਾਬੀ, ਪੰਜਾਬੀਅਤ ਪ੍ਰਤੀ ਉਘੀਆਂ ਸੇਵਾਵਾਂ ਨੂੰ ਸਨਮੁੱਖ ਰੱਖਦਿਆਂ ਦਿੱਤਾ ਗਿਆ। ਇਸ ਵਿਚ 51000 ਰੁਪਏ ਨਕਦ, ਇੱਕ ਲੋਈ, ਇੱਕ ਮੂਮੈਂਟੋ ਅਤੇ ਸਨਮਾਨ ਪੱਤਰ ਸ਼ਾਮਲ ਸਨ।

ਇਹ ਪੁਰਸਕਾਰ ਪ੍ਰੋ. ਪਿਆਰਾ ਸਿੰਘ ਭੋਗਲ ਯਾਦਗਾਰੀ ਕਮੇਟੀ, ਜਿਸ ਦੀ ਅਗਵਾਈ ਪ੍ਰੋ. ਜਸਵੰਤ ਸਿੰਘ ਗੰਡਮ ਕਰਦੇ ਹਨ, ਵਲੋਂ ਦਿੱਤਾ ਗਿਆ। ਇਹ ਜਾਣਕਾਰੀ ਦਿੰਦਿਆਂ ਕਮੇਟੀ ਦੇ ਜਨਰਲ ਸਕੱਤਰ ਪ੍ਰਿੰ. ਗੁਰਮੀਤ ਸਿੰਘ ਪਲਾਹੀ ਨੇ ਦੱਸਿਆ ਕਿ ਪ੍ਰੋ. ਪਿਆਰਾ ਸਿੰਘ ਭੋਗਲ, 92 ਸਾਲ ਦੀ ਉਮਰ ਭੋਗ ਕੇ ਸਾਨੂੰ ਵਿਛੋੜਾ ਦੇ ਗਏ ਸਨ। ਉਹ ਸਾਰੀ ਉਮਰ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਪ੍ਰਣਾਏ ਰਹੇ ਤੇ ਉਨ੍ਹਾਂ ਲਗਭਗ 60 ਦੇ ਕਰੀਬ ਪੁਸਤਕਾਂ ਲਿਖੀਆਂ।

ਪ੍ਰੋ. ਜਸਵੰਤ ਸਿੰਘ ਗੰਡਮ ਨੇ ਸਭ ਨੂੰ ਜੀਅ ਆਇਆਂ ਕਿਹਾ ਅਤੇ ਡਾ. ਲਖਵਿੰਦਰ ਸਿੰਘ ਜੌਹਲ ਨੇ ਮਾਣ ਪੱਤਰ ਪੜ੍ਹਿਆ। ਉਨ੍ਹਾਂ ਡਾ. ਸਵਰਾਜਬੀਰ ਸਿੰਘ ਦੀ ਇਸ ਗੱਲੋਂ ਪ੍ਰਸ਼ੰਸਾ ਕੀਤੀ ਕਿ ਉਨ੍ਹਾਂ ਨੇ ਪੰਜਾਬ ਦੀ ਸਲਾਮਤੀ, ਸੰਘੀ ਢਾਂਚੇ, ਮਾਂ ਬੋਲੀ ਤੇ ਖਿੱਤੇ ਦੀ ਅਜ਼ਮਤ ਨੂੰ ਕਾਇਮ ਰੱਖਿਆ ਅਤੇ ਗੁਰਬਾਣੀ ਦੀ ਪ੍ਰੰਪਰਾ ਬੁਲੰਦ ਕੀਤੀ।

ਉਨ੍ਹਾਂ ਕਿਹਾ ਕਿ ਇਸ ਵੇਲੇ ਖੇਤਰੀ ਕੌਮੀਅਤਾਂ, ਭਾਸ਼ਾਵਾਂ ਤੇ ਸੰਘਵਾਦ ਨੂੰ ਪਿਛਾਂਹ ਧਕੇਲਿਆ ਜਾ ਰਿਹਾ ਹੈ, ਜੋ ਚਿੰਤਾਜਨਕ ਵਰਤਾਰਾ ਹੈ।

ਡਾ. ਸਵਰਾਜਬੀਰ ਸਿੰਘ ਨੇ ਪ੍ਰੋ. ਪਿਆਰਾ ਸਿੰਘ ਭੋਗਲ ਦੀ ਪ੍ਰਸ਼ੰਸਾ ਕਰਦਿਆਂ ਉਨ੍ਹਾਂ ਨੂੰ ਪੰਜਾਬੀ ਤੇ ਹਿੰਦੀ ਸਾਹਿਤ ਵਿਚ ਇੱਕ ਪੁਲ ਕਰਾਰ ਦਿੱਤਾ। ‘ਦੇਸ਼ ਦੀ ਅਜੋਕੀ ਸਥਿਤੀ ਵਿਚ ਪੰਜਾਬ ਦਾ ਰੋਲ’ ਵਿਸ਼ੇ ‘ਤੇ ਉਨ੍ਹਾਂ ਕਿਹਾ ਕਿ ਅਸੀਂ ਆਪਣੇ ਆਪ ਨੂੰ ਨਿਰਾਸ਼ਾ ਦੀ ਖੱਡ ‘ਚ ਨਹੀਂ ਡਿੱਗਣ ਦੇ ਸਕਦੇ। ਪੰਜਾਬ ਦੀ ਵਿਲੱਖਣ ਭੂਗੋਲਿਕ ਸਥਿਤੀ ਅਤੇ ਕੁਝ ਹੋਰ ਵਰਤਾਰਿਆਂ ਕਾਰਨ ਪੰਜਾਬੀਆਂ ਵਿਚ ਨਾਬਰੀ ਦੀ ਭਾਵਨਾ ਪ੍ਰਬਲ ਰਹੀ ਹੈ। ਉਨ੍ਹਾਂ ਨੇ ਵੱਖ-ਵੱਖ ਸਮਾਜਿਕ, ਧਾਰਮਿਕ ਅਤੇ ਸਿਆਸੀ ਲਹਿਰਾਂ ਦੇ ਹਵਾਲੇ ਦਿੱਤੇ। ਉਨ੍ਹਾਂ ਕਿਹਾ, “ਭਾਰਤ ਦੀ ਅਜੋਕੀ ਸਿਆਸੀ ਸਥਿਤੀ ਵਿਚ ਕੇਂਦਰ ਸਰਕਾਰ ਕੁਝ ਸੂਬਿਆਂ ‘ਤੇ ਹਾਵੀ ਹੋ ਕੇ ਆਪਣੀ ਸਿਆਸਤ ਵੱਲ ਸਾਰੇ ਦੇਸ਼ ਦੀ ਨੁਹਾਰ ਇੱਕ ਖਾਸ ਪਾਸੇ ਵੱਲ ਮੋੜਨਾ ਚਾਹੁੰਦੀ ਹੈ। ਪਰ ਅਜਿਹਾ ਕਦੀ ਵੀ ਨਹੀਂ ਹੋ ਸਕਦਾ, ਕਿਉਂਕਿ ਦੇਸ਼ ਇੱਕਸਾਰ ਤੇ ਇੱਕ ਰੰਗ ‘ਚ ਨਹੀਂ ਵੇਖਿਆ ਜਾ ਸਕਦਾ”।

2021 ਵਾਲੇ ਕਿਸਾਨ ਅੰਦੋਲਨ ਦੀ ਪ੍ਰਸ਼ੰਸਾ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਅੰਦੋਲਨ ਨੇ ਸਦੀ ਦੇ ਸਭ ਤੋਂ ਉਦਾਸ ਸਮਿਆਂ ਵਿੱਚੋਂ ਲੋਕਾਂ ਨੂੰ ਬਾਹਰ ਕੱਢਿਆ। ਉਨ੍ਹਾਂ ਦਾਅਵਾ ਕੀਤਾ ਕਿ ਆਉਣ ਵਾਲੇ ਸਮਿਆਂ ਵਿਚ ਵੀ ਕਿਸਾਨ ਅਹਿਮ ਭੂਮਿਕਾ ਨਿਭਾਉਣਗੇ ਅਤੇ ਕਿਸਾਨ, ਕਿਰਤੀ, ਦਲਿਤ, ਕਾਰੀਗਰ ਇਕੱਠੇ ਹੋ ਕੇ ਵੱਖਵਾਦੀ ਨਿਜ਼ਾਮ ਨਾਲ ਲੋਹਾ ਲੈ ਸਕਣ ਦੇ ਸਮਰੱਥ ਹੋਣਗੇ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਇਤਿਹਾਸ ਹੀਣਤਾ ਕਰਨ ਦੇ ਉਪਰਾਲੇ ਹੋ ਰਹੇ ਹਨ। ਇਸ ਵੇਲੇ ਖਿਲਾਅ ਹੈ ਅਤੇ ਜਿਸ “ਆਪ” ਨੂੰ ਤੀਜੀ ਧਿਰ ਵਜੋਂ ਪੰਜਾਬ ਨੇ ਬਦਲ ਵਜੋਂ ਅੱਗੇ ਲਿਆਂਦਾ, ਉਸਦਾ ਬਾਹਰੀ ਖੋਲ ਤਾਂ ਆਦਰਸ਼ਕ ਸੀ, ਪਰ ਅੰਦਰੋਂ ਉਹ ਖੋਖਲਾ ਸਾਬਤ ਹੋਇਆ।

ਸੀਨੀਅਰ ਪੱਤਰਕਾਰ ਤੇ ਪੰਜਾਬ ਪ੍ਰੈਸ ਕਲੱਬ ਜਲੰਧਰ ਦੇ ਪ੍ਰਧਾਨ ਸਤਨਾਮ ਸਿੰਘ ਮਾਣਕ ਨੇ ਕਿਹਾ ਕਿ 1947 ‘ਚ ਦੇਸ਼ ਦੀ ਦੋ ਕੌਮਾਂ ਦੇ ਸਿਧਾਂਤ ਤਹਿਤ ਕੀਤੀ ਗਈ ਵੰਡ, ਇਤਿਹਾਸ ਦੀ ਸਭ ਤੋਂ ਵੱਡੀ ਗਲਤੀ ਸੀ। ਇਸ ਬਦਨਾਮ ਦੋ ਕੌਮੀ ਥਿਊਰੀ ਨੂੰ 2014 ਤੋਂ ਮੁੜ ਲਾਗੂ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਅਜਿਹੇ ਮਨਸੂਬਿਆਂ ਨੂੰ ਅਸਫਲ ਕਰਨ ਅਤੇ ਫਿਰਕੂ ਤਾਕਤਾਂ ਦਾ ਮੁਕਾਬਲਾ ਕਰਨ ਲਈ ਬੁੱਧੀਜੀਵੀਆਂ ਦਾ ਇੱਕ ‘ਥਿੰਕ ਟੈਂਕ’ ਬਣਾਇਆ ਜਾਵੇ ਤੇ ਕੌਮੀ ਪੱਧਰ ‘ਤੇ ਸਾਂਝੇ ਯਤਨ ਹੋਣ ਤਾਂ ਕਿ ਇਸ ਦੋ ਕੌਮੀ ਥਿਊਰੀ ਦਾ ਵਿਰੋਧ ਕਰ ਸਕੀਏ ਤੇ ਸਾਂਝੀਵਾਲਤਾ ਤੇ ਸਰਬੱਤ ਦੇ ਭਲੇ ਦੇ ਸਿਧਾਂਤ ‘ਤੇ ਚੱਲ ਸਕੀਏ। ਉਨ੍ਹਾਂ ਇਸ ਗੱਲ ‘ਤੇ ਅਫ਼ਸੋਸ ਪ੍ਰਗਟ ਕੀਤਾ ਕਿ ਸ਼੍ਰੋਮਣੀ ਅਕਾਲੀ ਦਲ ਵਰਗੀਆਂ ਖੇਤਰੀ ਪਾਰਟੀਆਂ ਵੀ ਖੇਤਰੀ ਸਰੋਕਾਰ ਛੱਡ ਗਈਆਂ, ਜਿਸ ਕਾਰਨ ਉਨ੍ਹਾਂ ਦੀ ਆਪਣੀ ਹੋਂਦ ਨੂੰ ਵੀ ਖ਼ਤਰਾ ਪੈਦਾ ਹੋ ਗਿਆ। ਉਨ੍ਹਾਂ ਨੇ ਪੰਜਾਬ ਜਾਗਰਤੀ ਮੰਚ ਦੇ ਝੰਡੇ ਥੱਲੇ ਪ੍ਰੋ. ਭੋਗਲ ਨਾਲ ਕੰਮ ਕਰਨ ਦੀਆਂ ਯਾਦਾਂ ਵਿਸਥਾਰ ਨਾਲ ਸਾਂਝੀਆਂ ਕੀਤੀਆਂ।

ਸੀਨੀਅਰ ਖੱਬੇ ਪੱਖੀ ਆਗੂ ਮੰਗਤ ਰਾਮ ਪਾਸਲਾ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਉਨ੍ਹਾਂ ਕਿਹਾ ਕਿ ਇਸ ਸਮੇਂ ਚਿੰਤਾ ਅਤੇ ਚਿੰਤਨ ਕਰਨ ਦੀ ਲੋੜ ਹੈ। ਸਟੇਜ ਦੀ ਕਾਰਵਾਈ ਪ੍ਰਿੰ. ਗੁਰਮੀਤ ਸਿੰਘ ਪਲਾਹੀ ਨੇ ਨਿਭਾਈ। ਪ੍ਰੋ. ਪਿਆਰਾ ਸਿੰਘ ਭੋਗਲ ਦੇ ਪਰਿਵਾਰ ਵਲੋਂ ਡਾ. ਗੁਲਜ਼ਾਰ ਸਿੰਘ ਵਿਰਦੀ ਨੇ ਧੰਨਵਾਦ ਕੀਤਾ। ਹੋਰਨਾਂ ਤੋਂ ਬਿਨਾਂ ਪ੍ਰੋ. ਪਿਆਰਾ ਸਿੰਘ ਭੋਗਲ ਦੀ ਪੁੱਤਰੀ ਦੀਪ ਭੋਗਲ ਅਤੇ ਦੋਹਤਰੀ ਡਾ. ਹਰਲੀਨ ਕੌਰ ਵਾਲੀਆ ਅਤੇ ਉਨ੍ਹਾਂ ਦੇ ਪਤੀ ਕਰਨਜੀਤ ਸਿੰਘ ਵਾਲੀਆ, ਰਵਿੰਦਰ ਚੋਟ, ਐਡਵੋਕੇਟ ਐਸ.ਐਲ. ਵਿਰਦੀ, ਪਰਵਿੰਦਰਜੀਤ ਸਿੰਘ, ਕਲਮੇਸ਼ ਸੰਧੂ, ਬਲਦੇਵ ਰਾਜ ਕੋਮਲ, ਗਿਆਨ ਸਿੰਘ ਮੋਗਾ, ਹਰਜਿੰਦਰ ਨਿਆਣਾ, ਆਦਿ ਹਾਜ਼ਰ ਸਨ।




*ਪ੍ਰੋ. ਪਿਆਰਾ ਸਿੰਘ ਭੋਗਲ ਯਾਦਗਾਰੀ ਪੁਰਸਕਾਰ ਡਾ. ਸਵਰਾਜਬੀਰ ਸਿੰਘ ਨੂੰ ਭੇਟ ਕਰਦੇ ਹੋਏ ਸਤਨਾਮ ਸਿੰਘ ਮਾਣਕ, ਡਾ. ਲਖਵਿੰਦਰ ਸਿੰਘ ਜੌਹਲ, ਮੰਗਤ ਰਾਮ ਪਾਸਲਾ, ਪ੍ਰੋ. ਜਸਵੰਤ ਸਿੰਘ ਗੰਡਮ, ਪ੍ਰਿੰ. ਗੁਰਮੀਤ ਸਿੰਘ ਪਲਾਹੀ, ਡਾ. ਗੁਲਜ਼ਾਰ ਸਿੰਘ ਵਿਰਦੀ, ਦੀਪ ਭੋਗਲ, ਡਾ. ਹਰਲੀਨ ਕੌਰ ਵਾਲੀਆ ਅਤੇ ਕਰਨਜੀਤ ਸਿੰਘ ਵਾਲੀਆ।*

# ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਦੋ ਪੁਸਤਕਾਂ ਰਿਲੀਜ਼ ਅਤੇ ਪੱਤਰਕਾਰ ਅਵਤਾਰ ਸਿੰਘ ਸ਼ੇਰਗਿੱਲ ਦਾ ਸਨਮਾਨ

**ਸਰੀ:** ਬੀਤੇ ਦਿਨੀਂ ਕੇਂਦਰੀ ਪੰਜਾਬੀ ਲੇਖਕ ਸਭਾ ਉੱਤਰੀ ਅਮਰੀਕਾ ਦੀ ਮਾਸਿਕ ਬੈਠਕ ਸੀਨੀਅਰ ਸੈਂਟਰ ਸਰੀ ਵਿਖੇ ਹੋਈ ਜਿਸ ਵਿੱਚ ਦੋ ਲੇਖਕਾਂ ਦੀਆਂ ਪੁਸਤਕਾਂ ਰਿਲੀਜ਼ ਕੀਤੀਆਂ ਗਈਆਂ। ਸਮਾਗਮ ਦੀ ਪ੍ਰਧਾਨਗੀ ਪ੍ਰਧਾਨ ਪ੍ਰਿਤਪਾਲ ਗਿੱਲ ਵੱਲੋਂ ਅਤੇ ਸਟੇਜ ਦੀ ਕਾਰਵਾਈ ਸਹਾਇਕ ਸਕੱਤਰ ਦਰਸ਼ਨ ਸੰਘਾ ਵੱਲੋਂ ਕੀਤੀ ਗਈ। ਪ੍ਰਧਾਨਗੀ ਮੰਡਲ ਵਿਚ ਪ੍ਰਿਤਪਾਲ ਗਿੱਲ, ਸਹਾਇਕ ਸਕੱਤਰ ਦਰਸ਼ਨ ਸੰਘਾ, ਲੇਖਿਕਾ ਕੁਲਵਿੰਦਰ ਕੌਰ ਥਰਾਜ, ਲੇਖਕ ਜਿਲੇ ਸਿੰਘ ਅਤੇ ਪੰਜਾਬ ਤੋਂ ਆਏ ਪੱਤਰਕਾਰ ਸ: ਅਵਤਾਰ ਸਿੰਘ ਸ਼ੇਰਗਿੱਲ ਸੁਸ਼ੋਭਿਤ ਹੋਏ। ਸ਼ੋਕ ਮਤੇ ਵਿਚ ਉੱਘੇ ਦਾਨੀ ਉਦਯੋਗਪਤੀ ਰਤਨ ਟਾਟਾ ਨੂੰ ਸਭਾ ਵੱਲੋਂ ਸ਼ਰਧਾਂਜਲੀ ਦਿੱਤੀ ਗਈ।

ਕੁਝ ਬੁਲਾਰਿਆਂ ਤੋਂ ਬਾਅਦ ਲੇਖਕ ਜਿਲੇ ਸਿੰਘ ਦੀ ਅੰਗਰੇਜ਼ੀ ਦੀ ਪੁਸਤਕ “Truths of life” ਉਪਰ ਪ੍ਰਿਤਪਾਲ ਗਿੱਲ, ਸ. ਅਮਰ ਢਾਨੀ, ਡਾ. ਪ੍ਰਿਥੀਪਾਲ ਸਿੰਘ ਸੋਹੀ, ਪ੍ਰੋ. ਕਸ਼ਮੀਰਾ ਸਿੰਘ, ਇੰਦਰਜੀਤ ਸਿੰਘ ਧਾਮੀ, ਕੁਲਵਿੰਦਰ ਚਾਂਦ, ਅਮਰੀਕ ਪਲਾਹੀ ਅਤੇ ਲੇਖਿਕਾ ਕੁਲਵਿੰਦਰ ਕੌਰ ਥਰਾਜ ਦੀ ਪੁਸਤਕ “ਤੂੰ ਮੈਨੂੰ ਮੈਂ ਹੀ ਰਹਿਣ ਦੇ” ਉਪਰ ਪ੍ਰਿਤਪਾਲ ਗਿੱਲ, ਪ੍ਰੋ. ਹਰਿੰਦਰ ਕੌਰ ਸੋਹੀ ਨੇ ਪਰਚੇ ਪੜ੍ਹੇ। ਲੇਖਕ ਜਿਲੇ ਸਿੰਘ ਅਤੇ ਕਵਿੱਤਰੀ ਕੁਲਵਿੰਦਰ ਕੌਰ ਥਰਾਜ, ਵੱਲੋਂ ਆਪਣੀਆਂ ਪੁਸਤਕਾਂ ਬਾਰੇ ਸੰਖੇਪ ਜਾਣਕਾਰੀ ਦਿੱਤੀ ਗਈ।

ਉਪਰੰਤ ਪ੍ਰਧਾਨਗੀ ਮੰਡਲ, ਸਰੋਤਿਆਂ ਦੀ ਭਰਪੂਰ ਹਾਜ਼ਰੀ ਵਿਚ ਦੋਨਾਂ ਲੇਖਕਾਂ ਦੀਆਂ ਪੁਸਤਕਾਂ ਦਾ ਲੋਕ ਅਰਪਣ ਕੀਤਾ ਗਿਆ। ਕਵੀ ਦਰਬਾਰ ਵਿਚ ਸਭਾ ਦੇ ਮੈਂਬਰਾਂ, ਸਥਾਨਕ ਲੇਖਕਾਂ ਅਤੇ ਆਏ ਮਹਿਮਾਨਾਂ ਨੇ ਆਪਣੀਆਂ ਰਚਨਾਵਾਂ ਸਾਂਝੀਆਂ ਕੀਤੀਆਂ। ਸਭਾ ਵੱਲੋਂ ਕਵਿੱਤਰੀ ਕੁਲਵਿੰਦਰ ਕੌਰ ਥਰਾਜ, ਲੇਖਕ ਜਿਲੇ ਸਿੰਘ ਅਤੇ ਪੰਜਾਬ ਤੋਂ ਆਏ ਪੱਤਰਕਾਰ ਅਵਤਾਰ ਸਿੰਘ ਸ਼ੇਰਗਿੱਲ ਨੂੰ ਸਨਮਾਨਿਤ ਕੀਤਾ ਗਿਆ।

ਕਵੀ ਦਰਬਾਰ ਅਤੇ ਸਰੋਤਿਆਂ ਦੀ ਹਾਜ਼ਰੀ ਵਿਚ ਬੋਰਡ ਮੈਂਬਰ ਪ੍ਰਧਾਨ ਪ੍ਰਿਤਪਾਲ ਗਿੱਲ, ਮੀਤ ਪ੍ਰਧਾਨ ਸੁਰਜੀਤ ਸਿੰਘ ਮਾਧੋਪੁਰੀ, ਦਰਸ਼ਨ ਸੰਘਾ, ਅਮਰੀਕ ਸਿੰਘ ਲੇਲ੍ਹ, ਹਰਸ਼ਰਨ ਕੌਰ, ਡਾ: ਪ੍ਰਿਥੀਪਾਲ ਸਿੰਘ ਸੋਹੀ, ਗੁਰਮੀਤ ਸਿੰਘ ਸਿੱਧੂ, ਸੁੱਚਾ ਸਿੰਘ ਕਲੇਰ, ਸੁਰਜੀਤ ਸਿੰਘ ਬਾਠ, ਜਸਵਿੰਦਰ ਕੌਰ ਬਾਠ, ਪੰਜਾਬ ਤੋਂ ਆਏ ਪੱਤਰਕਾਰ ਸ. ਅਵਤਾਰ ਸਿੰਘ ਸ਼ੇਰਗਿੱਲ, ਅਮਰ ਢਾਨੀ, ਚਮਕੌਰ ਸਿੰਘ ਸੇਖੋਂ, ਹਰਿੰਦਰ ਕੌਰ ਸੋਹੀ, ਤਰਲੋਚਨ ਸਿੰਘ (ਤਰਨ -ਤਾਰਨ), ਸੋਹਣ ਸਿੰਘ ਜੌਹਲ, ਬੇਅੰਤ ਸਿੰਘ ਢਿੱਲੋਂ, ਕੈਪਟਨ ਜੀਤ ਮਹਿਰਾ, ਰਾਜਦੀਪ ਸਿੰਘ ਤੂਰ, ਗਿਆਨ ਸਿੰਘ ਕੋਟਲੀ, ਸੁਖਵੀਰ ਕੌਰ, ਨਰਿੰਦਰ ਬਾਹੀਆ, ਅਜਾਇਬ ਸਿੰਘ ਜੌਹਲ, ਮਲਕੀਤ ਸਿੰਘ ਖੰਗੂੜਾ, ਤਰਲੋਕ ਸਿੰਘ ਬਸਰਾ, ਗੋਡਾ ਸਿੰਘ ਬਾਹੀਆ ਆਦਿ ਨੇ ਸ਼ਿਰਕਤ ਕੀਤੀ।

ਸਭਾ ਵੱਲੋਂ ਆਰਥਿਕ ਸਹਾਇਤਾ ਲਈ ਸੁਰਜੀਤ ਸਿੰਘ ਬਾਠ ਅਤੇ ਉਨ੍ਹਾਂ ਦੀ ਪਤਨੀ ਜਸਵਿੰਦਰ ਕੌਰ ਦਾ ਧੰਨਵਾਦ ਕੀਤਾ ਗਿਆ। ਅੰਤ ਵਿਚ ਪ੍ਰਧਾਨ ਪ੍ਰਿਤਪਾਲ ਗਿੱਲ ਨੇ ਸਮਾਗਮ ਨੂੰ ਆਪਣੇ ਵਡਮੁੱਲੇ ਸ਼ਬਦਾਂ ਨਾਲ ਸਮੇਟਿਆ।

**ਰਿਪੋਰਟ: ਰੁਪਿੰਦਰ ਖਹਿਰਾ ਰੂਪੀ**




# ਸੁਰਿੰਦਰ ਗੀਤ ਦੀਆਂ ਕਹਾਣੀਆਂ ਦਾ ਅੰਗਰੇਜ਼ੀ ਅਨੁਵਾਦ ਲੋਕ ਅਰਪਣ

**ਨਵੀਂ ਦਿੱਲੀ:** ਕੈਨੇਡਾ ਵਸਦੀ ਨਾਮਵਰ ਸ਼ਾਇਰਾ ਅਤੇ ਲੇਖਿਕਾ ਸੁਰਿੰਦਰ ਗੀਤ ਦੇ ਪੰਜਾਬੀ ਕਹਾਣੀ ਸੰਗ੍ਰਹਿ ‘ਤੋਹਫ਼ਾ’ ਦਾ ਪ੍ਰੋ. ਪਰਮਜੀਤ ਰੋਮਾਣਾ ਵਲੋਂ ਕੀਤਾ ਅੰਗਰੇਜ਼ੀ ਅਨੁਵਾਦ ਅਤੇ ਐਲ. ਜੀ. ਪਬਲਿਸ਼ਰਜ਼ ਦਿੱਲੀ ਤੋਂ ਪ੍ਰਕਾਸ਼ਿਤ ‘ਤੋਹਫ਼ਾ’ ਐਂਡ ਅਦਰ ਸਟੋਰੀਜ਼’ ਦਾ ਲੋਕ ਅਰਪਣ ਅੰਗਰੇਜ਼ੀ ਵਿਭਾਗ ਵਿਚ ਪ੍ਰੋ. ਅਨਿਲ ਅਨੇਜਾ, ਪ੍ਰੋ. ਰਾਜ ਕੁਮਾਰ, ਬਲਬੀਰ ਮਾਧੋਪੁਰੀ ਤੇ ਖੁਦ ਸੁਰਿੰਦਰ ਗੀਤ ਨੇ ਕੀਤਾ।

ਇਸ ਮੌਕੇ ਪ੍ਰੋ. ਅਨੇਜਾ ਨੇ ਆਖਿਆ ਕਿ ਇਨ੍ਹਾਂ ਕਹਾਣੀਆਂ ਦਾ ਕਥਾਨਕ ਭਾਰਤ- ਪੰਜਾਬ ਤੋਂ ਲੈ ਕੇ ਪੱਛਮੀ ਦੇਸ਼ਾਂ, ਖਾਸ ਤੌਰ ‘ਤੇ ਕੈਨੇਡਾ-ਅਮਰੀਕਾ ਤਕ ਫੈਲਿਆ ਹੋਇਆ ਹੈ। ਉਨ੍ਹਾਂ ਨੇ ‘ਵਾਰਮ ਵਾਟਰ’, ‘ਕਜ਼ਨਜ਼: ਆਰ ਨਾਟ ਥੀਵਜ਼’, ‘ਦਿ ਗਿਫਟ’ ਦਾ ਖਾਸ ਜ਼ਿਕਰ ਕੀਤਾ। ਪ੍ਰੋ. ਰਾਜ ਕੁਮਾਰ ਨੇ ਕਿਤਾਬ ‘ਤੇ ਵਿਸ਼ਲੇਸ਼ਣਾਤਮਕ ਪਰਚਾ ਪੜ੍ਹਿਆ। ਬਲਬੀਰ ਮਾਧੋਪੁਰੀ ਨੇ ‘ਦਿ ਗਿਫਟ ਐਂਡ ਅਦਰ ਸਟੋਰੀਜ਼’ ਦੇ ਨਾਲ-ਨਾਲ ਇਸ ਕਿਤਾਬ ਤੋਂ ਬਾਹਰ ਮੈਗਜ਼ੀਨਾਂ ਵਿਚ ਛਪੀਆਂ ਕਹਾਣੀਆਂ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਕੈਨੇਡਾ ਦੇ ਰੈੱਡਇੰਡੀਅਨ ਅਤੇ ਭਾਰਤ ਦੇ ਮੂਲ ਨਿਵਾਸੀਆਂ ਦੀ ਸਰੀਰਕ ਬਣਤਰ, ਨੱਕ, ਮੂੰਹ, ਅੱਖਾਂ, ਦੰਦ ਤੇ ਸਮੁੱਚੇ ਨਕਸ਼ ਮਿਲਦੇ ਜੁਲਦੇ ਹਨ। ਲੇਖਿਕਾ ਸੁਰਿੰਦਰ ਗੀਤ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਆਖਿਆ ਕਿ ਕਹਾਣੀਆਂ ਨੂੰ ਸਮਾਜਿਕ ਯਥਾਰਥ ਦੇ ਨੇੜੇ, ਡਾਇਸਪੋਰਿਕ ਤੇ ਬਾਇਓਗ੍ਰਾਫਿਕ ਤੱਤਾਂ-ਤੱਥਾਂ ਅਤੇ ਮਾਨਵਵਾਦੀ ਪਹੁੰਚ ਦੀ ਦੱਸ ਪਾਉਂਦੀਆਂ, ਐਲਾਨੇ ਜਾਣ ਨਾਲ ਉਸ ਦਾ ਹੌਸਲਾ ਹੋਰ ਬੁਲੰਦ ਹੋਇਆ ਹੈ।

ਮੰਚ ਸੰਚਾਲਨ ਡਾ. ਸੁਕੰਨਿਆ ਟਿਕਾਕਾਰ ਨੇ ਖੂਬਸੂਰਤ ਅੰਦਾਜ਼ ਵਿਚ ਕੀਤਾ। ਪ੍ਰੋਗਰਾਮ ਦੇ ਸ਼ੁਰੂ ਵਿਚ ਡਾ. ਸੁਪਰੀਆ ਨੇ ਸੁਰਿੰਦਰ ਗੀਤ ਦਾ ਫੁੱਲਾਂ ਨਾਲ ਸਵਾਗਤ ਕੀਤਾ। ਇਸ ਗੋਸ਼ਟੀ ਵਿਚ ਵੱਡੀ ਗਿਣਤੀ ਵਿਦਿਆਰਥੀ ਤੇ ਖੋਜਾਰਥੀ ਸ਼ਾਮਲ ਹੋਏ।



# ਬਿਸ਼ਨੋਈ ਤੇ ਬੰਬੀਹਾ ਗਰੋਹਾਂ ਨਾਲ ਜੁੜੇ ਗੈਂਗਸਟਰ ਕਾਬੂ

**ਚੰਡੀਗੜ੍ਹ:** ਪੰਜਾਬ ਪੁਲਿਸ ਨੇ ਇਕ ਅਹਿਮ ਕਾਰਵਾਈ ਕਰਦਿਆਂ ਬੰਬੀਹਾ ਗਰੋਹ ਨਾਲ ਜੁੜੇ ਹੋਏ ਲੱਕੀ ਪਟਿਆਲ ਅਤੇ ਲਾਰੈਂਸ ਬਿਸ਼ਨੋਈ ਗਰੋਹ ਨਾਲ ਜੁੜੇ ਹੋਏ ਮਨੀ ਭਿੰਡਰ ਦੇ ਗੈਂਗਸਟਰਾਂ ਨੂੰ ਹਥਿਆਰਾਂ ਸਮੇਤ ਕਾਬੂ ਕਰਨ ਦਾ ਦਾਅਵਾ ਕੀਤਾ ਹੈ। ਇਹ ਜਾਣਕਾਰੀ ਪੰਜਾਬ ਪੁਲਿਸ ਨੇ ਡੀ.ਜੀ.ਪੀ. ਪੰਜਾਬ ਦੇ ਅਧਿਕਾਰਤ ‘ਐਕਸ’ ਅਕਾਊਂਟ ਉਤੇ ਪਾਈ ਇਕ ਪੋਸਟ ਰਾਹੀਂ ਦਿੱਤੀ ਹੈ।

ਇਸ ਟਵੀਟ ਵਿਚ ਕਿਹਾ ਗਿਆ ਹੈ ਕਿ ਮੋਗਾ ਪੁਲਿਸ ਨੇ ਇਕ ਅਹਿਮ ਪ੍ਰਾਪਤੀ ਕਰਦਿਆਂ ਵਿਦੇਸ਼ ਰਹਿੰਦੇ ਲੱਕੀ ਪਟਿਆਲ, ਜੋ ਬੰਬੀਹਾ ਗੈਂਗ ਨਾਲ ਜੁੜਿਆ ਹੋਇਆ ਹੈ, ਦੇ ਇਕ ਸਹਾਇਕ ਨੂੰ 3 ਨਾਜਾਇਜ਼ ਹਥਿਆਰਾਂ ਸਮੇਤ ਗ੍ਰਿਫ਼ਤਾਰ ਕੀਤਾ ਹੈ, ਜਦੋਂਕਿ ਲਾਰੈਂਸ ਬਿਸ਼ਨੋਈ ਗਰੋਹ ਨਾਲ ਜੁੜੇ ਹੋਏ ਮਨਪ੍ਰੀਤ ਸਿੰਘ ਉਰਫ ਮਨੀ ਭਿੰਡਰ ਦੇ ਤਿੰਨ ਸਹਾਇਕਾਂ ਨੂੰ ਤਿੰਨ ਨਾਜਾਇਜ਼ ਹਥਿਆਰਾਂ ਸਮੇਤ ਗ੍ਰਿਫ਼ਤਾਰ ਕੀਤਾ ਹੈ। ਦੋ ਗਰੋਹਾਂ ਦੇ ਕੁੱਲ ਚਾਰ ਗੈਂਗਸਟਰਾਂ ਨੂੰ 6 ਨਾਜਾਇਜ਼ ਹਥਿਆਰਾਂ ਸਮੇਤ ਕਾਬੂ ਕੀਤਾ ਗਿਆ ਹੈ। ਇਹ ਮੁਲਜ਼ਮ ਮੋਗਾ ਵਿਚ ਜਬਰੀ ਵਸੂਲੀ ਲਈ ਇਕ ਕਾਰੋਬਾਰੀ ਨੂੰ ਨਿਸ਼ਾਨਾ ਬਣਾਉਣ ਦੇ ਮਨਸੂਬੇ ਬਣਾ ਰਹੇ ਸਨ। ਇਸ ਸਬੰਧੀ ਦੋ ਐਫ.ਆਈ.ਆਰਜ਼. ਦਰਜ ਕਰ ਕੇ ਉਨ੍ਹਾਂ ਦੇ ਪਿਛਲੇ ਤੇ ਅਗਲੇਰੇ ਸਬੰਧਾਂ ਦਾ ਪਤਾ ਲਾਉਣ ਲਈ ਜਾਂਚ ਕੀਤੀ ਜਾ ਰਹੀ ਹੈ।

ਪੰਜਾਬ ਪੁਲਿਸ ਨੇ ਆਪਣੀ ਪੋਸਟ ਵਿਚ ਇਹ ਵੀ ਕਿਹਾ ਹੈ ਕਿ ਖ਼ਿੱਤੇ ਵਿਚ ਸਨਸਨੀਖ਼ੇਜ਼ ਜੁਰਮ ਨੂੰ ਸਫਲਤਾ ਪੂਰਬਕ ਰੋਕ ਕੇ ਪੰਜਾਬ ਪੁਲਿਸ ਅਮਨ ਤੇ ਸਦਭਾਵਨਾ ਬਣਾਈ ਰੱਖਣ ਵਾਸਤੇ ਜਥੇਬੰਦ ਅਪਰਾਧ ਨੈਟਵਰਕ ਨੂੰ ਤੋੜਨ ਲਈ ਪੂਰੀ ਤਰ੍ਹਾਂ ਸਮਰਪਿਤ ਹੈ।

# ਮੱਖਣ ਸਿੰਘ ਬੈਂਸ ਤੇ ਰਵਿੰਦਰ ਸਿੰਘ ਵਲੋਂ 'ਪੰਜਾਬ ਟਾਈਮਜ਼' ਦੇ ਪਾਠਕਾਂ ਨੂੰ ਬੰਦੀ ਛੋੜ ਦਿਹਾੜੇ ਤੇ ਦੀਵਾਲੀ ਦੀਆਂ ਲੱਖ ਲੱਖ ਮੁਬਾਰਕਾਂ !



ਮੱਖਣ ਸਿੰਘ ਬੈਂਸ ਤੇ ਰਵਿੰਦਰ ਸਿੰਘ

**Raja™ SWEETS & CATERING®**

AUTHORIZED CATERER FOR MAJOR 5-STAR HOTELS

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Follow us on:

Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

**Fresh Sweets, Snacks & Food**
**Catering with Portable Tandoor for up to 10000 guests**
**Lunch - Dinner - Take Out - Banquets**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

**Services Include**
- Catering
- Silverware
- Chinaware
- Decorated Hall
- Linen
- Several Bar Options
- Security
- Wait Staff
- Full Setup Including table cloth, napkins, chairs etc.

**Paradise Ballrooms**
4100 Peralta Blvd. Fremont, CA 94536
(510) 900-6319
info@paradiseballrooms.com
www.paradiseballrooms.com

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Managing Editor**
Jaspreet Kaur
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura

**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**


The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਨਕਸਲੀ ਆਗੂ ਜਗਜੀਤ ਸਿੰਘ ਸੋਹਲ ਦਾ ਦੇਹਾਂਤ

**ਪਟਿਆਲਾ:** ਪੰਜਾਬ ਦੇ ਉੱਘੇ ਨਕਸਲੀ ਆਗੂ, ਸੀ.ਪੀ.ਆਈ. (ਐਮ.ਐਲ.) ਦੀ ਪਹਿਲੀ ਕੇਂਦਰੀ ਕਮੇਟੀ ਦੇ ਮੈਂਬਰ ਅਤੇ ਸੀ.ਓ.ਸੀ. ਸੀ.ਪੀ.ਆਈ. (ਐਮ.ਐਲ.) ਜਿਸ ਨੂੰ ਪੰਜਾਬ ਵਿਚ ਚਾਰੂ ਗਰੁੱਪ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਸੀ, ਦੇ ਸੂਬਾ ਸਕੱਤਰ ਅਤੇ ਬਾਅਦ ਵਿੱਚ ਜਨਰਲ ਸਕੱਤਰ ਰਹੇ ਕਾਮਰੇਡ ਜਗਜੀਤ ਸਿੰਘ ਸੋਹਲ ਉਰਫ਼ ਕਾਮਰੇਡ ਸ਼ਰਮਾ ਦਾ ਲੰਘੇ ਐਤਵਾਰ ਦੇਹਾਂਤ ਹੋ ਗਿਆ। ਪਟਿਆਲਾ ਵਿਚ ਸੋਮਵਾਰ ਨੂੰ ਉਨ੍ਹਾਂ ਦੇ ਅੰਤਮ ਸੰਸਕਾਰ ਮੌਕੇ ਉਨ੍ਹਾਂ ਦੀ ਦੇਹ ਉਤੇ ਵੱਖ-ਵੱਖ ਜਥੇਬੰਦੀਆਂ ਤੇ ਪਾਰਟੀਆਂ ਨੇ ਆਪਣੇ ਝੰਡੇ ਅਤੇ ਹਾਰ ਪਾ ਕੇ ਕਾਮਰੇਡ ਸੋਹਲ ਨੂੰ ਸ਼ਰਧਾਂਜਲੀ ਭੇਂਟ ਕੀਤੀ। ਕਾਮਰੇਡ ਸੋਹਲ ਨਕਸਲਬਾੜੀ ਲਹਿਰ ਦੇ ਸਮੇਂ ਤੋਂ ਹੀ ਗੁਪਤਵਾਸ ਜੀਵਨ ਜੀਅ ਰਹੇ ਸਨ।



ਕਾਮਰੇਡ ਸੋਹਲ ਪੰਜਾਬ ਦੀ ਨਕਸਲਬਾੜੀ ਲਹਿਰ ਦੇ ਸਭ ਤੋਂ ਪਹਿਲੇ ਆਗੂਆਂ ਵਿਚੋਂ ਇੱਕ ਸਨ। ਲਹਿਰ ਦੇ ਵੱਖ-ਵੱਖ ਗਰੁੱਪਾਂ ਵਿਚ ਵੰਡੇ ਜਾਣ ਤੋਂ ਬਾਅਦ ਉਨ੍ਹਾਂ 'ਪਾਰਟੀ ਯੂਨਿਟੀ' ਗਰੁੱਪ ਦੇ ਆਗੂ ਦੇ ਰੂਪ ਵਿਚ ਕੰਮ ਕੀਤਾ। ਪਿਛਲੇ ਲੰਮੇ ਅਰਸੇ ਤੋਂ ਉਹ ਸੀ.ਪੀ.ਆਈ. (ਮਾਓਵਾਦੀ) ਦੇ ਆਗੂ ਦੇ ਰੂਪ ਵਿਚ ਸਰਗਰਮ ਸਨ। ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਵੱਖ-ਵੱਖ ਆਗੂਆਂ ਨੇ ਕਿਹਾ ਕਿ ਉਹ ਬੇਹੱਦ ਪ੍ਰਤੀਬੱਧ ਕਮਿਊਨਿਸਟ ਇਨਕਲਾਬੀ ਸਨ। ਉਨ੍ਹਾਂ ਪੈਪਸੂ ਦੀ ਮੁਜ਼ਾਰਾ ਲਹਿਰ ਵਿਚ ਸਰਗਰਮ ਹੋਣ ਤੋਂ ਸਭਨਾਂ ਖੱਬੇ ਪੱਖੀ ਪਾਰਟੀਆਂ ਵਿਚ ਕੰਮ ਕੀਤਾ। ਉਹ ਕੋਈ 95 ਸਾਲ ਦੀ ਉਮਰ ਜੀਵੇ ਅਤੇ ਸਾਰਾ ਜੀਵਨ ਲੋਕ ਲਹਿਰਾਂ ਦੇ ਲੇਖੇ ਲਾ ਗਏ।

ਉਨ੍ਹਾਂ ਦੇ ਅੰਤਿਮ ਸੰਸਕਾਰ ਮੌਕੇ ਵੱਖ-ਵੱਖ ਸੰਗਠਨਾਂ ਦੇ ਆਗੂਆਂ ਤੇ ਵਰਕਰਾਂ ਤੋਂ ਸਿਵਾ ਕਾਮਰੇਡ ਸੋਹਲ ਦੀ ਜੀਵਨ ਸਾਥਣ ਕਾਮਰੇਡ ਵਿਮਲਾ ਉਰਫ਼ ਕਮਲੇਸ਼ ਅਤੇ ਉਨ੍ਹਾਂ ਦਾ ਪੁੱਤਰ ਵੀ ਮੌਜੂਦ ਸਨ। ਉਨ੍ਹਾਂ ਨਮਿਤ ਸ਼ਰਧਾਜਲੀ ਸਮਾਗਮ ਪਟਿਆਲਾ ਵਿਚ 27 ਅਕਤੂਬਰ ਨੂੰ ਹੋਵੇਗਾ।

## ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਬਾਰੇ ਸਮਝੌਤਾ ਨਵਿਆਇਆ

**ਨਵੀਂ ਦਿੱਲੀ:** ਭਾਰਤੀ ਵਿਦੇਸ਼ ਮੰਤਰਾਲੇ ਨੇ ਦੱਸਿਆ ਹੈ ਕਿ ਭਾਰਤ ਅਤੇ ਪਾਕਿਸਤਾਨ ਨੇ ਅਗਲੇ ਪੰਜ ਸਾਲਾਂ ਲਈ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਬਾਰੇ ਸਮਝੌਤਾ ਨਵਿਆ ਦਿੱਤਾ ਹੈ। ਵਿਦੇਸ਼ ਮੰਤਰਾਲੇ ਨੇ ਦੱਸਿਆ ਕਿ ਪਾਕਿਸਤਾਨ ਵੱਲੋਂ ਪ੍ਰਤੀ ਸ਼ਰਧਾਲੂ 20 ਅਮਰੀਕੀ ਡਾਲਰ ਸਰਵਿਸ ਚਾਰਜ ਲਿਆ ਜਾਂਦਾ ਹੈ ਤੇ ਭਾਰਤ ਨੇ ਗੁਆਂਢੀ ਮੁਲਕ ਨੂੰ ਇਹ ਫੀਸ ਮੁਆਫ਼ ਕਰਨ ਦੀ ਮੁੜ ਅਪੀਲ ਕੀਤੀ ਹੈ। ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਐਕਸ ਉਤੇ ਇਕ ਪੋਸਟ ਵਿਚ ਲਿਖਿਆ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਰਕਾਰ ਸਿੱਖ ਭਾਈਚਾਰੇ ਨੂੰ ਉਨ੍ਹਾਂ ਦੇ ਪਵਿੱਤਰ ਸਥਾਨਾਂ ਤੱਕ ਰਸਾਈ ਦੀ ਸਹੂਲਤ ਜਾਰੀ ਰੱਖੇਗੀ। ਇਸ ਤੋਂ ਇਲਾਵਾ ਵਿਦੇਸ਼ ਮੰਤਰਾਲੇ ਨੇ ਕਿਹਾ ਹੈ ਕਿ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ 'ਤੇ ਸਮਝੌਤਾ ਪੰਜ ਹੋਰ ਸਾਲਾਂ ਲਈ ਨਵਿਆਇਆ ਗਿਆ ਹੈ।

# ਬੇਅਦਬੀ ਕਾਂਡ: ਰਾਮ ਰਹੀਮ ਖ਼ਿਲਾਫ਼ ਮੁਕੱਦਮਾ ਚਲਾਉਣ ਦੀ ਮਨਜ਼ੂਰੀ

**ਫਰੀਦਕੋਟ:** ਫਰੀਦਕੋਟ ਜ਼ਿਲ੍ਹੇ ਦੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਅਤੇ ਬਰਗਾੜੀ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੀੜ ਚੋਰੀ ਕਰਨ, ਪੱਤਰੇ ਗਲੀਆਂ ਵਿਚ ਖਿਲਾਰਨ ਅਤੇ ਇਤਰਾਜ਼ਯੋਗ ਪੋਸਟਰ ਲਾਉਣ ਦੇ ਮਾਮਲੇ ਵਿਚ ਪੰਜਾਬ ਸਰਕਾਰ ਨੇ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਮੇਤ ਸੱਤ ਡੇਰਾ ਪ੍ਰੇਮੀਆਂ ਖ਼ਿਲਾਫ਼ ਮੁਕੱਦਮਾ ਚਲਾਉਣ ਲਈ ਜ਼ਰੂਰੀ ਮਨਜ਼ੂਰੀ ਦੇ ਦਿੱਤੀ ਹੈ।

ਗ੍ਰਹਿ ਵਿਭਾਗ ਦੇ ਸਕੱਤਰ ਗੁਰਕੀਰਤ ਪਾਲ ਸਿੰਘ ਨੇ ਆਪਣੇ ਹੁਕਮ ਵਿਚ ਕਿਹਾ ਕਿ ਹੁਣ ਤੱਕ ਇਕੱਤਰ ਕੀਤੇ ਗਏ ਸਬੂਤਾਂ ਤੋਂ ਜਾਪਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬੀੜ ਚੋਰੀ ਕਰਨ, ਬਾਅਦ ਵਿਚ ਇਸ ਦੇ ਅੰਗ ਗਲੀਆਂ ਵਿਚ ਖਿਲਾਰਨ ਅਤੇ ਇਤਰਾਜ਼ਯੋਗ ਪੋਸਟਰ ਲਾਉਣ ਦੇ ਦੋਸ਼ ਮੁੱਢਲੇ ਰੂਪ ਵਿਚ ਸਾਬਤ ਹੁੰਦੇ ਹਨ। ਫ਼ੌਜਦਾਰੀ ਕਾਨੂੰਨ ਮੁਤਾਬਕ ਬੇਅਦਬੀ ਕਾਂਡ ਨਾਲ ਜੁੜੇ ਮੁਕੱਦਮਿਆਂ ਦੀ ਸੁਣਵਾਈ ਅਦਾਲਤ ਉਦੋਂ ਤੱਕ ਨਹੀਂ ਕਰ ਸਕਦੀ ਜਦੋਂ ਤੱਕ ਪੰਜਾਬ ਸਰਕਾਰ ਦਾ ਗ੍ਰਹਿ ਵਿਭਾਗ ਲਿਖਤੀ ਮਨਜ਼ੂਰੀ ਨਹੀਂ ਦਿੰਦਾ। ਮੁਕੱਦਮਾ ਚਲਾਉਣ ਲਈ ਲੋੜੀਂਦੀ ਮਨਜ਼ੂਰੀ ਪਿਛਲੇ ਕਰੀਬ ਤਿੰਨ ਸਾਲਾਂ ਤੋਂ ਗ੍ਰਹਿ ਵਿਭਾਗ ਵਿਚ ਪੈਂਡਿੰਗ ਪਈ ਸੀ, ਜਿਸ ਦਾ ਪੰਜਾਬ ਸਰਕਾਰ ਨੇ ਫ਼ੈਸਲਾ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਦੇਸ਼ ਦੀ ਸਰਬਉੱਚ ਅਦਾਲਤ ਨੇ ਡੇਰਾ ਸੱਚਾ ਸੌਦਾ ਅਤੇ ਡੇਰਾ ਪ੍ਰੇਮੀਆਂ ਖ਼ਿਲਾਫ਼ ਦਰਜ ਹੋਏ ਮੁਕੱਦਮਿਆਂ ਦੀ ਸੁਣਵਾਈ 'ਤੇ ਲੱਗੀ ਰੋਕ ਨੂੰ ਹਟਾ ਦਿੱਤਾ ਹੈ। ਹੁਣ ਬੇਅਦਬੀ ਕਾਂਡ ਦੇ ਸਾਰੇ ਮੁਕੱਦਮੇ ਚੱਲਣ ਵਿਚ ਆ ਰਹੀਆਂ ਮੁਸ਼ਕਲਾਂ ਦੂਰ ਹੋ ਗਈਆਂ ਹਨ ਅਤੇ ਜਲਦੀ ਹੀ ਮੁਕੱਦਮਿਆਂ ਦੀ ਸੁਣਵਾਈ ਸ਼ੁਰੂ ਹੋਣ ਦੀ ਆਸ ਹੈ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਫਰੀਦਕੋਟ ਜ਼ਿਲ੍ਹੇ ਵਿਚ ਵਾਪਰੀਆਂ ਸਨ ਪਰ ਇਨ੍ਹਾਂ ਮੁਕੱਦਮਿਆਂ ਦੀ ਸੁਣਵਾਈ ਚੰਡੀਗੜ੍ਹ ਵਿਚ ਹੋਵੇਗੀ ਕਿਉਂਕਿ ਡੇਰਾ ਪ੍ਰੇਮੀਆਂ ਨੇ ਆਪਣੀ ਸੁਰੱਖਿਆ ਦਾ ਹਵਾਲਾ ਦੇ ਕੇ ਸੁਪਰੀਮ ਕੋਰਟ 'ਚੋਂ ਇਹ ਕੇਸ ਚੰਡੀਗੜ੍ਹ ਤਬਦੀਲ ਕਰਵਾ ਲਏ ਸਨ। ਬੇਅਦਬੀ ਕਾਂਡ ਵਿਚ ਮੁਲਜ਼ਮ ਵਜੋਂ ਨਾਮਜ਼ਦ ਤਿੰਨ ਡੇਰਾ ਪ੍ਰੇਮੀਆਂ ਦਾ ਕਤਲ ਹੋ ਚੁੱਕਾ ਹੈ। ਇਨ੍ਹਾਂ ਘਟਨਾਵਾਂ ਨੂੰ ਆਧਾਰ ਬਣਾ ਕੇ ਹੀ ਇਹ ਕੇਸ ਫਰੀਦਕੋਟ ਤੋਂ ਚੰਡੀਗੜ੍ਹ ਤਬਦੀਲ ਕੀਤੇ ਗਏ ਹਨ।

# ਅਕਾਲੀ ਦਲ ਮਜ਼ਬੂਤੀ ਵੱਲ ਧਿਆਨ ਦੇਵੇ: ਗਿਆਨੀ ਹਰਪ੍ਰੀਤ ਸਿੰਘ

**ਅੰਮ੍ਰਿਤਸਰ:** ਵਿਦੇਸ਼ ਦੌਰੇ ਤੋਂ ਪਰਤੇ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਵਾਲ ਦੇ ਜਵਾਬ ਵਿਚ ਸ਼੍ਰੋਮਣੀ ਅਕਾਲੀ ਦਲ ਨੂੰ ਸੁਝਾਅ ਦਿੱਤਾ ਹੈ ਕਿ ਉਹ ਆਪਣੇ ਆਪ ਨੂੰ ਵਧੇਰੇ ਮਜ਼ਬੂਤ ਕਰਨ ਵੱਲ ਧਿਆਨ ਦੇਵੇ। ਜ਼ਿਕਰਯੋਗ ਹੈ ਕਿ ਵਿਦੇਸ਼ ਦੌਰੇ ਤੇ ਜਾਣ ਤੋਂ ਪਹਿਲਾਂ ਗਿਆਨੀ ਹਰਪ੍ਰੀਤ ਸਿੰਘ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਵਿਰਸਾ ਸਿੰਘ ਵਲਟੋਹਾ ਨਾਲ ਇਕ ਵਿਵਾਦ ਵਿਚੋਂ ਲੰਘਣਾ ਪਿਆ ਹੈ, ਜਿਸ ਕਾਰਨ ਉਨ੍ਹਾਂ ਅਸਤੀਫ਼ਾ ਵੀ ਦੇ ਦਿੱਤਾ ਸੀ ਪਰ ਉਨ੍ਹਾਂ ਦਾ ਅਸਤੀਫਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਰੱਦ ਕਰ ਦਿੱਤਾ ਗਿਆ ਸੀ। ਇਸ ਮਾਮਲੇ ਵਿਚ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਅਤੇ ਡਾ. ਦਲਜੀਤ ਸਿੰਘ ਚੀਮਾ ਵੱਲੋਂ ਪਾਰਟੀ ਪੱਧਰ 'ਤੇ ਜਥੇਦਾਰਾਂ ਕੋਲੋਂ ਖਿਮਾ ਯਾਚਨਾ ਵੀ ਕੀਤੀ ਜਾ ਚੁੱਕੀ ਹੈ।

ਗਿਆਨੀ ਹਰਪ੍ਰੀਤ ਸਿੰਘ ਵਿਦੇਸ਼ ਦੌਰੇ ਤੋਂ ਪਰਤੇ ਅਤੇ ਹਵਾਈ ਅੱਡੇ 'ਤੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਨੂੰ ਸੁਝਾਅ ਦਿੱਤਾ ਹੈ ਕਿ ਮੌਜੂਦਾ ਸਥਿਤੀ ਵਿਚ ਉਹ ਆਪਣੇ ਆਪ ਨੂੰ ਹੋਰ ਮਜ਼ਬੂਤ ਕਰਨ ਵੱਲ ਧਿਆਨ ਦੇਵੇ। ਸ਼੍ਰੋਮਣੀ ਕਮੇਟੀ ਦੇ ਮੌਜੂਦਾ ਜਨਰਲ ਇਜਲਾਸ ਵਿਚ ਪ੍ਰਧਾਨ ਅਤੇ ਹੋਰ ਅਹੁਦੇਦਾਰਾਂ ਦੀ ਹੋਣ ਵਾਲੀ ਚੋਣ ਬਾਰੇ ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਹਮੇਸ਼ਾ ਹੀ ਸਤਿਕਾਰਯੋਗ ਰਿਹਾ।

ਉਨ੍ਹਾਂ ਕਿਹਾ ਕਿ ਉਹ ਕਿਸੇ ਵੀ ਚੋਣ ਵਿਚ ਰੁਚੀ ਨਹੀਂ ਰੱਖਦੇ। ਬੀਤੇ ਦਿਨੀਂ ਵਾਪਰੀ ਘਟਨਾ ਨੂੰ ਮੰਦਭਾਗਾ ਦੱਸਦਿਆਂ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਕਿਸੇ ਵੀ ਅਹੁਦੇ ਦਾ ਲਾਲਚ ਨਹੀਂ ਹੈ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਕਥਾ ਵਿਖਿਆਨ ਕਰਨ ਦੀ ਕਲਾ ਦਿੱਤੀ ਹੈ, ਜਿਸ ਨਾਲ ਉਹ ਆਪਣੇ ਪਰਿਵਾਰ ਦਾ ਪੇਟ ਪਾਲ ਸਕਦੇ ਹਨ। ਉਨ੍ਹਾਂ ਕਿਹਾ ਕਿ ਹਮੇਸ਼ਾ ਹੀ ਮਸਲਿਆਂ ਨੂੰ ਹੱਲ ਕਰਨ ਵਾਲੀ ਨੀਤੀ ਅਪਣਾਉਣੀ ਚਾਹੀਦੀ ਹੈ।

# ਜ਼ਿਮਨੀ ਚੋਣਾਂ: ਸਿਆਸੀ ਧਿਰਾਂ ਲਈ ਪਰਖ

*(ਪਹਿਲੇ ਸਫੇ ਦੀ ਬਾਕੀ)*

ਦੀ ਤਰ੍ਹਾਂ ਡੇਰਾ ਬਾਬਾ ਨਾਨਕ 'ਚ ਖਰੀਦ ਦੀ ਵੱਡੀ ਸਮੱਸਿਆ ਬਣੀ ਹੋਈ ਹੈ। ਇਥੋਂ 'ਆਪ' ਉਮੀਦਵਾਰ ਗੁਰਦੀਪ ਸਿੰਘ ਰੰਧਾਵਾ ਲਈ ਇਹ ਮੁੱਦਾ ਵੱਡੀ ਚੁਣੌਤੀ ਬਣੇਗਾ। ਬਰਨਾਲਾ ਹਲਕੇ 'ਚ ਕੁੱਲ ਵੋਟਰ 1.80 ਲੱਖ ਹਨ ਜਿਨ੍ਹਾਂ 'ਚੋਂ 88,429 ਸ਼ਹਿਰੀ ਵੋਟਰ ਹਨ ਜਦੋਂ ਕਿ ਬਾਕੀ ਕਰੀਬ 92 ਹਜ਼ਾਰ ਵੋਟਰ ਪੇਂਡੂ ਹਨ। ਇਸ ਹਲਕੇ ਤੋਂ 'ਆਪ' ਉਮੀਦਵਾਰ ਹਰਿੰਦਰ ਸਿੰਘ ਧਾਲੀਵਾਲ ਐਲਾਨੇ ਗਏ ਹਨ। ਇਸ ਹਲਕੇ ਵਿਚ ਕਿਸਾਨ ਜਥੇਬੰਦੀਆਂ ਦਾ ਵੀ ਕਾਫੀ ਜ਼ੋਰ ਹੈ। ਝੋਨੇ ਦੀ ਖਰੀਦ ਵਿਚਲੇ ਅੜਿੱਕੇ 'ਆਪ' ਲਈ ਮੁਸ਼ਕਲਾਂ ਪੈਦਾ ਕਰ ਸਕਦੇ ਹਨ। ਆਉਂਦੇ ਦਿਨਾਂ ਵਿਚ ਝੋਨੇ ਦੀ ਆਮਦ ਮੰਡੀਆਂ ਵਿਚ ਵਧੇਗੀ ਅਤੇ ਹਾਕਮ ਧਿਰ ਨੂੰ ਕਿਸਾਨਾਂ ਦੇ ਰੋਹ ਨੂੰ ਠੰਢਾ ਕਰਨਾ ਪਵੇਗਾ।

ਹਲਕਾ ਚੱਬੇਵਾਲ ਨਿਰੋਲ ਪੇਂਡੂ ਸੀਟ ਵਾਂਗ ਹੈ ਜਿੱਥੇ 1.56 ਲੱਖ ਵੋਟਰ ਹਨ। ਇਸ ਹਲਕੇ ਵਿਚ 206 ਪੰਚਾਇਤਾਂ ਹਨ ਅਤੇ ਇਸ ਸੀਟ 'ਤੇ ਝੋਨੇ ਦੀ ਖਰੀਦ ਦੇ ਅੜਿੱਕੇ ਦਾ ਸਿੱਧਾ ਅਸਰ ਪਵੇਗਾ। ਜੇ ਚੋਣ ਪ੍ਰਚਾਰ ਭਖਣ ਤੱਕ ਝੋਨੇ ਦੀ ਖਰੀਦ ਵਿਚਲੇ ਅੜਿੱਕੇ ਦੂਰ ਨਾ ਹੋਏ ਤਾਂ ਉਮੀਦਵਾਰਾਂ ਨੂੰ ਚੋਣ ਪ੍ਰਚਾਰ ਕਰਨ ਲਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਪਤਾ ਲੱਗਾ ਹੈ ਕਿ ਸੱਤਾਧਾਰੀ ਧਿਰ ਨੇ ਇਨ੍ਹਾਂ ਜ਼ਿਮਨੀ ਚੋਣਾਂ ਵਾਲੇ ਹਲਕਿਆਂ ਵਿਚ ਝੋਨੇ ਦੀ ਖਰੀਦ ਵੱਲ ਉਚੇਚਾ ਧਿਆਨ ਦੇਣਾ ਸ਼ੁਰੂ ਕੀਤਾ ਹੈ।

ਜ਼ਿਮਨੀ ਚੋਣ ਵਾਲੀਆਂ ਸੀਟਾਂ 'ਤੇ ਉੱਤਰਨ ਵਾਲੇ ਭਾਜਪਾ ਉਮੀਦਵਾਰਾਂ ਲਈ ਵੀ ਰਾਹ ਸੁਖਾਲਾ ਨਹੀਂ ਹੋਵੇਗਾ, ਕਿਉਂਕਿ ਕੇਂਦਰ ਵਿਚਲੀ ਭਾਜਪਾ ਸਰਕਾਰ ਨੇ ਪੰਜਾਬ 'ਚੋਂ ਅਨਾਜ ਦੀ ਮੂਵਮੈਂਟ ਨਹੀਂ ਕੀਤੀ ਜਿਸ ਕਰਕੇ ਪੰਜਾਬ ਵਿਚ ਅਨਾਜ ਭੰਡਾਰਨ ਲਈ ਜਗ੍ਹਾ ਨਹੀਂ ਬਣ ਸਕੀ ਹੈ। ਮੌਜੂਦਾ ਸੰਕਟ ਇਸ ਦੀ ਬਦੌਲਤ ਹੈ। 'ਆਪ' ਵੱਲੋਂ ਚੋਣ ਪ੍ਰਚਾਰ ਦੌਰਾਨ ਮੌਜੂਦਾ ਬਿਪਤਾ ਦਾ ਠੀਕਰਾ ਕੇਂਦਰ ਸਰਕਾਰ ਸਿਰ ਭੰਨਿਆ ਜਾਵੇਗਾ। ਨਵੰਬਰ ਦੇ ਅੱਧ ਤੱਕ ਕਣਕ ਦੀ ਬਿਜਾਈ ਦਾ ਕੰਮ ਸਿਖ਼ਰ 'ਤੇ ਹੋਵੇਗਾ ਅਤੇ ਇਸ ਵੇਲੇ ਡੀ.ਏ.ਪੀ. ਦਾ ਸੰਕਟ ਵੀ ਸਿਰ 'ਤੇ ਹੈ। ਇਨ੍ਹਾਂ ਹਲਕਿਆਂ ਵਿਚਲਾ ਕਿਸਾਨੀ ਵੋਟ ਬੈਂਕ ਹਾਰ ਜਿੱਤ ਨੂੰ ਪ੍ਰਭਾਵਿਤ ਕਰੇਗਾ। ਕਾਂਗਰਸ ਪਾਰਟੀ ਇਸ ਮੌਕੇ ਨੂੰ ਸਿਆਸੀ ਲਾਹੇ ਲਈ ਵਰਤੇਗੀ ਅਤੇ ਕਾਂਗਰਸ ਚੋਣ ਪ੍ਰਚਾਰ ਵਿਚ 'ਆਪ' ਸਰਕਾਰ ਖਿਲਾਫ ਝੋਨੇ ਦੇ ਸੰਕਟ ਨੂੰ ਇਕ ਸਿਆਸੀ ਹਥਿਆਰ ਦੀ ਤਰ੍ਹਾਂ ਵਰਤੇਗੀ।

## ਭਾਰਤ-ਕੈਨੇਡਾ ਤਣਾਅ ਨੇ ਚਿੰਤਾ ਵਧਾਈ

*(ਪਹਿਲੇ ਸਫੇ ਦੀ ਬਾਕੀ)*

ਕਿਹਾ ਕਿ ਦੋਵਾਂ ਦੇਸ਼ਾਂ ਨੂੰ ਇਕ ਸੁਹਿਰਦ ਪਹੁੰਚ ਅਪਣਾ ਕੇ ਮਾਮਲੇ ਦਾ ਹੱਲ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕੈਨੇਡਾ ਵਿਚ ਵੱਡੀ ਗਿਣਤੀ ਵਿਚ ਭਾਰਤੀ ਅਤੇ ਖ਼ਾਸਕਰ ਪੰਜਾਬੀ ਵਸਦੇ ਹਨ, ਜਿਨ੍ਹਾਂ 'ਤੇ ਦੋਵਾਂ ਦੇਸ਼ਾਂ ਦੇ ਵਿਗੜਦੇ ਰਿਸ਼ਤਿਆਂ ਦਾ ਅਸਰ ਪੈਣਾ ਕੁਦਰਤੀ ਹੈ। ਉਨ੍ਹਾਂ ਕਿਹਾ ਕਿ ਬੀਤੇ ਸਮੇਂ ਵਿਚ ਹਰਦੀਪ ਸਿੰਘ ਨਿੱਝਰ ਦੇ ਕਤਲ ਮਾਮਲੇ ਵਿਚ ਇਕ ਦੂਜੇ ਵਿਰੁੱਧ ਦੂਸ਼ਣਬਾਜ਼ੀ ਨਹੀਂ ਸਗੋਂ ਸਿੱਟਾਮੁਖੀ ਪਹੁੰਚ ਅਪਣਾਈ ਜਾਵੇ।

# ਜੰਮੂ ਕਸ਼ਮੀਰ: ਅਤਿਵਾਦੀ ਹਮਲੇ 'ਚ ਪੰਜਾਬੀ ਨੌਜਵਾਨ ਹਲਾਕ

**ਬਟਾਲਾ:** ਜੰਮੂ ਕਸ਼ਮੀਰ ਦੇ ਗੰਦਰਬਲ ਜ਼ਿਲ੍ਹੇ 'ਚ ਅਤਿਵਾਦੀਆਂ ਵੱਲੋਂ ਸਥਾਨਕ ਡਾਕਟਰ ਸਮੇਤ ਮਾਰੇ ਗਏ ਸੱਤ ਵਿਅਕਤੀਆਂ ਵਿਚ ਬਟਾਲਾ ਨੇੜਲੇ ਪਿੰਡ ਸੱਖੋਵਾਲ ਦਾ ਗੁਰਮੀਤ ਸਿੰਘ ਵੀ ਸ਼ਾਮਲ ਹੈ। ਅਤਿਵਾਦੀਆਂ ਨੇ ਜਿਸ ਸਮੇਂ ਹਮਲਾ ਕੀਤਾ, ਉਸ ਸਮੇਂ ਗੁਰਮੀਤ ਸਿੰਘ ਆਪਣੀ ਪਤਨੀ ਚਰਨਜੀਤ ਕੌਰ ਨਾਲ ਫੋਨ ਉਤੇ ਗੱਲ ਕਰ ਰਿਹਾ ਸੀ। ਮ੍ਰਿਤਕ ਗੁਰਮੀਤ ਸਿੰਘ (37) ਆਪਣੇ ਪਿੱਛੇ ਮਾਂ-ਬਾਪ, ਪਤਨੀ ਅਤੇ ਤਿੰਨ ਬੱਚੇ ਛੱਡ ਗਿਆ ਹੈ। ਦੂਜੇ ਪਾਸੇ ਜੰਮੂ ਕਸ਼ਮੀਰ ਦੇ ਉਪ ਰਾਜਪਾਲ ਮਨੋਜ ਸਿਨਹਾ ਨੇ ਕਿਹਾ ਕਿ ਭਾਰਤੀ ਸੈਨਾ ਇਨ੍ਹਾਂ ਮੌਤਾਂ ਦਾ ਬਦਲਾ ਲਵੇਗੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਅਕਾਲੀ ਦਲ ਲਈ ਇਮਤਿਹਾਨ ਦੀ ਘੜੀ ਹੋਵੇਗਾ ਸ਼੍ਰੋਮਣੀ ਕਮੇਟੀ ਇਜਲਾਸ

**ਅੰਮ੍ਰਿਤਸਰ:** ਮੌਜੂਦਾ ਬਦਲੇ ਸਿਆਸੀ ਹਾਲਾਤ ਅਤੇ ਵਾਪਰੇ ਘਟਨਾਕ੍ਰਮ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਹੋਰ ਅਹੁਦੇਦਾਰਾਂ ਦੀ ਚੋਣ ਲਈ 28 ਅਕਤੂਬਰ ਨੂੰ ਹੋਣ ਵਾਲੇ ਆਮ ਇਜਲਾਸ ਵਿਚ ਮੌਜੂਦਾ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਨੂੰ ਵੱਡੀ ਚੁਣੌਤੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਸ਼੍ਰੋਮਣੀ ਕਮੇਟੀ ਦੇ ਮੌਜੂਦਾ ਹਾਊਸ ਵਿਚ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਕੋਲ ਭਾਵੇਂ ਬਹੁਮਤ ਹੈ। ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਵੱਲੋਂ ਬੀਬੀ ਜਗੀਰ ਕੌਰ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਲਈ ਉਮੀਦਵਾਰ ਐਲਾਨਿਆ ਗਿਆ ਹੈ। ਅਕਾਲੀ ਸੁਧਾਰ ਲਹਿਰ ਦੇ ਆਗੂਆਂ ਨੇ ਦਾਅਵਾ ਕੀਤਾ ਕਿ ਬੀਬੀ ਜਗੀਰ ਕੌਰ ਨੂੰ ਉਮੀਦਵਾਰ ਬਨਾਉਣ ਦਾ ਫੈਸਲਾ ਸਲਾਹ ਮਸ਼ਵਰਾ ਕਰਨ ਮਗਰੋਂ ਕੀਤਾ ਹੈ।



ਬੀਬੀ ਜਗੀਰ ਕੌਰ 2022 ਵਿਚ ਹੋਏ ਜਨਰਲ ਇਜਲਾਸ ਵਿਚ ਵੀ ਵਿਰੋਧੀ ਧਿਰ ਦੇ ਉਮੀਦਵਾਰ ਵਜੋਂ ਮੈਦਾਨ ਵਿਚ ਸਨ ਅਤੇ ਉਨ੍ਹਾਂ ਦੇ ਹੱਕ ਵਿਚ 40 ਤੋਂ ਵੱਧ ਉਮੀਦਵਾਰਾਂ ਨੇ ਵੋਟ ਪਾਈ ਸੀ। ਹੁਣ ਹਾਲਾਤ ਹੋਰ ਹਨ ਅਤੇ ਸ਼੍ਰੋਮਣੀ ਅਕਾਲੀ ਦਲ ਇਸ ਵੇਲੇ ਅੰਦਰੂਨੀ ਕਲੇਸ਼ ਦਾ ਸਾਹਮਣਾ ਕਰ ਰਿਹਾ ਹੈ। ਅਕਾਲੀ ਦਲ ਦੇ ਨਾਰਾਜ਼ ਧੜੇ ਨੇ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਨਾਂ ਦਾ ਵੱਖਰਾ ਧੜਾ ਬਣਾ ਲਿਆ ਹੈ। ਇਸੇ ਸੰਕਟ ਕਾਰਨ ਸ੍ਰੀ ਅਕਾਲ ਤਖ਼ਤ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੂੰ ਤਨਖਾਹੀਆ ਕਰਾਰ ਦਿੱਤਾ ਹੋਇਆ ਹੈ। ਇਸ ਤੋਂ ਇਲਾਵਾ ਹਾਲ ਹੀ ਵਿਚ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਅਤੇ ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਵਿਚਾਲੇ ਹੋਏ ਵਿਵਾਦ ਨੇ ਅਕਾਲੀ ਦਲ ਲਈ ਹੋਰ ਵੱਡਾ ਸੰਕਟ ਪੈਦਾ ਕੀਤਾ ਹੈ। ਇਸ ਵੇਲੇ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਹਾਊਸ ਵਿਚ ਕੁੱਲ 185 ਮੈਂਬਰਾਂ ਵਿਚੋਂ ਦੋ ਦਰਜਨ ਤੋਂ ਵੱਧ ਮੈਂਬਰਾਂ ਦੀ ਮੌਤ ਹੋ ਚੁੱਕੀ ਹੈ।

ਹਰਿਆਣਾ ਵਿਚ ਵੱਖਰੀ ਕਮੇਟੀ ਬਣਨ ਮਗਰੋਂ ਹਰਿਆਣਾ ਨਾਲ ਸਬੰਧਤ ਮੈਂਬਰ ਵੀ ਵੱਖ ਹੋ ਚੁੱਕੇ ਹਨ। ਇਸ ਵੇਲੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਨ। ਜਥੇਦਾਰਾਂ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਵਿਚਾਲੇ ਵਿਵਾਦ ਵਿਚ ਭਾਵੇਂ ਉਨ੍ਹਾਂ ਹਾਲ ਦੀ ਘੜੀ ਹਾਲਾਤ ਨੂੰ ਸਾਂਭ ਲਿਆ ਹੈ ਪਰ ਜਥੇਦਾਰਾਂ ਵਿਚ ਨਾਰਾਜ਼ਗੀ ਅਜੇ ਜਾਰੀ ਹੈ। ਸਿੱਖ ਸਿਆਸੀ ਮਾਹਿਰਾਂ ਮੁਤਾਬਿਕ ਇਸ ਵੇਲੇ ਦੀ ਇਹ ਸ਼ਾਂਤੀ ਆਉਣ ਵਾਲੇ ਤੂਫਾਨ ਦਾ ਸੰਕੇਤ ਹੈ।

## ਵਿਦਵਾਨਾਂ ਕੋਲੋਂ ਰਾਇ ਮਗਰੋਂ ਸੁਖਬੀਰ ਖਿਲਾਫ ਹੋਵੇਗੀ ਕਾਰਵਾਈ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਵਿਰੋਧੀ ਧੜੇ ਦੇ ਆਗੂਆਂ ਖ਼ਿਲਾਫ਼ ਅਕਾਲ ਤਖ਼ਤ ਵੱਲੋਂ ਹੋਣ ਵਾਲੀ ਕਾਰਵਾਈ ਫਿਲਹਾਲ ਪਛੜ ਗਈ ਹੈ। ਹੁਣ ਇਸ ਸਬੰਧੀ ਅਗਲਾ ਕੋਈ ਵੀ ਫੈਸਲਾ ਸਿੰਘ ਸਾਹਿਬਾਨ ਵੱਲੋਂ ਪੰਥਕ ਵਿਦਵਾਨਾਂ ਅਤੇ ਸਿੱਖ ਜਥੇਬੰਦੀਆਂ ਦਾ ਇਕੱਠ ਸੱਦ ਕੇ ਉਨ੍ਹਾਂ ਦੀ ਰਾਇ ਲੈਣ ਮਗਰੋਂ ਕੀਤਾ ਜਾਵੇਗਾ। ਇਹ ਖੁਲਾਸਾ ਇੱਥੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਉਨ੍ਹਾਂ ਨਾਲ ਮੌਜੂਦ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕੀਤਾ। ਉਨ੍ਹਾਂ ਕਿਹਾ ਕਿ ਇਸ ਸਬੰਧੀ ਕਿਸੇ ਵੀ ਬਾਹਰੀ ਤਾਕਤ ਦਾ ਕੋਈ ਪ੍ਰਭਾਵ ਨਹੀਂ ਹੈ। ਅਜਿਹੇ ਦੋਸ਼ ਬੇਬੁਨਿਆਦ ਹਨ। ਉਨ੍ਹਾਂ ਕਿਹਾ ਕਿ ਇਸ ਸਬੰਧੀ ਜਲਦੀ ਹੀ ਸਿੱਖ ਵਿਦਵਾਨਾਂ ਦੀ ਮੀਟਿੰਗ ਸੱਦ ਕੇ ਰਾਇ ਲਈ ਜਾਵੇਗੀ। ਮਗਰੋਂ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਮਾਮਲਾ ਵਿਚਾਰ ਕੇ ਕਾਰਵਾਈ ਕੀਤੀ ਜਾਵੇਗੀ।

## ਸੁਖਬੀਰ ਨੂੰ ਬਚਾਉਣਾ ਚਾਹੁੰਦੇ ਨੇ ਵਲਟੋਹਾ: ਢੀਂਡਸਾ

**ਲਹਿਰਾਗਾਗਾ:** ਸਾਬਕਾ ਵਿੱਤ ਮੰਤਰੀ ਅਤੇ ਅਕਾਲੀ ਦਲ ਸੁਧਾਰ ਲਹਿਰ ਦੇ ਸੀਨੀਅਰ ਆਗੂ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਸਾਬਕਾ ਵਿਧਾਇਕ ਵਿਰਸਾ ਸਿੰਘ ਵਲਟੋਹਾ ਵੱਲੋਂ ਸਿੰਘ ਸਾਹਿਬਾਨ ਵਿਰੁੱਧ ਕੀਤੀ ਜਾ ਰਹੀ ਬਿਆਨਬਾਜ਼ੀ ਅਤੇ ਕਥਿਤ ਧਮਕੀਆਂ ਸੁਖਬੀਰ ਸਿੰਘ ਬਾਦਲ ਨੂੰ ਬਚਾਉਣ ਦੀ ਸਾਜ਼ਿਸ਼ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਢੀਂਡਸਾ ਨੇ ਕਿਹਾ ਕਿ ਇਸ ਮਾਮਲੇ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਦੀ ਚੁੱਪ ਕਈ ਸਵਾਲ ਖੜ੍ਹੇ ਕਰਦੀ ਹੈ, ਜਦੋਂ ਕਿ ਉਨ੍ਹਾਂ ਨੇ ਸਿੰਘ ਸਾਹਿਬਾਨ ਦੇ ਹੁਕਮ ਦੀ ਪਾਲਣਾ ਕਰਨੀ ਹੁੰਦੀ ਹੈ ਪਰ ਅਜਿਹਾ ਨਹੀਂ ਹੋ ਰਿਹਾ।

# ਸਾਬਕਾ ਜਥੇਦਾਰ ਵੱਲੋਂ ਗਿਆਨੀ ਹਰਪ੍ਰੀਤ ਸਿੰਘ ਨੂੰ ਪੱਤਰ

**ਅੰਮ੍ਰਿਤਸਰ:** ਤਖ਼ਤ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਮੈਂਬਰ ਜਸਵਿੰਦਰ ਸਿੰਘ ਐਡਵੋਕੇਟ ਨੇ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਪੱਤਰ ਭੇਜ ਕੇ ਅਪੀਲ ਕੀਤੀ ਹੈ ਕਿ ਕਿ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਖ਼ਿਲਾਫ਼ ਕੂੜ ਪ੍ਰਚਾਰ ਵਾਲੇ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਨੂੰ ਆਦੇਸ਼ ਕੀਤਾ ਜਾਵੇ ਕਿ ਪੰਜਾਬ ਸਰਕਾਰ ਜਾਂ ਪੁਲਿਸ ਰਾਹੀਂ ਇਸ ਸਾਜਿਸ਼ੀ ਅਤੇ ਸ਼ਰਾਰਤੀ ਵਰਤਾਰੇ ਦੀ ਜਾਂਚ ਕਰਵਾਈ ਜਾਵੇ।

ਉਨ੍ਹਾਂ ਕਿਹਾ ਕਿ ਬੀਤੇ ਦਿਨਾਂ ਦੀਆਂ ਵਾਪਰੀਆਂ ਘਟਨਾਵਾਂ ਕਾਰਨ ਹਰ ਪੰਥ ਹਿਤੈਸ਼ੀ ਪੀੜਾ ਵਿਚ ਹੈ। ਖਾਸ ਕਰਕੇ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਅਸਤੀਫ਼ੇ ਲਈ ਪਾਈ ਗਈ ਵੀਡੀਓ ਵੱਲ ਧਿਆਨ ਦੇਣਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਅਜਿਹੇ ਵਰਤਾਰੇ ਦੀ ਜਾਂਚ ਹੋਣੀ ਚਾਹੀਦੀ ਅਤੇ ਸਾਜਿਸ਼ ਕਰਨ ਵਾਲੇ ਤੇ ਸ਼ਰਾਰਤੀ ਅਨਸਰਾਂ ਨੂੰ ਸਾਹਮਣੇ ਲਿਆਂਦਾ ਜਾਣਾ ਚਾਹੀਦਾ ਹੈ। ਇਸ ਦੌਰਾਨ ਹਵਾਰਾ ਕਮੇਟੀ ਦੇ ਆਗੂ ਪ੍ਰੋਫੈਸਰ ਬਲਜਿੰਦਰ ਸਿੰਘ ਅਤੇ ਬਾਪੂ ਗੁਰਚਰਨ ਸਿੰਘ ਨੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਵਾਪਰੀ ਘਟਨਾ ਬਾਰੇ ਕਿਹਾ ਕਿ ਇਸ ਤੋਂ ਸਪੱਸ਼ਟ ਹੋ ਗਿਆ ਕੇ ਅਤੀਤ ਵਿਚ ਵੀ ਜਥੇਦਾਰਾਂ 'ਤੇ ਸਿਆਸੀ ਦਬਾਅ ਪਾ ਕੇ ਮਨ ਮਰਜ਼ੀ ਦੇ ਫੈਸਲੇ ਕਰਵਾਏ ਜਾਂਦੇ ਰਹੇ ਹਨ।

# ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਮੁੜ ਸੰਭਾਲੀ ਸੇਵਾ

**ਅੰਮ੍ਰਿਤਸਰ:** ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸ਼੍ਰੋਮਣੀ ਕਮੇਟੀ ਵੱਲੋਂ ਉਨ੍ਹਾਂ ਦਾ ਅਸਤੀਫ਼ਾ ਨਾਮਨਜ਼ੂਰ ਕੀਤੇ ਜਾਣ ਮਗਰੋਂ ਮੁੜ ਸੇਵਾ ਸੰਭਾਲ ਲਈ ਹੈ। ਉਨ੍ਹਾਂ ਕਿਹਾ ਕਿ ਉਹ ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਨਾਲ ਹੋਏ ਵਿਵਾਦ ਸਬੰਧੀ ਮਾਮਲੇ ਵਿਚ ਸਰਕਾਰ ਕੋਲ ਕੋਈ ਸ਼ਿਕਾਇਤ ਨਹੀਂ ਕਰਨਗੇ।

ਉਨ੍ਹਾਂ ਕਿਹਾ ਕਿ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਪੰਥ ਵੱਲੋਂ ਕੀਤੇ ਗਏ ਆਦੇਸ਼ ਤੋਂ ਬਾਅਦ ਉਨ੍ਹਾਂ ਆਪਣੀਆਂ ਸੇਵਾਵਾਂ ਮੁੜ ਸ਼ੁਰੂ ਕਰ ਦਿੱਤੀਆਂ ਹਨ। ਉਹ ਇਥੇ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨਾਲ ਮੁਲਾਕਾਤ ਕਰਨ ਲਈ ਪੁੱਜੇ ਸਨ। ਚੇਤੇ ਰਹੇ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਲੰਘੇ ਦਿਨੀਂ ਕਿਹਾ ਸੀ ਕਿ ਜੇ ਸਰਕਾਰ ਨੂੰ ਇਸ ਸਬੰਧੀ ਕੋਈ ਸ਼ਿਕਾਇਤ ਮਿਲਦੀ ਹੈ ਜਾਂ ਕੋਈ ਰਿਕਾਰਡਿੰਗ ਮਿਲਦੀ ਹੈ ਤਾਂ ਸਰਕਾਰ ਇਸ ਮਾਮਲੇ ਵਿਚ ਅਕਾਲੀ ਆਗੂ ਖ਼ਿਲਾਫ਼ ਸਖ਼ਤ ਕਾਰਵਾਈ ਕਰੇਗੀ। ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਨਾਲ ਵਿਵਾਦ ਸਬੰਧੀ ਉਨ੍ਹਾਂ ਕਿਹਾ ਕਿ ਇਹ ਵਿਵਾਦ ਦੋ ਵਿਅਕਤੀਆਂ ਵਿਚਾਲੇ ਵਿਵਾਦ ਨਹੀਂ ਹੈ ਸਗੋਂ ਸਿੱਖ ਸਿਧਾਂਤਾਂ ਤੇ ਪਰੰਪਰਾਵਾਂ ਅਤੇ ਸਿੱਖ ਭਾਵਨਾਵਾਂ ਦੀ ਤਰਜਮਾਨੀ ਦੀ ਪਹਿਰੇਦਾਰੀ ਦਾ ਹੈ, ਜਿਸ ਦੀ ਜ਼ਿੰਮੇਵਾਰੀ ਉਨ੍ਹਾਂ ਨੂੰ ਸਿੱਖ ਪੰਥ ਵੱਲੋਂ ਸੌਂਪੀ ਗਈ ਹੈ। ਹਾਲਾਂਕਿ ਜੋ ਕੁਝ ਵਾਪਰਿਆ ਉਹ ਮੰਦਭਾਗਾ ਹੈ।



## ਜਥੇਦਾਰ ਦੇ ਪਰਿਵਾਰ ਬਾਰੇ ਬੋਲਣਾ ਅਕਾਲੀ ਦਲ ਦਾ ਵਿਰਸਾ ਨਹੀਂ: ਸੰਧਵਾਂ

**ਅੰਮ੍ਰਿਤਸਰ:** ਜਥੇਦਾਰ ਹਰਪ੍ਰੀਤ ਸਿੰਘ ਅਤੇ ਵਿਰਸਾ ਸਿੰਘ ਵਲਟੋਹਾ ਦੇ ਮਾਮਲੇ 'ਤੇ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਸਖ਼ਤ ਪ੍ਰਤੀਕਰਮ ਦਿੱਤਾ ਹੈ। ਉਨ੍ਹਾਂ ਜਥੇਦਾਰ ਅਤੇ ਉਨ੍ਹਾਂ ਦੇ ਪਰਿਵਾਰ ਪ੍ਰਤੀ ਟਿੱਪਣੀਆਂ ਨੂੰ ਮੰਦਭਾਗਾ ਦੱਸਿਆ। ਸਪੀਕਰ ਸੰਧਵਾਂ ਨੇ ਕਿਹਾ ਕਿ ਜਿਹੜਾ ਵਿਅਕਤੀ ਤਖ਼ਤ ਸਾਹਿਬਾਨ ਅਤੇ ਜਥੇਦਾਰ ਸਾਹਿਬਾਨ ਨੂੰ ਸਤਿਕਾਰ ਨਹੀਂ ਦੇ ਸਕਦਾ, ਉਹ ਅਕਾਲੀ ਨਹੀਂ ਹੋ ਸਕਦਾ।

## ਤਿੰਨ ਸੀਨੀਅਰ ਆਗੂ ਕਾਂਗਰਸ ਵਿਚ ਸ਼ਾਮਲ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਅਗਵਾਈ ਹੇਠ ਇਥੇ ਤਿੰਨ ਮੁੱਖ ਆਗੂਆਂ ਦਵਿੰਦਰ ਸਿੰਘ ਬੱਬਲ, ਸੁਰਿੰਦਰ ਸਿੰਘ ਪੱਪੀ ਕਾਮਰਾ ਤੇ ਗੁਰਮਿੰਦਰ ਸਿੰਘ ਰਟੌਲ ਨੇ ਕਾਂਗਰਸ ਵਿਚ ਸ਼ਮੂਲੀਅਤ ਕੀਤੀ। ਇਸ ਮੌਕੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਵੀ ਮੌਜੂਦ ਸਨ ਜਿਨ੍ਹਾਂ ਨਵੇਂ ਮੈਂਬਰਾਂ ਦਾ ਪਾਰਟੀ ਵਿਚ ਸਵਾਗਤ ਕੀਤਾ। ਕਾਂਗਰਸੀ ਆਗੂਆਂ ਨੇ ਦੱਸਿਆ ਕਿ ਦਵਿੰਦਰ ਸਿੰਘ ਬੱਬਲ ਦੋ ਵਾਰ ਜਲਾਲਾਬਾਦ ਵਿਚ ਜ਼ਿਲ੍ਹਾ ਪਰਿਸ਼ਦ ਦੇ ਚੇਅਰਮੈਨ ਅਤੇ ਦੋ ਵਾਰ ਮਾਰਕੀਟ ਕਮੇਟੀ ਦੇ ਚੇਅਰਮੈਨ ਰਹੇ ਹਨ। ਉਹ ਪੇਂਡੂ ਵਿਕਾਸ ਵਿਚ ਪਾਏ ਯੋਗਦਾਨ ਲਈ ਜਾਣੇ ਜਾਂਦੇ ਹਨ। ਸੁਰਿੰਦਰ ਸਿੰਘ ਪੱਪੀ ਕਾਮਰਾ ਦੋ ਵਾਰ ਟਰੱਕ ਯੂਨੀਅਨ ਦੇ ਪ੍ਰਧਾਨ ਰਹਿ ਚੁੱਕੇ ਹਨ। ਟਰਾਂਸਪੋਰਟ ਖੇਤਰ ਵਿਚ ਉਹ ਮੰਨੀ-ਪ੍ਰਮੰਨੀ ਹਸਤੀ ਹਨ। ਤਰਨ ਤਾਰਨ ਦੇ ਅਕਾਲੀ ਦਲ ਦੇ ਆਗੂ ਗੁਰਮਿੰਦਰ ਸਿੰਘ ਰਟੌਲ ਤਰਨ ਤਾਰਨ ਮਾਰਕੀਟ ਕਮੇਟੀ ਦੇ ਸਾਬਕਾ ਚੇਅਰਮੈਨ ਹਨ।

# ਪਠਾਨਕੋਟ ਵਾਸੀ ਦੀ ਅਮਰੀਕਾ 'ਚ ਭੇਤ-ਭਰੀ ਮੌਤ

**ਪਠਾਨਕੋਟ:** ਰੋਜ਼ੀ ਰੋਟੀ ਕਮਾਉਣ ਲਈ ਵਿਦੇਸ਼ ਗਏ ਪਠਾਨਕੋਟ ਜ਼ਿਲ੍ਹੇ ਦੇ ਪਿੰਡ ਧੁਪਸੜੀ ਕੀੜੀ ਗੰਡਿਆਲ (ਭੋਆ) ਵਾਸੀ ਅਮਨਦੀਪ ਸਿੰਘ (40) ਦੀ ਸ਼ੱਕੀ ਹਾਲਤ ਵਿਚ ਮੌਤ ਹੋ ਗਈ। ਮ੍ਰਿਤਕ ਦੇ ਪਿਤਾ ਬੂਆ ਸਿੰਘ ਨੇ ਦੱਸਿਆ ਕਿ ਦੋ ਸਾਲ ਪਹਿਲਾਂ ਉਸ ਨੇ 25 ਲੱਖ ਰੁਪਏ ਦਾ ਕਰਜ਼ਾ ਲੈ ਕੇ ਅਮਨਦੀਪ ਨੂੰ ਅਮਰੀਕਾ ਭੇਜਿਆ ਸੀ। ਪਹਿਲਾਂ ਅਮਨਦੀਪ ਰੈਸਤਰਾਂ ਵਿਚ ਕੰਮ ਕਰਦਾ ਸੀ ਅਤੇ ਹਫ਼ਤਾ ਪਹਿਲਾਂ ਹੀ ਉਹ ਸਾਰੇ ਦਸਤਾਵੇਜ਼ ਪੂਰੇ ਕਰਕੇ ਟਰੱਕ ਡਰਾਈਵਰ ਬਣਿਆ ਸੀ। ਟਰੱਕ ਡਰਾਈਵਰ ਬਣਦੇ ਸਾਰ ਹੀ ਪਹਿਲਾ ਚੱਕਰ ਲਗਾਉਣ ਮਗਰੋਂ ਅਮਨਦੀਪ ਨੇ ਪੂਰੇ ਪਰਿਵਾਰ ਨਾਲ ਗੱਲ ਕੀਤੀ ਅਤੇ ਕਿਹਾ ਕਿ ਉਹ ਮੈਕਸੀਕੋ ਪਹੁੰਚ ਗਿਆ ਹੈ। ਬੂਆ ਸਿੰਘ ਨੇ ਕਿਹਾ ਕਿ ਅਮਨਦੀਪ ਨਾਲ ਉਸ ਦੇ ਰਿਸ਼ਤੇਦਾਰ ਦਾ ਪੁੱਤਰ ਵੀ ਰਹਿੰਦਾ ਸੀ। ਉਸ ਦੇ ਰਿਸ਼ਤੇਦਾਰ ਦੇ ਪੁੱਤਰ ਨੇ ਫੋਨ 'ਤੇ ਦੱਸਿਆ ਕਿ ਅਮਨਦੀਪ ਦੀ ਪੇਟ ਦੀਆਂ ਅੰਤੜੀਆਂ ਫਟਣ ਕਾਰਨ ਮੌਤ ਹੋ ਗਈ ਹੈ। ਅਮਨਦੀਪ ਸਿੰਘ ਦਾ ਵਿਆਹ 2012 ਵਿਚ ਹੋਇਆ ਸੀ। ਮ੍ਰਿਤਕ ਦੇ ਪਰਿਵਾਰ ਵਿਚ ਪਤਨੀ, ਚਾਰ ਸਾਲ ਦਾ ਪੁੱਤਰ ਅਤੇ ਨੌਂ ਸਾਲ ਦੀ ਧੀ ਹੈ। ਪਰਿਵਾਰਕ ਮੈਂਬਰਾਂ ਨੇ ਕੇਂਦਰ ਅਤੇ ਪੰਜਾਬ ਸਰਕਾਰ ਤੋਂ ਅਮਨਦੀਪ ਦੀ ਲਾਸ਼ ਭਾਰਤ ਲਿਆਉਣ ਦੀ ਮੰਗ ਕੀਤੀ ਹੈ।

# ਪੰਜਾਬੀ ਨੌਜਵਾਨ ਦੀ ਲਾਸ਼ ਦੋ ਮਹੀਨਿਆਂ ਮਗਰੋਂ ਦੁਬਈ ਤੋਂ ਭਾਰਤ ਪੁੱਜੀ

**ਅੰਮ੍ਰਿਤਸਰ:** ਜਲੰਧਰ ਜ਼ਿਲ੍ਹੇ ਦੀ ਤਹਿਸੀਲ ਫਿਲੌਰ ਨੇੜਲੇ ਪਿੰਡ ਤੇਹਿੰਗ ਦੇ ਹਰਵਿੰਦਰ ਸਿੰਘ (49) ਦੀ ਦੇਹ ਦੋ ਮਹੀਨਿਆਂ ਬਾਅਦ ਦੁਬਈ ਤੋਂ ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ 'ਤੇ ਪੁੱਜੀ। ਇਸ ਨੂੰ ਸਰਬੱਤ ਦਾ ਭਲਾ ਟਰੱਸਟ ਦੇ ਜ਼ਿਲ੍ਹਾ ਜਨਰਲ ਸਕੱਤਰ ਮਨਪ੍ਰੀਤ ਸਿੰਘ ਸੰਧੂ, ਨਵਜੀਤ ਸਿੰਘ ਘਈ ਤੇ ਪਰਮਿੰਦਰ ਸੰਧੂ ਵੱਲੋਂ ਪਰਿਵਾਰਕ ਮੈਂਬਰਾਂ ਨੂੰ ਸੌਂਪਿਆ ਗਿਆ। ਟਰੱਸਟ ਦੇ ਪ੍ਰਧਾਨ ਡਾ. ਐਸ.ਪੀ. ਸਿੰਘ ਓਬਰਾਏ ਨੇ ਦੱਸਿਆ ਕਿ ਹਰਵਿੰਦਰ ਸਿੰਘ ਕਰੀਬ 17 ਸਾਲ ਪਹਿਲਾਂ ਦੁਬਈ ਆਇਆ ਸੀ ਅਤੇ ਇੱਥੇ ਕੰਮ ਕਰ ਰਿਹਾ ਸੀ। ਉਸ ਦੀ ਬੀਤੀ 16 ਅਗਸਤ ਨੂੰ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ ਸੀ। ਉਨ੍ਹਾਂ ਦੱਸਿਆ ਕਿ ਘਟਨਾ ਮਗਰੋਂ ਮ੍ਰਿਤਕ ਦੀ ਕੈਨੇਡਾ ਰਹਿੰਦੀ ਭੈਣ ਬਲਜੀਤ ਕੌਰ ਅਤੇ ਇਟਲੀ ਰਹਿੰਦੀ ਭੈਣ ਜਸਬੀਰ ਕੌਰ ਨੇ ਉਨ੍ਹਾਂ ਨਾਲ ਸੰਪਰਕ ਕੀਤਾ ਸੀ।

ਇਸ ਉਪਰੰਤ ਉਨ੍ਹਾਂ ਭਾਰਤੀ ਦੂਤਘਰ ਦੀ ਮਦਦ ਨਾਲ ਸਾਰੇ ਲੋੜੀਂਦੇ ਦਸਤਾਵੇਜ਼ ਮੁਕੰਮਲ ਕਰਵਾ ਕੇ ਦੇਹ ਨੂੰ ਭਾਰਤ ਉਸ ਦੇ ਵਾਰਸਾਂ ਤੱਕ ਪਹੁੰਚਾਇਆ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਸਾਰਾ ਖਰਚ ਮ੍ਰਿਤਕ ਦੀ ਕੈਨੇਡਾ ਰਹਿੰਦੀ ਭੈਣ ਵੱਲੋਂ ਕੀਤਾ ਗਿਆ।

# ਡਰੱਗ: ਅਕਸ਼ੈ ਛਾਬੜਾ ਤੇ ਦੋ ਹੋਰ ਮੁਲਜ਼ਮ ਡਿਬਰੂਗੜ੍ਹ ਜੇਲ੍ਹ 'ਚ ਬੰਦ ਰਹਿਣਗੇ

**ਚੰਡੀਗੜ੍ਹ:** ਐਨ.ਡੀ.ਪੀ.ਐਸ. ਐਕਟ 'ਚ ਗੈਰਕਾਨੂੰਨੀ ਤਸਕਰੀ ਰੋਕਣ ਦੇ ਉਦੇਸ਼ ਨਾਲ ਬਣੇ ਤਿੰਨ ਮੈਂਬਰੀ ਸਲਾਹਕਾਰ ਬੋਰਡ ਨੇ ਲੁਧਿਆਣਾ ਦੇ ਡਰੱਗ ਮਾਫ਼ੀਆ ਅਕਸ਼ੇ ਛਾਬੜਾ, ਜਸਪਾਲ ਸਿੰਘ ਉਰਫ਼ ਗੋਲਡੀ ਅਤੇ ਬਲਵਿੰਦਰ ਸਿੰਘ ਉਰਫ਼ ਬਿੱਲਾ ਹਵੇਲੀਆਂ ਨੂੰ 2 ਹਜ਼ਾਰ ਕਿਲੋਗ੍ਰਾਮ ਹੈਰੋਇਨ ਤਸਕਰੀ ਦੇ ਮਾਮਲੇ 'ਚ ਅਸਾਮ ਦੀ ਡਿਬਰੂਗੜ੍ਹ ਜੇਲ੍ਹ 'ਚ ਇਕ ਸਾਲ ਦੀ ਹਿਰਾਸਤ 'ਚ ਰੱਖਣ ਦਾ ਹੁਕਮ ਦਿੱਤਾ ਹੈ।

ਨਸ਼ੇ ਦਾ ਕਾਰੋਬਾਰ ਗੁਜਰਾਤ ਦੀ ਮੂੰਦੜਾ ਬੰਦਰਗਾਹ, ਜੰਮੂ ਕਸ਼ਮੀਰ ਅਤੇ ਅਫ਼ਗਾਨਿਸਤਾਨ ਤੱਕ ਫੈਲਿਆ ਹੋਇਆ ਸੀ। ਨਾਰਕੋਟਿਕਸ ਕੰਟਰੋਲ ਬਿਊਰੋ (ਐਨ.ਸੀ.ਬੀ.) ਦੇ ਚੰਡੀਗੜ੍ਹ ਜ਼ੋਨ ਨੇ ਇਸ ਰੈਕੇਟ ਦਾ ਪਰਦਾਫ਼ਾਸ਼ ਕੀਤਾ ਸੀ। ਅਗਸਤ 'ਚ ਤਿੰਨਾਂ ਨੂੰ ਐਨ.ਡੀ.ਪੀ.ਐਸ. ਐਕਟ ਤਹਿਤ ਡਿਬਰੂਗੜ੍ਹ ਜੇਲ੍ਹ ਭੇਜਿਆ ਗਿਆ ਸੀ।





ਐਨ.ਸੀ.ਬੀ. ਦੇ ਤਰਜਮਾਨ ਨੇ ਦੱਸਿਆ ਕਿ ਇਸ ਹਫ਼ਤੇ ਦੇ ਸ਼ੁਰੂ 'ਚ ਸਲਾਹਕਾਰ ਬੋਰਡ ਨੇ ਉਨ੍ਹਾਂ ਦੀ ਹਿਰਾਸਤ ਦੀ ਨਜ਼ਰਸਾਨੀ ਕੀਤੀ ਸੀ। ਬੋਰਡ 'ਚ ਜਸਟਿਸ ਅਜੀਤ ਬੋਰਠਾਕੁਰ, ਬਿਕਰਮ ਚੌਧਰੀ ਅਤੇ ਪਦਮਧਰ ਨਾਇਕ ਸ਼ਾਮਲ ਸਨ। ਤਰਜਮਾਨ ਨੇ ਦੱਸਿਆ ਕਿ ਨਸ਼ਾ ਤਸਕਰੀ 'ਤੇ ਨਕੇਲ ਕੱਸਣ ਦੀਆਂ ਕੋਸ਼ਿਸ਼ਾਂ ਤਹਿਤ ਤਿੰਨਾਂ ਨੂੰ ਡਿਬਰੂਗੜ੍ਹ ਜੇਲ੍ਹ 'ਚ ਰੱਖਿਆ ਗਿਆ ਹੈ। ਸਰਗਨੇ ਛਾਬੜਾ ਨੂੰ ਨਵੰਬਰ 2022 'ਚ ਸ਼ਾਰਜਾਹ (ਯੂ.ਏ.ਈ.) ਭੱਜਣ ਦੀ ਕੋਸ਼ਿਸ਼ ਦੌਰਾਨ ਜੈਪੁਰ ਦੇ ਕੌਮਾਂਤਰੀ ਹਵਾਈ ਅੱਡੇ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਤਸਕਰਾਂ ਅਤੇ ਦੋ ਅਫ਼ਗਾਨ ਨਾਗਰਿਕਾਂ ਸਮੇਤ 21 ਵਿਅਕਤੀਆਂ ਦੀ ਗ੍ਰਿਫ਼ਤਾਰੀ ਨਾਲ ਉਸ ਦੇ ਸਿੰਡੀਕੇਟ ਦਾ ਪਰਦਾਫ਼ਾਸ਼ ਹੋਇਆ ਸੀ।

## ਹੁਸ਼ਿਆਰਪੁਰ 'ਚ ਗੋਲੀਆਂ ਮਾਰ ਕੇ ਪਿਓ-ਪੁੱਤ ਦੀ ਹੱਤਿਆ

**ਹੁਸ਼ਿਆਰਪੁਰ:** ਇਥੋਂ ਦੇ ਇਕ ਪਿੰਡ ਵਿਚਲੇ ਸਿਹਤ ਕੇਂਦਰ ਦੇ ਬਾਹਰ ਦੋ ਅਣਪਛਾਤੇ ਮੋਟਰਸਾਈਕਲ ਸਵਾਰਾਂ ਨੇ ਪਿਓ ਅਤੇ ਪੁੱਤਰ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਮ੍ਰਿਤਕਾਂ ਦੀ ਪਛਾਣ ਕਸ਼ਮੀਰੀ ਲਾਲ ਅਤੇ ਉਸ ਦੇ ਪੁੱਤਰ ਅਮਰਜੀਤ ਸਿੰਘ ਵਾਸੀ ਤਲਵੰਡੀ ਅਰਾਈਆਂ ਵਜੋਂ ਹੋਈ ਹੈ। ਕਸ਼ਮੀਰੀ ਲਾਲ ਚੱਕੋਵਾਲ ਬ੍ਰਾਹਮਣਾ ਪਿੰਡ 'ਚ ਨੂੰਹ ਨੂੰ ਮਿਲਣ ਗਿਆ ਸੀ ਜਿਸ ਨੇ ਬੱਚੇ ਨੂੰ ਜਨਮ ਦਿੱਤਾ ਹੈ। ਜ਼ਖ਼ਮੀਆਂ ਨੂੰ ਜਲੰਧਰ ਦੇ ਹਸਪਤਾਲ ਲਿਜਾਇਆ ਗਿਆ ਜਿਥੇ ਉਨ੍ਹਾਂ ਦੀ ਮੌਤ ਹੋ ਗਈ। ਪੁਲਿਸ ਮੁਤਾਬਕ ਇਹ ਪੁਰਾਣੀ ਰੰਜਿਸ਼ ਦਾ ਮਾਮਲਾ ਹੈ।

# ਪੰਚਾਇਤੀ ਚੋਣ ਨਤੀਜੇ: 90 ਫੀਸਦੀ ਪਿੰਡਾਂ ਉਤੇ ਹਾਕਮ ਧਿਰ ਕਾਬਜ਼

**ਚੰਡੀਗੜ੍ਹ:** ਪੰਜਾਬ 'ਚ ਤਕਰੀਬਨ 90 ਫੀਸਦੀ ਪੰਚਾਇਤਾਂ 'ਤੇ ਸੱਤਾਧਾਰੀ ਧਿਰ 'ਆਪ' ਕਾਬਜ਼ ਹੋ ਗਈ ਹੈ, ਜਦੋਂ ਕਿ ਸ਼੍ਰੋਮਣੀ ਅਕਾਲੀ ਦਲ ਦੇ ਪੱਲੇ ਨਮੋਸ਼ੀ ਪਈ ਹੈ। ਭਾਜਪਾ ਇਕੱਲੇ ਤੌਰ 'ਤੇ ਪੇਂਡੂ ਚੋਣਾਂ ਵਿਚ ਪ੍ਰਦਰਸ਼ਨ ਨਹੀਂ ਕਰ ਸਕੀ ਹੈ। ਕਾਂਗਰਸ ਦੇ ਪੱਖ ਵਿਚ ਵੀ ਚੋਣ ਨਤੀਜੇ ਨਹੀਂ ਗਏ ਹਨ। ਪੰਜਾਬ ਸਰਕਾਰ ਸਮੁੱਚੀਆਂ ਪੰਚਾਇਤਾਂ ਦੇ ਨਤੀਜੇ ਦੀ ਘੋਖ ਕਰਨ ਵਿਚ ਉਲਝੀ ਰਹੀ। ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵੀ ਸੂਚੀਆਂ ਤਿਆਰ ਕਰਦਾ ਰਿਹਾ ਜਦੋਂ ਕਿ ਖੁਫੀਆ ਵਿੰਗ ਨੇ ਵੀ ਆਪਣੀ ਰਿਪੋਰਟ ਸਰਕਾਰ ਕੋਲ ਪੇਸ਼ ਕੀਤੀ ਹੈ। ਪੰਚਾਇਤ ਚੋਣਾਂ ਵਿਚ 77 ਫੀਸਦੀ ਪੋਲਿੰਗ ਹੋਈ ਸੀ।



ਪੰਜਾਬ ਸਰਕਾਰ ਦੀ ਆਪਣੀ ਰਿਪੋਰਟ ਅਨੁਸਾਰ ਆਮ ਆਦਮੀ ਪਾਰਟੀ ਦਾ ਪੰਚਾਇਤੀ ਚੋਣਾਂ ਵਿਚ ਹੱਥ ਉਪਰ ਰਿਹਾ ਹੈ। ਖੁਫੀਆ ਵਿੰਗ ਅਨੁਸਾਰ ਪੰਜਾਬ ਵਿਚ 92 ਫੀਸਦੀ ਪੰਚਾਇਤਾਂ 'ਤੇ ਆਮ ਆਦਮੀ ਪਾਰਟੀ ਕਾਬਜ਼ ਹੋਣ ਵਿਚ ਸਫਲ ਹੋ ਗਈ ਹੈ। ਮਾਲਵਾ ਖਿੱਤੇ ਵਿਚ ਭਾਜਪਾ ਨੂੰ ਪਿੰਡਾਂ 'ਚੋਂ ਕੋਈ ਬਹੁਤਾ ਹੁੰਗਾਰਾ ਨਹੀਂ ਮਿਲਿਆ ਹੈ ਜਦੋਂ ਕਿ ਮਾਝੇ ਵਿਚਲੇ ਗੜ੍ਹ ਵਿਚ ਕੁਝ ਸਫਲਤਾ ਭਾਜਪਾ ਦੀ ਝੋਲੀ ਪਈ ਹੈ। ਮੁੱਖ ਮੰਤਰੀ ਭਗਵੰਤ ਮਾਨ ਦੇ ਜੱਦੀ ਜ਼ਿਲ੍ਹੇ ਸੰਗਰੂਰ ਵਿਚ ਕੁੱਲ 422 ਪੰਚਾਇਤਾਂ ਚੋਂ ਸਰਪੰਚੀ ਦੇ ਅਹੁਦੇ 'ਤੇ 71.56 ਫੀਸਦੀ ਸਫਲਤਾ 'ਆਪ' ਨੂੰ ਮਿਲੀ ਹੈ ਅਤੇ 'ਆਪ' ਨੇ 302 ਪਿੰਡਾਂ ਦੀ ਸਰਪੰਚੀ ਜਿੱਤੀ ਹੈ, ਜਦੋਂ ਕਿ ਕਾਂਗਰਸ ਦੀ ਝੋਲੀ 22 ਪਿੰਡਾਂ ਦੀ ਸਰਪੰਚੀ ਪਈ ਹੈ।

ਸ਼੍ਰੋਮਣੀ ਅਕਾਲੀ ਦਲ ਨੇ 10 ਪਿੰਡਾਂ 'ਤੇ ਜਿੱਤ ਹਾਸਲ ਕੀਤੀ ਹੈ। ਬਲਾਕ ਧੂਰੀ ਦੀਆਂ 70 ਪੰਚਾਇਤਾਂ 'ਚੋਂ 47 ਵਿਚ 'ਆਪ' ਜਿੱਤੀ ਹੈ, ਜਦੋਂ ਕਿ ਦੋ ਪਿੰਡਾਂ ਵਿਚ ਕਾਂਗਰਸ ਤੇ 11 ਪਿੰਡਾਂ ਵਿਚ ਆਜ਼ਾਦ ਜਿੱਤੇ ਹਨ। ਪਟਿਆਲਾ ਜ਼ਿਲ੍ਹੇ ਦੀਆਂ 1022 ਪੰਚਾਇਤਾਂ 'ਚੋਂ 820 ਪਿੰਡਾਂ ਵਿਚ ਸਰਪੰਚੀ ਦੇ ਅਹੁਦੇ 'ਆਪ' ਦੇ ਹਿੱਸੇ ਹਨ ਜੋ ਕਿ 80.23 ਫੀਸਦੀ ਬਣਦੇ ਹਨ। ਕਾਂਗਰਸ ਨੂੰ ਇਸ ਜ਼ਿਲ੍ਹੇ ਵਿਚ 52 ਪਿੰਡਾਂ 'ਚ ਅਤੇ ਅਕਾਲੀ ਦਲ ਨੂੰ 23 ਪਿੰਡਾਂ ਵਿਚ ਕਾਮਯਾਬੀ ਮਿਲੀ ਹੈ। ਫਤਹਿਗੜ੍ਹ ਜ਼ਿਲ੍ਹੇ ਵਿਚ 429 ਪੰਚਾਇਤਾਂ 'ਚੋਂ 'ਆਪ' ਨੇ 372 ਪਿੰਡਾਂ ਵਿਚ ਜਿੱਤ ਪ੍ਰਾਪਤ ਕੀਤੀ ਹੈ ਜੋ ਕਿ 86.71 ਫੀਸਦੀ ਬਣਦੀ ਹੈ।

ਕਾਂਗਰਸ ਨੇ 20 ਪਿੰਡਾਂ, ਅਕਾਲੀ ਦਲ ਨੇ 8 ਅਤੇ 29 ਪਿੰਡਾਂ ਵਿਚ ਆਜ਼ਾਦ ਜਿੱਤੇ ਹਨ। ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਵਿਚ 269 ਪੰਚਾਇਤਾਂ 'ਚੋਂ 158 ਪਿੰਡਾਂ ਦੀ ਸਰਪੰਚੀ 'ਆਪ' ਦੇ ਹਿੱਸੇ ਆਈ ਹੈ ਜਦੋਂ ਕਿ 41 ਪਿੰਡਾਂ ਵਿਚ ਅਕਾਲੀ ਦਲ ਦੇ ਸਰਪੰਚ ਅਤੇ 16 ਪਿੰਡਾਂ ਵਿਚ ਕਾਂਗਰਸ ਦੇ ਸਰਪੰਚ ਬਣੇ ਹਨ। ਹਲਕਾ ਲੰਬੀ ਦੇ 55 ਪਿੰਡਾਂ ਚੋਂ 'ਆਪ' ਨੂੰ 28 ਪਿੰਡਾਂ 'ਚ, ਅਕਾਲੀ ਦਲ ਨੂੰ 20 ਪਿੰਡਾਂ 'ਚ, ਕਾਂਗਰਸ ਨੂੰ ਪੰਜ ਪਿੰਡਾਂ ਅਤੇ ਦੋ ਪਿੰਡਾਂ ਵਿਚ ਆਜ਼ਾਦ ਜਿੱਤੇ ਹਨ।

## 'ਨੋਟਾ' ਬਣਿਆ ਪਿੰਡ ਜੋਧਪੁਰ ਦਾ ਸਰਪੰਚ

**ਤਰਨ ਤਾਰਨ:** ਜ਼ਿਲ੍ਹੇ ਵਿਚ ਤਰਨ ਤਾਰਨ ਸ਼ਹਿਰ ਦੇ ਨੇੜੇ ਦਾ ਪਿੰਡ ਜੋਧਪੁਰ ਇਕੋ ਇਕ ਪਿੰਡ ਹੈ ਜਿੱਥੋਂ ਸਰਪੰਚ ਦੀ ਚੋਣ ਵਿਚ 'ਨੋਟਾ' ਜੇਤੂ ਰਿਹਾ ਹੈ। ਇਸ ਪਿੰਡ ਦੇ ਸਰਪੰਚ ਦੇ ਅਹੁਦੇ ਲਈ ਆਮ ਆਦਮੀ ਪਾਰਟੀ ਦੀ ਆਗੂ ਬਲਵਿੰਦਰ ਕੌਰ ਦਾ ਮੁਕਾਬਲਾ ਵਿਰੋਧੀ ਧਿਰ ਦੀ ਉਮੀਦਵਾਰ ਰਾਣੀ ਨਾਲ ਸੀ। ਵੋਟਾਂ ਦੌਰਾਨ ਬਲਵਿੰਦਰ ਕੌਰ ਨੂੰ 271 ਅਤੇ ਰਾਣੀ ਨੂੰ 247 ਵੋਟ ਮਿਲੇ, ਜਦਕਿ 368 ਵੋਟਾਂ ਲੈ ਕੇ 'ਨੋਟਾ' ਨੇ ਪਿੰਡ ਦੇ ਆਗੂਆਂ ਨੂੰ ਹੈਰਾਨ ਕਰ ਦਿੱਤਾ।


# ਹਾਈ ਕੋਰਟ ਵੱਲੋਂ ਪੰਚਾਇਤੀ ਚੋਣਾਂ ਸਬੰਧੀ 888 ਪਟੀਸ਼ਨਾਂ ਖਾਰਜ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਵਿਚ ਪੰਚਾਇਤ ਚੋਣਾਂ ਨਾਲ ਸਬੰਧਤ 888 ਪਟੀਸ਼ਨਾਂ ਉੱਤੇ ਸੁਣਾਏ 129 ਸਫ਼ਿਆਂ ਦੇ ਆਪਣੇ ਫੈਸਲੇ ਵਿਚ ਦੋ ਅਹਿਮ ਕਾਨੂੰਨੀ ਨੁਕਤਿਆਂ ਨੂੰ ਸਪਸ਼ਟ ਕੀਤਾ ਹੈ। ਪਹਿਲਾ ਇਹ ਕਿ ਚੋਣ ਅਮਲ ਦੌਰਾਨ ਰੱਦ ਕੀਤੀਆਂ ਨਾਮਜ਼ਦਗੀਆਂ ਨੂੰ ਚੁਣੌਤੀ ਦਿੰਦੀਆਂ ਰਿੱਟ ਪਟੀਸ਼ਨਾਂ ਸੁਣਵਾਈਯੋਗ ਨਹੀਂ ਹਨ ਅਤੇ ਦੂਜਾ ਇਹ ਕਿ ਜਦੋਂ ਸਿਰਫ਼ ਇਕ ਉਮੀਦਵਾਰ ਮੈਦਾਨ ਵਿਚ ਰਹਿ ਜਾਵੇ ਤਾਂ ਕਾਨੂੰਨ ਬਿਨਾਂ ਮੁਕਾਬਲਾ ਚੋਣ ਦੀ ਪ੍ਰਵਾਨਗੀ ਦਿੰਦਾ ਹੈ ਤੇ ਇਸ ਕੇਸ ਵਿਚ ਨੋਟਾ (ਉਪਰੋਕਤ ਵਿਚੋਂ ਕੋਈ ਵੀ ਨਹੀਂ) ਦੇ ਬਦਲ ਦੀ ਅਣਹੋਂਦ ਨੂੰ ਬੇਲੋੜਾ ਬਣਾ ਦਿੰਦਾ ਹੈ।

ਜਸਟਿਸ ਸੁਰੇਸ਼ਵਰ ਠਾਕੁਰ ਤੇ ਜਸਟਿਸ ਸੁਦੀਪਤੀ ਸ਼ਰਮਾ ਦੇ ਬੈਂਚ ਨੇ ਕਿਹਾ ਕਿ ਨਾਮਜ਼ਦਗੀਆਂ ਰੱਦ ਕੀਤੇ ਜਾਣ ਨਾਲ ਸਬੰਧਤ ਕੋਈ ਵੀ ਸ਼ਿਕਾਇਤ ਚੋਣ ਅਮਲ ਮੁਕੰਮਲ ਹੋਣ ਤੋਂ ਬਾਅਦ ਹੀ ਚੋਣ ਟ੍ਰਿਬਿਊਨਲ ਅੱਗੇ ਚੋਣ ਪਟੀਸ਼ਨ ਦੇ ਰੂਪ ਵਿਚ ਰੱਖਣੀ ਜ਼ਰੂਰੀ ਹੈ। ਹਾਈ ਕੋਰਟ ਨੇ ਐਨ.ਪੀ. ਪੋਨੂਸਵਾਮੀ ਕੇਸ ਵਿਚ ਸੁਪਰੀਮ ਕੋਰਟ ਵੱਲੋਂ ਸੁਣਾਏ ਫੈਸਲੇ ਦੇ ਹਵਾਲੇ ਨਾਲ ਕਿਹਾ ਕਿ ਚੋਣ ਅਮਲ ਨੂੰ ਚੋਣਾਂ ਦੌਰਾਨ ਉਠੇ ਵਿਵਾਦਾਂ ਤੋਂ ਲਾਂਭੇ ਰੱਖ ਕੇ ਬਿਨਾਂ ਕਿਸੇ ਦਖ਼ਲ ਦੇ ਮਿੱਥੇ ਮੁਤਾਬਕ ਪੂਰਾ ਕੀਤਾ ਜਾਣਾ ਚਾਹੀਦਾ ਹੈ।

ਕੋਰਟ ਨੇ ਕਿਹਾ ਕਿ ਪੀੜਤ ਧਿਰਾਂ ਨੂੰ ਚਾਹੀਦਾ ਹੈ ਕਿ ਉਹ ਨਤੀਜਾ ਐਲਾਨੇ ਜਾਣ ਦੀ ਉਡੀਕ ਕਰਨ ਤੇ ਉਸ ਮਗਰੋਂ ਕਿਸੇ ਵੀ ਬੇਨਿਯਮੀ ਖਿਲਾਫ਼ ਚੋਣ ਟ੍ਰਿਬਿਊਨਲ ਤੱਕ ਪਹੁੰਚ ਕਰਨ।

ਬੈਂਚ ਦਾ ਇਹ ਮੰਨਣਾ ਸੀ ਕਿ ਨਾਮਜ਼ਦਗੀਆਂ ਨੂੰ ਕਥਿਤ ਤੌਰ 'ਤੇ ਗ਼ਲਤ ਤਰੀਕੇ ਨਾਲ ਰੱਦ ਕਰਨਾ, ਭਾਵੇਂ ਇਹ ਚੋਣ ਨੂੰ




ਵਿਗਾੜਦਾ ਹੋਵੇ, ਅਜਿਹਾ ਵਿਵਾਦ ਨਹੀਂ ਸੀ, ਜੋ ਇਸ ਪੜਾਅ 'ਤੇ ਹਾਈ ਕੋਰਟ ਅੱਗੇ ਰੱਖਿਆ ਜਾ ਸਕਦਾ ਸੀ।

ਨਤੀਜਿਆਂ ਦੇ ਐਲਾਨ ਤੋਂ ਬਾਅਦ ਟ੍ਰਿਬਿਊਨਲ ਕੋਲ ਪਹੁੰਚ ਕੀਤੀ ਜਾ ਸਕਦੀ ਸੀ।

ਕੋਰਟ ਨੇ ਜਿਨ੍ਹਾਂ ਸੀਟਾਂ 'ਤੇ ਉਮੀਦਵਾਰ ਬਿਨਾਂ ਮੁਕਾਬਲਾ ਚੁਣੇ ਗਏ, ਉਥੇ ਨੋਟਾ ਦੀ ਉਪਲਬਧਤਾ ਬਾਰੇ ਦਲੀਲਾਂ ਨੂੰ ਵੀ ਖਾਰਜ ਕਰ ਦਿੱਤਾ। ਬੈਂਚ ਨੇ ਪੰਜਾਬ ਰਾਜ ਚੋਣ ਕਮਿਸ਼ਨ ਐਕਟ 1994 ਦੀ ਧਾਰਾ 54(3) ਦੇ ਹਵਾਲੇ ਨਾਲ ਕਿਹਾ ਕਿ ਜਿੱਥੇ ਸਿਰਫ਼ ਇਕ ਉਮੀਦਵਾਰ ਮੈਦਾਨ ਵਿਚ ਬਚੇ, ਉਥੇ ਰਿਟਰਨਿੰਗ ਅਧਿਕਾਰੀ ਕਾਨੂੰਨ ਤਹਿਤ ਉਸ ਉਮੀਦਵਾਰ ਨੂੰ ਬਿਨਾਂ ਮੁਕਾਬਲਾ ਜੇਤੂ ਐਲਾਨਣ ਲਈ ਪਾਬੰਦ ਹੈ। ਇਸ ਤਰ੍ਹਾਂ, ਅਜਿਹੇ ਮਾਮਲਿਆਂ ਵਿੱਚ 'ਨੋਟਾ' ਬਦਲ ਦੀ ਅਣਹੋਂਦ ਨੂੰ ਕੋਰਟ ਵੱਲੋਂ ਗੈਰਵਾਜਬ ਮੰਨਿਆ ਗਿਆ ਸੀ।

ਬੈਂਚ ਦਾ ਇਹ ਵਿਚਾਰ ਸੀ ਕਿ ਜਿੱਥੇ ਦੋ ਜਾਂ ਵੱਧ ਉਮੀਦਵਾਰਾਂ ਵਿਚਾਲੇ ਕੋਈ ਮੁਕਾਬਲਾ ਨਹੀਂ ਸੀ, ਉਥੇ 'ਨੋਟਾ' ਦੀ ਉਪਲਬਧਤਾ ਲਈ ਬਹਿਸ ਕਰਨਾ ਬੇਲੋੜਾ ਸੀ। ਬੈਂਚ ਨੇ ਰਿੱਟ ਪਟੀਸ਼ਨਾਂ ਖਾਰਜ ਕਰਦਿਆਂ ਕਿਹਾ, "ਵੋਟਰਾਂ ਵੱਲੋਂ ਨੋਟਾ ਦੀ ਵਰਤੋਂ ਦਾ ਸਵਾਲ ਸਿਰਫ਼ ਉਥੇ ਉੱਠਦਾ ਹੈ, ਜਿੱਥੇ ਘੱਟੋ ਘੱਟ ਦੋ ਉਮੀਦਵਾਰਾਂ ਦਰਮਿਆਨ ਮੁਕਾਬਲਾ ਹੋਵੇ।

ਇਸ ਤਰ੍ਹਾਂ ਜਦੋਂ ਸੰਵਿਧਾਨਕ ਵਿਵਸਥਾ ਦੀ ਕੋਈ ਉਲੰਘਣਾ ਨਹੀਂ ਹੋਈ, ਵੋਟਰਾਂ ਨੂੰ 'ਨੋਟਾ' ਦੀ ਵਰਤੋਂ ਕਰਨ ਦਾ ਮੌਕਾ ਨਾ ਦੇਣਾ ਬੇਲੋੜਾ ਬਣ ਜਾਂਦਾ ਹੈ।"

# ਚੋਣਾਂ ਲੜਨ ਵਾਲੇ 5 ਉਮੀਦਵਾਰ ਅਯੋਗ ਕਰਾਰ

**ਚੰਡੀਗੜ੍ਹ:** ਭਾਰਤੀ ਚੋਣ ਕਮਿਸ਼ਨ ਨੇ ਪੰਜਾਬ ਵਿਧਾਨ ਸਭਾ ਚੋਣਾਂ 2022 ਲੜਨ ਵਾਲੇ 5 ਉਮੀਦਵਾਰਾਂ ਨੂੰ ਅਯੋਗ ਐਲਾਨ ਦਿੱਤਾ ਹੈ। ਹੁਣ ਇਹ ਪੰਜ ਉਮੀਦਵਾਰ ਅਗਲੇ ਤਿੰਨ ਸਾਲ ਕੋਈ ਵੀ ਚੋਣ ਨਹੀਂ ਲੜ ਸਕਣਗੇ। ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਕਿਹਾ ਕਿ ਇਨ੍ਹਾਂ ਉਮੀਦਵਾਰਾਂ ਨੇ ਲੋਕ ਪ੍ਰਤੀਨਿਧੀ ਐਕਟ 1951 ਦੇ ਸੈਕਸ਼ਨ 78 ਅਨੁਸਾਰ ਤੈਅ ਸਮਾਂ ਸੀਮਾ ਅੰਦਰ ਆਪਣੇ ਚੋਣ ਖਰਚੇ ਦਾ ਵੇਰਵਾ ਕਮਿਸ਼ਨ ਕੋਲ ਜਮ੍ਹਾਂ ਨਹੀਂ ਕਰਵਾਇਆ, ਜਿਸ ਕਰਕੇ ਅਗਲੇ 3 ਸਾਲ ਤੱਕ ਇਨ੍ਹਾਂ ਉਮੀਦਵਾਰਾਂ ਨੂੰ ਚੋਣ ਲੜਨ ਲਈ ਅਯੋਗ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ 5 ਉਮੀਦਵਾਰਾਂ 'ਚੋਂ ਸੰਗਰੂਰ ਜ਼ਿਲ੍ਹੇ ਦੇ 3 ਉਮੀਦਵਾਰ ਅਤੇ ਮਾਨਸਾ ਤੇ ਫਰੀਦਕੋਟ ਜ਼ਿਲ੍ਹੇ ਦਾ 1-1 ਉਮੀਦਵਾਰ ਸ਼ਾਮਲ ਹੈ।

ਚੋਣ ਕਮਿਸ਼ਨ ਵੱਲੋਂ ਧੂਰੀ ਵਿਧਾਨ ਸਭਾ ਸੀਟ ਤੋਂ ਚੋਣ ਲੜਨ ਵਾਲੇ ਸ਼ਕਤੀ ਕੁਮਾਰ ਗੁਪਤਾ ਤੇ ਜਸਵਿੰਦਰ ਸਿੰਘ ਅਤੇ ਸੁਨਾਮ ਵਿਧਾਨ ਸੀਟ ਤੋਂ ਚੋਣ ਲੜਨ ਵਾਲੇ ਸਨਮੁਖ ਸਿੰਘ ਮੋਖਾ ਨੂੰ ਅਯੋਗ ਕਰਾਰ ਦਿੱਤਾ ਗਿਆ ਹੈ। ਇਸੇ ਤਰ੍ਹਾਂ ਫਰੀਦਕੋਟ ਵਿਧਾਨ ਸਭਾ ਸੀਟ ਤੋਂ ਚੋਣ ਲੜਨ ਵਾਲੇ ਗੁਰਚਰਨ ਸਿੰਘ ਸੰਘਾ ਨੂੰ ਵੀ ਅਯੋਗ ਐਲਾਨਿਆ ਗਿਆ ਹੈ। ਸਿਬਿਨ ਸੀ ਨੇ ਕਿਹਾ ਕਿ ਸੁਨਾਮ ਵਿਧਾਨ ਸੀਟ ਤੋਂ ਚੋਣ ਲੜਨ ਵਾਲੇ ਮਾਨਸਾ ਜ਼ਿਲ੍ਹੇ ਦੇ ਵਾਸੀ ਹਰਭਗਵਾਨ ਸ਼ਰਮਾ ਭਿੱਖੀ ਨੂੰ ਵੀ ਭਾਰਤੀ ਚੋਣ ਕਮਿਸ਼ਨ ਨੇ ਅਗਲੇ 3 ਸਾਲ ਤੱਕ ਚੋਣ ਲੜਨ ਦੇ ਅਯੋਗ ਐਲਾਨਿਆ ਹੈ।

# ਭਾਰਤੀ ਏਅਰਲਾਈਨਜ਼ ਦੀਆਂ ਉਡਾਨਾਂ ਉਡਾਉਣ ਦੀ ਧਮਕੀ

**ਨਵੀਂ ਦਿੱਲੀ:** ਭਾਰਤੀ ਏਅਰਲਾਈਨਜ਼ ਦੀਆਂ 25 ਤੋਂ ਵੱਧ ਉਡਾਣਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਹੈ। ਇਨ੍ਹਾਂ 'ਚ ਇੰਡੀਗੋ, ਵਿਸਤਾਰਾ ਤੇ ਏਅਰ ਇੰਡੀਆ ਦੀਆਂ 6-6 ਉਡਾਣਾਂ ਸ਼ਾਮਲ ਹਨ।

ਇੰਡੀਗੋ ਨੇ ਦੱਸਿਆ ਕਿ ਉਸ ਦੀਆਂ ਉਡਾਣਾਂ 6ਈ58 (ਜੇਦਾਹ ਤੋਂ ਮੁੰਬਈ), 6ਈ87 (ਕੋਜ਼ੀਕੋਡ ਤੋਂ ਦਮਨ), 6ਈ11 (ਦਿੱਲੀ ਤੋਂ ਇਸਤਾਂਬੁਲ), 6ਈ17 (ਮੁੰਬਈ ਤੋਂ ਇਸਤਾਂਬੁਲ), 6ਈ133 (ਪੁਣੇ ਤੋਂ ਜੋਧਪੁਰ) ਅਤੇ 6ਈ112 (ਗੋਆ ਤੋਂ ਅਹਿਮਦਾਬਾਦ) ਨੂੰ ਬੰਬ ਦੀ ਧਮਕੀ ਮਿਲੀ ਹੈ। ਵਿਸਤਾਰਾ ਨੇ ਦੱਸਿਆ ਕਿ ਉਸ ਦੀਆਂ ਛੇ ਉਡਾਣਾਂ ਯੂਕੇ25 (ਦਿੱਲੀ ਤੋਂ ਫਰੈਂਕਫਰਟ), ਯੂਕੇ106 (ਸਿੰਗਾਪੁਰ ਤੋਂ ਮੁੰਬਈ), ਯੂਕੇ146 (ਬਾਲੀ ਤੋਂ ਦਿੱਲੀ), ਯੂਕੇ116 (ਸਿੰਗਾਪੁਰ ਤੋਂ ਦਿੱਲੀ), ਯੂਕੇ110 (ਸਿੰਗਾਪੁਰ ਤੋਂ ਪੁਣੇ) ਤੇ ਯੂਕੇ107 (ਮੁੰਬਈ ਤੋਂ ਸਿੰਗਾਪੁਰ) ਨੂੰ ਵੀ ਇਸੇ ਤਰ੍ਹਾਂ ਦੀ ਧਮਕੀ ਦਿੱਤੀ ਗਈ ਹੈ। ਵਿਸਤਾਰਾ ਨੇ ਕਿਹਾ, "ਪ੍ਰੋਟੋਕੋਲ ਅਨੁਸਾਰ ਸਬੰਧਤ ਅਧਿਕਾਰੀਆਂ ਨੂੰ ਸੂਚਿਤ ਕੀਤਾ ਗਿਆ ਤੇ ਉਨ੍ਹਾਂ ਵੱਲੋਂ ਸੁਰੱਖਿਆ ਪ੍ਰਕਿਰਿਆ ਪੂਰੀ ਕੀਤੀ ਜਾ ਰਹੀ ਹੈ।"

# ਜ਼ਿਮਨੀ ਚੋਣ: 'ਆਪ' ਵੱਲੋਂ ਚਾਰ ਵਿਧਾਨ ਸਭਾ ਸੀਟਾਂ ਲਈ ਉਮੀਦਵਾਰਾਂ ਦਾ ਐਲਾਨ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਨੇ ਪੰਜਾਬ ਦੀਆਂ ਚਾਰ ਵਿਧਾਨ ਸਭਾ ਸੀਟਾਂ 'ਤੇ ਹੋਣ ਵਾਲੀ ਜ਼ਿਮਨੀ ਚੋਣ ਲਈ ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕਰ ਦਿੱਤਾ ਹੈ। 'ਆਪ' ਦੇ ਕੌਮੀ ਜਨਰਲ ਸਕੱਤਰ ਡਾ. ਸੰਦੀਪ ਪਾਠਕ ਵੱਲੋਂ ਜਾਰੀ ਸੂਚੀ ਮੁਤਾਬਕ ਵਿਧਾਨ ਸਭਾ ਹਲਕਾ ਗਿੱਦੜਬਾਹਾ ਤੋਂ ਹਰਦੀਪ ਸਿੰਘ ਡਿੰਪੀ ਢਿੱਲੋਂ, ਬਰਨਾਲਾ ਤੋਂ ਹਰਿੰਦਰ ਸਿੰਘ ਧਾਲੀਵਾਲ, ਚੱਬੇਵਾਲ (ਐਸ.ਸੀ.) ਤੋਂ ਇਸ਼ਾਂਕ ਚੱਬੇਵਾਲ ਅਤੇ ਡੇਰਾ ਬਾਬਾ ਨਾਨਕ ਤੋਂ ਗੁਰਦੀਪ ਸਿੰਘ ਰੰਧਾਵਾ ਨੂੰ ਚੋਣ ਮੈਦਾਨ 'ਚ ਉਤਾਰਿਆ ਗਿਆ ਹੈ।

ਜਾਣਕਾਰੀ ਅਨੁਸਾਰ ਵਿਧਾਨ ਸਭਾ ਹਲਕਾ ਗਿੱਦੜਬਾਹਾ ਤੋਂ ਉਮੀਦਵਾਰ ਹਰਦੀਪ ਸਿੰਘ ਡਿੰਪੀ ਢਿੱਲੋਂ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਕਰੀਬੀ ਰਹਿ ਚੁੱਕੇ ਹਨ ਤੇ ਇਸੇ ਸਾਲ ਅਗਸਤ ਮਹੀਨੇ ਸ਼੍ਰੋਮਣੀ ਅਕਾਲੀ ਦਲ ਨੂੰ ਅਲਵਿਦਾ ਕਹਿ ਕੇ 'ਆਪ' ਵਿਚ ਸ਼ਾਮਲ ਹੋਏ ਸਨ। ਵਿਧਾਨ ਸਭਾ ਹਲਕਾ ਬਰਨਾਲਾ ਤੋਂ ਪਾਰਟੀ ਨੇ ਪੁਰਾਣੇ ਵਰਕਰ ਹਰਿੰਦਰ ਸਿੰਘ ਧਾਲੀਵਾਲ ਨੂੰ ਉਮੀਦਵਾਰ ਐਲਾਨਿਆ ਹੈ। ਹਰਿੰਦਰ ਸਿੰਘ ਧਾਲੀਵਾਲ ਬਰਨਾਲਾ ਦੇ ਸਾਬਕਾ ਵਿਧਾਇਕ ਤੇ ਲੋਕ ਸਭਾ ਹਲਕਾ ਸੰਗਰੂਰ ਦੇ ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਦੇ



ਕਰੀਬੀਆਂ 'ਚੋਂ ਹਨ।

'ਆਪ' ਨੇ ਵਿਧਾਨ ਸਭਾ ਹਲਕਾ ਚੱਬੇਵਾਲ ਤੋਂ ਲੋਕ ਸਭਾ ਮੈਂਬਰ ਡਾ. ਰਾਜਕੁਮਾਰ ਚੱਬੇਵਾਲ ਦੇ ਪੁੱਤ ਨੂੰ ਹੀ ਚੋਣ ਮੈਦਾਨ ਵਿੱਚ ਉਤਾਰਿਆ ਗਿਆ ਹੈ। ਇਸ਼ਾਂਕ ਚੱਬੇਵਾਲ ਪੇਸ਼ੇ ਤੋਂ ਡਾਕਟਰ ਹਨ। ਡੇਰਾ ਬਾਬਾ ਨਾਨਕ ਤੋਂ ਉਮੀਦਵਾਰ ਗੁਰਦੀਪ ਸਿੰਘ ਰੰਧਾਵਾ ਲੰਬੇ ਸਮੇਂ ਤੋਂ ਇਸੇ ਹਲਕੇ ਦੇ ਇੰਚਾਰਜ ਵਜੋਂ ਕੰਮਕਾਜ ਦੇਖ ਰਹੇ ਸਨ। ਉਹ ਉਦਯੋਗ ਬੋਰਡ ਦੇ ਸੀਨੀਅਰ ਡਿਪਟੀ ਚੇਅਰਮੈਨ ਵੀ ਹਨ।

## ਜ਼ਿਮਨੀ ਚੋਣਾਂ ਮੁਲਤਵੀ ਕਰਨ ਦੀ ਮੰਗ ਕੀਤੀ


**ਚੰਡੀਗੜ੍ਹ:** ਸੀਨੀਅਰ ਕਾਂਗਰਸੀ ਆਗੂ ਪ੍ਰਤਾਪ ਬਾਜਵਾ ਨੇ 15 ਨਵੰਬਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਮੱਦੇਨਜ਼ਰ ਪੰਜਾਬ ਵਿਚ 13 ਨਵੰਬਰ ਨੂੰ ਹੋਣ ਜਾ ਰਹੀਆਂ ਵਿਧਾਨ ਸਭਾ ਜ਼ਿਮਨੀ ਚੋਣਾਂ ਨੂੰ ਮੁਲਤਵੀ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਚੋਣ ਕਮਿਸ਼ਨ ਨੂੰ ਲਿਖੇ ਪੱਤਰ ਰਾਹੀਂ ਮੰਗ ਕਰਦਿਆਂ ਕਿਹਾ ਕਿ ਪ੍ਰਕਾਸ਼ ਦਿਹਾੜੇ ਦੇ ਜਸ਼ਨ ਤਿੰਨ ਦਿਨਾਂ ਤੱਕ ਚੱਲਣਗੇ ਅਤੇ 13 ਨਵੰਬਰ ਨੂੰ ਸ਼ੁਰੂ ਹੋਣਗੇ ਅਤੇ ਇਸ ਨਾਲ ਵੋਟਰਾਂ ਦੀ ਗਿਣਤੀ ਪ੍ਰਭਾਵਿਤ ਹੋ ਸਕਦੀ ਹੈ। ਜ਼ਿਕਰਯੋਗ ਹੈ ਕਿ ਸੂਬੇ ਦੀਆਂ ਚਾਰ ਵਿਧਾਨ ਸਭਾ ਸੀਟਾਂ ਡੇਰਾ ਬਾਬਾ ਨਾਨਕ, ਬਰਨਾਲਾ, ਚੱਬੇਵਾਲ (ਐਸ.ਸੀ.) ਅਤੇ ਗਿੱਦੜਬਾਹਾ ਦੀਆਂ ਜ਼ਿਮਨੀ ਚੋਣਾਂ 13 ਨਵੰਬਰ ਨੂੰ ਹੋਣਗੀਆਂ ਅਤੇ ਵੋਟਾਂ ਦੀ ਗਿਣਤੀ 23 ਨਵੰਬਰ ਨੂੰ ਹੋਵੇਗੀ।

## ਮੁਲਾਜ਼ਮਾਂ ਵੱਲੋਂ ਸਰਕਾਰ ਨੂੰ ਘੇਰਨ ਦੀਆਂ ਤਿਆਰੀਆਂ

**ਜਲੰਧਰ:** ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਦੀ ਮੀਟਿੰਗ ਗੁਰਪ੍ਰੀਤ ਸਿੰਘ ਗੰਡੀਵਿੰਡ ਦੀ ਪ੍ਰਧਾਨਗੀ ਹੇਠ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਵਿਖੇ ਹੋਈ। ਮੀਟਿੰਗ ਦੇ ਫੈਸਲੇ ਪ੍ਰੈਸ ਬਿਆਨ ਰਾਹੀਂ ਜਾਰੀ ਕਰਦਿਆਂ ਸਾਂਝਾ ਫਰੰਟ ਦੇ ਆਗੂਆਂ ਨੇ ਕਿਹਾ ਕਿ ਕਿ ਸਰਕਾਰ ਦੀ ਵਾਅਦਾ ਖਿਲਾਫੀ ਅਤੇ ਵਾਰ-ਵਾਰ ਮੀਟਿੰਗਾਂ ਲਈ ਸਮਾਂ ਦੇ ਕੇ ਭੱਜਣ ਦੇ ਖਿਲਾਫ ਪੰਜਾਬ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵੱਲੋਂ ਪੰਜਾਬ ਅੰਦਰ ਹੋ ਰਹੀਆਂ ਚਾਰ ਵਿਧਾਨ ਸਭਾ ਦੀਆਂ ਜ਼ਿਮਨੀ ਚੋਣਾਂ ਵਿਚ ਸਰਕਾਰ ਨੂੰ ਘੇਰਿਆ ਜਾਵੇਗਾ। ਪ੍ਰੋਗਰਾਮ ਤਹਿਤ 3 ਨਵੰਬਰ ਨੂੰ ਚੱਬੇਵਾਲ, 7 ਨਵੰਬਰ ਨੂੰ ਗਿੱਦੜਬਾਹਾ, 9 ਨਵੰਬਰ ਨੂੰ ਡੇਰਾ ਬਾਬਾ ਨਾਨਕ ਅਤੇ 10 ਨਵੰਬਰ ਨੂੰ ਬਰਨਾਲਾ ਵਿਧਾਨ ਸਭਾ ਹਲਕਿਆਂ ਅੰਦਰ ਝੰਡਾ ਮਾਰਚ ਕੀਤੇ ਜਾਣਗੇ।

# ਇੰਡੋ ਯੂ.ਐਸ. ਹੈਰੀਟੇਜ ਵੱਲੋਂ ਗ਼ਦਰੀ ਬਾਬਿਆਂ ਦੀ ਯਾਦ ਵਿਚ ਕਰਵਾਇਆ ਮੇਲਾ ਯਾਦਗਾਰੀ ਹੋ ਨਿੱਬੜਿਆ

## 'ਪੱਗੜੀ ਸੰਭਾਲ ਜੱਟਾ' ਲਹਿਰ ਦੇ ਮੋਢੀ ਚਾਚਾ ਅਜੀਤ ਸਿੰਘ ਨੂੰ ਸਮਰਪਿਤ ਸੀ ਮੇਲਾ
























**ਫਰਿਜ਼ਨੋ:** ਪੰਜਾਬੀ ਦੁਨੀਆ ਦੇ ਕਿਸੇ ਵੀ ਹਿੱਸੇ ਵਿਚ ਹੋਣ, ਹਰ ਸਮੇਂ ਪੰਜਾਬ ਨਾਲ ਜੁੜੇ ਰਹਿੰਦੇ ਹਨ। ਇਸੇ ਭਾਵਨਾ ਤਹਿਤ 1913 ਵਿਚ ਅਮਰੀਕਾ ਦੀ ਧਰਤੀ 'ਤੇ ਗ਼ਦਰ ਲਹਿਰ ਦੀ ਸ਼ੁਰੂਆਤ ਹੋਈ ਸੀ। ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਤੋਂ ਭਾਰਤ ਦੀ ਆਜ਼ਾਦੀ ਦੀ ਲਹਿਰ ਵਿਚ ਹਿੱਸਾ ਪਾਉਣ ਲਈ 8000 ਦੇ ਕਰੀਬ ਗ਼ਦਰੀ ਬਾਬੇ ਭਾਰਤ ਪਰਤੇ ਸਨ, ਜਿਨ੍ਹਾਂ ਵਿਚੋਂ ਬਹੁਤਾਤ ਪੰਜਾਬੀਆਂ ਦੀ ਸੀ। 'ਗ਼ਦਰ ਦੀ ਗੂੰਜ' ਅਖਬਾਰ ਕੈਲੀਫੋਰਨੀਆ ਦੀ ਧਰਤੀ ਸਾਂਨਫਰਾਂਸਿਸਕੋ ਤੋਂ ਨਿਕਲਦਾ ਰਿਹਾ, ਜਿਸ ਦੀ ਗੂੰਜ ਨੇ ਗੋਰਿਆਂ ਨੂੰ ਹੱਥਾਂ ਪੈਰਾਂ ਦੀ ਪਾ ਦਿੱਤੀ ਸੀ। ਇਸੇ ਲਹਿਰ ਨੂੰ ਸਮਰਪਿਤ ਭਾਰਤ ਦੀ ਆਜ਼ਾਦੀ ਲਈ ਜੂਝਣ ਵਾਲੇ ਗ਼ਦਰੀਆਂ ਨੂੰ ਯਾਦ ਕਰਦੇ ਹੋਏ ਅਤੇ ਕਿਸਾਨ ਲਹਿਰ 'ਪੱਗੜੀ ਸੰਭਾਲ ਜੱਟਾ' ਦੇ ਨਾਇਕ ਚਾਚਾ ਅਜੀਤ ਸਿੰਘ ਨੂੰ ਸਮਰਪਿਤ ਗ਼ਦਰੀ ਬਾਬਿਆਂ ਦਾ ਮੇਲਾ ਇੰਡੋ ਯੂ.ਐਸ. ਹੈਰੀਟੇਜ਼ ਫਰਿਜ਼ਨੋ, ਦੇ ਸਮੂਹ ਮੈਂਬਰਾਂ ਦੇ ਸਿਰਤੋੜ ਯਤਨਾਂ ਸਦਕਾ ਲੰਘੇ ਐਤਵਾਰ ਸਥਾਨਕ ਟਿੱਲੀ ਐਲੀਮੈਂਟਰੀ ਸਕੂਲ ਵਿਚ ਕਰਵਾਇਆ ਗਿਆ।

ਇਸ ਵਾਰ ਮੇਲੇ ਵਿਚ ਮੁੱਖ ਮਹਿਮਾਨ ਵਜੋਂ ਪੱਤਰਕਾਰ ਪਰਮਵੀਰ ਸਿੰਘ ਬਾਠ ਨੇ ਸ਼ਿਰਕਤ ਕੀਤੀ। ਉਨ੍ਹਾਂ ਸੰਸਥਾ ਦੇ ਸਮੂਹ ਮੈਂਬਰਾਂ ਨਾਲ ਸ਼ਹੀਦਾਂ ਨੂੰ ਨਮਨ ਕਰਦਿਆਂ ਸ਼ਮਾਂ ਰੌਸ਼ਨ ਕੀਤੀ। ਆਪਣੇ ਭਾਸ਼ਨ ਦੌਰਾਨ ਉਨ੍ਹਾਂ ਗ਼ਦਰ ਇਤਿਹਾਸ ਬਾਰੇ ਚਾਨਣਾ ਪਾਇਆ ਅਤੇ ਪ੍ਰਬੰਧਕਾਂ ਦੀ ਤਾਰੀਫ਼ ਕਰਦਿਆਂ ਕਿਹਾ ਕਿ ਅਜਿਹੇ ਮੇਲੇ ਲਾਉਣੇ ਕੋਈ ਸੌਖਾ ਕੰਮ ਨਹੀਂ, ਕਲਾਕਾਰਾਂ ਦੇ ਅਖਾੜਿਆਂ ਵਿਚ ਲੋਕ ਹਜ਼ਾਰਾਂ ਦੀ ਗਿਣਤੀ ਵਿਚ ਆਪ ਮੁਹਾਰੇ ਚਲੇ ਜਾਂਦੇ, ਪਰ ਇਸ ਬੌਧਿਕ ਕੰਗਾਲੀ ਦੇ ਸਮੇਂ ਕੰਮ ਦੀਆਂ ਗੱਲਾਂ ਸੁਣਾਉਣ ਲਈ ਵੀ ਵੱਡੇ ਜਿਗਰੇ ਕਰਨੇ ਪੈਂਦੇ ਹਨ। ਉਨ੍ਹਾਂ ਕਿਹਾ ਕਿ ਮੋਬਾਈਲ ਨੇ ਸਾਨੂੰ ਕਿਤਾਬਾਂ ਤੋਂ ਦੂਰ ਕਰ ਦਿੱਤਾ, ਜੋ ਖਤਰਨਾਕ ਰੁਝਾਨ ਹੈ। ਸਾਨੂੰ ਕਿਤਾਬਾਂ ਨੂੰ ਸੱਚੇ ਦੋਸਤ ਬਣਾਉਣਾ ਚਾਹੀਦਾ ਹੈ। ਦੁਨੀਆ ਮਾੜੇ ਦੌਰ ਵਿਚੋਂ ਗੁਜ਼ਰ ਰਹੀ ਹੈ, ਲੋਕ ਡਿਪਰੈਸ਼ਨ ਵਿਚ ਹਨ, ਅਜਿਹੇ ਮੇਲੇ ਸਾਨੂੰ ਗ਼ਦਰੀ ਯੋਧਿਆਂ ਦੇ ਜੀਵਨ ਤੋਂ ਪ੍ਰੇਰਣਾ ਲੈਣੀ ਸਿਖਾਉਂਦੇ ਹਨ, ਜਿਹੜੇ ਅੰਡੇਮਾਨ, ਨਿਕੋਬਾਰ ਦੀਆਂ ਕਾਲੀਆਂ ਕੋਠੜੀਆਂ ਵਿਚ ਵੀ ਚੜ੍ਹਦੀਕਲਾ ਵਿਚ ਰਹੇ। ਸਰੋਤਿਆਂ ਨੇ ਉਨ੍ਹਾਂ ਦੇ ਵਿਚਾਰ ਸਾਹ ਰੋਕ ਕੇ ਸੁਣੇ ਤੇ ਆਪ ਮੁਹਾਰੇ ਤਾੜੀਆਂ ਮਾਰੀਆਂ। ਉਪਰੰਤ ਪਰਮਵੀਰ ਬਾਠ ਨੇ ਸੰਸਥਾ ਦਾ ਸੋਵੀਨੀਅਰ ਰਿਲੀਜ਼ ਕੀਤਾ। ਭੈਣ ਜੀ ਕੁਲਜੀਤ ਕੌਰ ਮਾਨ ਨੇ ਉਚੇਚੇ ਤੌਰ 'ਤੇ ਹਾਜ਼ਰੀ ਭਰੀ ਤੇ ਗ਼ਦਰ ਲਹਿਰ ਦੀ ਗੱਲਬਾਤ ਕਰਦਿਆਂ ਐਜੂਕੇਸ਼ਨ ਤੇ ਇਨਸਾਨੀ ਕਦਰਾਂ-ਕੀਮਤਾਂ ਬਾਰੇ ਚਾਨਣਾ ਪਾਇਆ।

ਸੰਸਥਾ ਦੇ ਕਨਵੀਨਰ ਸ. ਸਾਧੂ ਸਿੰਘ ਸੰਘਾ ਨੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਚਾਚਾ ਅਜੀਤ ਸਿੰਘ ਦੇ ਜੀਵਨ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਦੀ ਭਾਵਪੂਰਕ ਸਪੀਚ ਨੇ ਹਰ ਅੱਖ ਨਮ ਕਰ ਦਿੱਤੀ। ਸੈਕਟਰੀ ਹੈਰੀ ਮਾਨ ਨੇ ਵੀ ਹਾਜ਼ਰੀਨ ਨੂੰ ਸੰਬੋਧਨ ਕੀਤਾ ਅਤੇ ਗ਼ਦਰ ਲਹਿਰ ਬਾਰੇ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਅਮਰੀਕਾ ਵਿਚ ਅਗਲੇ ਮਹੀਨੇ ਆ ਰਹੀਆਂ ਰਾਸ਼ਟਰਪਤੀ ਚੋਣਾਂ ਵਿਚ ਮੱਤਦਾਨ ਸੋਚ ਸਮਝ ਕੇ ਕਰਨ ਦੀ ਬੇਨਤੀ ਵੀ ਕੀਤੀ। ਡਾ. ਗੁਰਰੀਤ ਬਰਾੜ ਨੇ ਪੰਜਾਬ ਅੰਦਰ ਖੇਤੀ ਸੰਕਟ ਅਤੇ ਪ੍ਰਦੂਸ਼ਿਤ ਹੋ ਰਹੇ ਵਾਤਾਵਰਨ ਬਾਰੇ ਚਿੰਤਾ ਜ਼ਾਹਿਰ ਕੀਤੀ।

ਇਸ ਤੋਂ ਇਲਾਵਾ ਸ਼ਾਇਰ ਰਣਜੀਤ ਗਿੱਲ (ਜੱਗਾ ਸਧਾਰ) ਅਤੇ ਗਾਇਕ ਕਮਲਜੀਤ ਬੈਨੀਪਾਲ ਨੇ ਸ਼ਾਨਦਾਰ ਕਵਿਸ਼ਰੀ ਗਾ ਕੇ ਦਰਸ਼ਕਾਂ ਦੀ ਵਾਹ ਵਾਹ ਖੱਟੀ। ਗਾਇਕ ਪੱਪੀ ਭਦੌੜ, ਰਾਜ ਬਰਾੜ, ਗੁਰਦੀਪ ਕੁੱਸਾ, ਦਿਲਪ੍ਰੀਤ ਕੌਰ, ਗੋਗੀ ਸੰਧੂ, ਹਰਜੀਤ ਰੂਬੀ ਆਦਿ ਨੇ ਇਨਕਲਾਬੀ ਗੀਤਾਂ ਨਾਲ ਬਹਿਜਾ-ਬਹਿਜਾ ਕਰਵਾ ਦਿੱਤੀ। ਇਸ ਮੌਕੇ ਮਲਕੀਤ ਸਿੰਘ ਕਿੰਗਰਾ ਅਤੇ ਉਨ੍ਹਾਂ ਦੀ ਪੋਤਰੀ ਸਵਨੀਤ ਕੌਰ ਕਿੰਗਰਾ ਨੇ ਵੀ ਸਟੇਜ ਤੋਂ ਹਾਜ਼ਰੀ ਭਰੀ। ਸਵਨੀਤ ਕੌਰ ਨੇ ਚਾਚਾ ਅਜੀਤ ਸਿੰਘ ਦੀ ਪਤਨੀ ਦੇ ਜੀਵਨ 'ਤੇ ਪੰਛੀ ਝਾਤ ਪਵਾਈ। ਉੱਘੇ ਕਾਰੋਬਾਰੀ ਚਰਨਜੀਤ ਸਿੰਘ ਬਾਠ ਉਚੇਚੇ ਤੌਰ 'ਤੇ ਪਹੁੰਚੇ ਹੋਏ ਸਨ। ਧੀ ਪੰਜਾਬ ਦੀ ਭੰਗੜਾ ਅਕੈਡਮੀ ਦੇ ਬੱਚਿਆਂ ਨੇ ਸ਼ਾਨਦਾਰ ਭੰਗੜਾ ਪਾ ਕੇ ਮੇਲੇ ਨੂੰ ਚਰਮ ਸੀਮਾ ਤੱਕ ਪਹੁੰਚਾਇਆ। ਇਨ੍ਹਾਂ ਬੱਚਿਆਂ ਨੂੰ ਭੰਗੜਾ ਕੋਚ ਤਰਨਜੀਤ ਕੌਰ ਵੱਲੋਂ ਚੰਡਿਆ ਗਿਆ ਹੈ। 4.0 ਗ੍ਰੇਡ ਪੁਆਇੰਟ ਵਾਲੇ ਬੱਚਿਆਂ ਨੂੰ ਸੰਸਥਾ ਵੱਲੋਂ ਨਕਦ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਪੱਤਰਕਾਰ ਕੁਲਵੰਤ ਊਭੀ ਧਾਲੀਆਂ ਨੂੰ ਉਨ੍ਹਾਂ ਦੁਆਰਾ ਕੀਤੀਆਂ ਜਾ ਰਹੀਆਂ ਪੱਤਰਕਾਰੀ ਦੀਆਂ ਸੇਵਾਵਾਂ ਲਈ ਸਨਮਾਨਿਤ ਕੀਤਾ ਗਿਆ। ਨਿਊ ਇੰਡੀਆ ਸਵੀਟ ਐਂਡ ਸਪਾਈਸ ਵਾਲੇ ਜਸਵਿੰਦਰ ਸਿੰਘ ਨੂੰ ਮੇਲੇ ਵਿਚ ਸਹਿਯੋਗ ਕਰਨ ਲਈ ਸਨਮਾਨ ਚਿੰਨ੍ਹ ਭੇਟ ਕੀਤਾ ਗਿਆ।

ਮੇਲੇ ਵਿਚ ਗ਼ਦਰੀ ਬਾਬਿਆਂ ਦੀ ਫੋਟੋ ਪ੍ਰਦਰਸ਼ਨੀ ਨੇ ਵੀ ਦਰਸ਼ਕਾਂ ਦਾ ਧਿਆਨ ਖਿੱਚਿਆ। ਇਸ ਮੌਕੇ ਇੰਡੋ ਅਮੈਰਿਕਨ ਹੈਰੀਟੇਜ, ਵਿਰਸਾ ਫਾਊਂਡੇਸ਼ਨ, ਖਾਲਸਾ ਪਾਰਕ ਵਾਲੇ ਬਾਬਿਆਂ ਦੀ ਕਮੇਟੀ, ਪੀਸੀਏ ਦੇ ਨਾਲ ਨਾਲ ਸਾਰੀਆਂ ਹੀ ਭਰਾਤਰੀ ਜਥੇਬੰਦੀਆਂ ਮੌਜੂਦ ਰਹੀਆਂ। ਚਾਹ ਪਕੌੜਿਆਂ ਦਾ ਲੰਗਰ ਅਤੁੱਟ ਵਰਤਿਆ। ਇਸ ਮੌਕੇ ਇਲਾਕੇ ਦੀਆਂ ਸਿਰਕੱਢ ਸ਼ਖ਼ਸੀਅਤਾ ਹਾਜ਼ਰ ਸਨ। ਸਟੇਜ ਸੰਚਾਨਲ ਨੀਟਾ ਮਾਛੀਕੇ ਨੇ ਕੀਤਾ। ਮੇਲੇ ਦੌਰਾਨ ਚੇਤਨਾ ਪ੍ਰਕਾਸ਼ਨ ਵਾਲੇ ਸਤੀਸ਼ ਗੁਲਾਟੀ ਨੇ ਕਿਤਾਬਾਂ ਦਾ ਸਟਾਲ ਲਾਇਆ। ਅਖੀਰ ਅਮਿੱਟ ਪੈੜਾਂ ਛੱਡਦਾ ਇਹ ਮੇਲਾ ਪ੍ਰਬੰਧਕਾਂ ਦੀ ਮਿਹਨਤ ਅਤੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਯਾਦਗਾਰੀ ਹੋ ਨਿਬੜਿਆ।

ਇਸ ਮੇਲੇ ਨੂੰ ਕਾਮਯਾਬ ਬਣਾਉਣ ਦਾ ਸਿਹਰਾ ਸੰਸਥਾ ਦੇ ਮੈਂਬਰ ਸ. ਸਾਧੂ ਸਿੰਘ ਸੰਘਾ (ਕਨਵੀਨਰ), ਨਿਰਮਲ ਸਿੰਘ ਗਿੱਲ (ਪ੍ਰਧਾਨ), ਹੈਰੀ ਮਾਨ (ਸੈਕਟਰੀ), ਰਣਜੀਤ ਗਿੱਲ (ਸੈਕਟਰੀ), ਮਨਜੀਤ ਸਿੰਘ ਕੁਲਾਰ (ਖਜਾਨਚੀ), ਸਤਵੰਤ ਸਿੰਘ ਵਿਰਕ, ਰਾਜ ਵੈਰੋਕੇ, ਮਾਸਟਰ ਸੁਲੱਖਣ ਸਿੰਘ ਗਿੱਲ, ਕੁਲਵਿੰਦਰ ਸਿੰਘ ਢੀਂਡਸਾ (ਬਿੱਲੂ), ਸੰਤੋਖ ਸਿੰਘ ਢਿੱਲੋਂ, ਕਮਲਜੀਤ ਬੈਨੀਪਾਲ, ਪੁਸ਼ਪਿੰਦਰ ਪਾਤੜਾਂ ਅਤੇ ਨੀਟਾ ਮਾਛੀਕੇ ਸਿਰ ਜਾਂਦਾ ਹੈ।

***ਰਿਪੋਰਟ: ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ***

ਪੰਜਾਬ ਟਾਈਮਜ਼

ਸ਼ਨਿਚਰਵਾਰ, 26 ਅਕਤੂਬਰ, 2024

## ਨਿਆਂ-ਅਨਿਆਂ ਅਤੇ ਸਿਆਸਤ

ਪੰਜਾਬ ਸਰਕਾਰ ਨੇ ਆਖਰਕਾਰ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਖਿਲਾਫ ਕੇਸ ਚਲਾਉਣ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਤਰ੍ਹਾਂ ਹੁਣ ਡੇਰਾ ਮੁਖੀ ਖਿਲਾਫ 2015 ਵਿਚ ਹੋਈ ਧਾਰਮਿਕ ਬੇਅਦਬੀ ਦੇ ਤਿੰਨ ਕੇਸਾਂ ਵਿਚ ਮੁਕੱਦਮੇ ਦੀ ਕਾਰਵਾਈ ਮੁੜ ਸ਼ੁਰੂ ਹੋਣ ਦਾ ਰਾਹ ਸਾਫ਼ ਹੋ ਗਿਆ ਹੈ। ਸੁਪਰੀਮ ਕੋਰਟ ਨੇ ਡੇਰਾ ਮੁਖੀ ਖਿਲਾਫ ਮੁਕੱਦਮੇ ਦੀ ਕਾਰਵਾਈ ਉੱਪਰ ਪੰਜਾਬ ਤੇ ਹਰਿਆਣਾ ਹਾਈਕੋਰਟ ਦੀ ਲਾਈ ਰੋਕ ਹਟਾ ਦਿੱਤੀ ਸੀ। ਇਨ੍ਹਾਂ ਕੇਸਾਂ ਵਿਚ ਫ਼ਰੀਦਕੋਟ ਜ਼ਿਲ੍ਹੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਕੇਸ ਵੀ ਸ਼ਾਮਿਲ ਹੈ। ਇਸ ਸਬੰਧੀ ਦਰਜ ਕੀਤੀ ਗਈ ਐੱਫ.ਆਈ.ਆਰ. ਵਿਚ ਜਿਨ੍ਹਾਂ ਵਿਅਕਤੀਆਂ ਦੇ ਨਾਂ ਸ਼ਾਮਿਲ ਕੀਤੇ ਗਏ ਸਨ, ਉਨ੍ਹਾਂ ਵਿਚ ਡੇਰਾ ਮੁਖੀ ਵੀ ਸ਼ਾਮਿਲ ਸੀ। ਉਨ੍ਹਾਂ ਘਟਨਾਵਾਂ ਨੂੰ ਵਾਪਰਿਆਂ ਨੌਂ ਸਾਲ ਬੀਤ ਜਾਣ ਤੋਂ ਬਾਅਦ ਅਜੇ ਤੱਕ ਵੀ ਇਨ੍ਹਾਂ ਕੇਸਾਂ ਨੂੰ ਅੰਜਾਮ ਤੱਕ ਨਹੀਂ ਪਹੁੰਚਾਇਆ ਜਾ ਸਕਿਆ ਜਿਸ ਕਰਕੇ ਸਿਆਸੀ ਤੋਹਮਤਬਾਜ਼ੀ ਵੀ ਹੁੰਦੀ ਰਹੀ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਨੇ ਵੀ ਇਸ ਮਾਮਲੇ ਵਿਚ ਘੇਸਲ ਵੱਟ ਲਈ ਸੀ ਜਿਸ ਨੂੰ ਲੈ ਕੇ ਇਸ ਦੇ ਆਪਣੇ ਹੀ ਆਗੂ ਸਰਕਾਰ ਦੀ ਤਿੱਖੀ ਨੁਕਤਾਚੀਨੀ ਕਰਦੇ ਰਹੇ ਹਨ। ਡੇਰਾ ਮੁਖੀ ਇਸ ਸਮੇਂ ਬਲਾਤਕਾਰ ਅਤੇ ਹੱਤਿਆ ਦੇ ਕੇਸਾਂ ਵਿਚ ਰੋਹਤਕ ਦੀ ਜੇਲ੍ਹ ਵਿਚ 20 ਸਾਲ ਦੀ ਕੈਦ ਭੁਗਤ ਰਿਹਾ ਹੈ। ਹਰਿਆਣਾ ਸਰਕਾਰ ਡੇਰਾ ਮੁਖੀ ਨੂੰ ਜਿਸ ਢੰਗ ਨਾਲ ਵਾਰ-ਵਾਰ ਪੈਰੋਲ 'ਤੇ ਰਿਹਾਅ ਕਰ ਰਹੀ ਹੈ, ਉਸ ਤੋਂ ਜਾਪਦਾ ਸੀ ਕਿ ਇਹ ਸਰਕਾਰ ਉਸ 'ਤੇ ਕੁਝ ਜ਼ਿਆਦਾ ਹੀ ਮਿਹਰਬਾਨ ਹੈ ਅਤੇ ਡੇਰਾ ਮੁਖੀ ਦਾ ਸਰਕਾਰੇ-ਦਰਬਾਰੇ ਕਾਫ਼ੀ ਅਸਰ-ਰਸੂਖ ਹੈ।

ਆਮ ਲੋਕਾਂ ਦੀ ਇਹ ਧਾਰਨਾ ਬਣੀ ਹੋਈ ਹੈ ਕਿ ਬੇਅਦਬੀ ਦੇ ਕੇਸਾਂ ਵਿਚ ਨਿਆਂ ਹੋਣ ਤੋਂ ਰੋਕਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਪੰਜਾਬ ਪੁਲਿਸ ਵੱਲੋਂ ਕਾਇਮ ਕੀਤੀ ਵਿਸ਼ੇਸ਼ ਜਾਂਚ ਟੀਮ (ਸਿਟ) ਦੀ ਜਾਂਚ ਮੁਤਾਬਿਕ, ਡੇਰਾ ਮੁਖੀ ਗੁਰਮੀਤ ਰਾਮ ਰਹੀਮ ਪੰਜਾਬ ਵਿਚ ਹੋਈਆਂ ਬੇਅਦਬੀ ਦੀਆਂ ਘਟਨਾਵਾਂ ਦਾ ਮੁੱਖ ਸਾਜ਼ਿਸ਼ਕਾਰ ਸੀ; ਇਸ ਤੋਂ ਇਲਾਵਾ 'ਸਿਟ' ਨੇ 12 ਵਿਅਕਤੀਆਂ ਨੂੰ ਮੁਲਜ਼ਮ ਨਾਮਜ਼ਦ ਕੀਤਾ ਸੀ ਹਾਲਾਂਕਿ ਇਨ੍ਹਾਂ ਕੇਸਾਂ ਦੇ ਸਬੰਧ ਵਿਚ ਰਾਮ ਰਹੀਮ ਤੋਂ ਕਦੇ ਪੁੱਛ-ਪੜਤਾਲ ਨਹੀਂ ਕੀਤੀ ਗਈ। ਇਹ ਕਨਸੋਅ ਮਿਲਦੀ ਰਹੀ ਕਿ ਪੁਲਿਸ ਨੂੰ ਅਗਾਂਹ ਵਧਣ ਦਾ ਇਸ਼ਾਰਾ ਹੀ ਨਹੀਂ ਦਿੱਤਾ ਗਿਆ। ਇਹ ਸਾਰਾ ਕੁਝ ਵੀ ਡੇਰਾ ਮੁਖੀ ਦੇ ਅਸਰ-ਰਸੂਖ ਨੂੰ ਹੀ ਦਰਸਾਉਂਦਾ ਹੈ। ਯਾਦ ਰਹੇ ਕਿ 2015 ਵਿਚ ਵਾਪਰੀਆਂ ਬੇਅਦਬੀ ਦੀਆਂ ਘਟਨਾਵਾਂ ਅਤੇ ਸਿੱਖ ਪ੍ਰਦਰਸ਼ਨਕਾਰੀਆਂ ਉੱਪਰ ਗੋਲੀਬਾਰੀ ਦੀਆਂ ਘਟਨਾਵਾਂ ਅਜੇ ਤੱਕ ਚਿੰਤਾ ਦਾ ਸਬਬ ਬਣੀਆਂ ਹੋਈਆਂ ਹਨ। ਇਨ੍ਹਾਂ ਮਾਮਲਿਆਂ ਕਾਰਨ ਸ਼੍ਰੋਮਣੀ ਅਕਾਲੀ ਦਲ ਕੋਲੋਂ 2017 ਵਾਲੀਆਂ ਵਿਧਾਨ ਸਭਾ ਚੋਣਾਂ ਮੌਕੇ ਤਾਂ ਸੱਤਾ ਖੁੱਸੀ ਹੀ, ਅੱਜ ਤੱਕ ਇਸ ਦੇ ਪੈਰ ਨਹੀਂ ਲੱਗੇ ਹਨ। 2022 ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਵੀ ਅਕਾਲੀ ਦਲ ਦੀ ਹਾਲਤ ਬਹੁਤ ਮਾੜੀ ਰਹੀ ਹੈ। ਹਾਲ ਇਹ ਹੈ ਕਿ ਲੋਕ ਅਕਾਲੀ ਆਗੂਆਂ ਨੂੰ ਮੂੰਹ ਨਹੀਂ ਲਾ ਰਹੇ। ਹੋਰ ਤਾਂ ਹੋਰ ਜਿਹੜੇ ਟਕਸਾਲੀ ਅਕਾਲੀ ਪਰਿਵਾਰ ਪਾਰਟੀ ਲਈ ਜਾਨ ਵਾਰਨ ਲਈ ਤਿਆਰ ਰਹਿੰਦੇ ਸਨ, ਉਹ ਵੀ ਪਾਰਟੀ ਤੋਂ ਦੂਰ ਜਾ ਰਹੇ ਹਨ।

ਪੰਜਾਬ ਵਿਚ ਪਹਿਲਾਂ ਵਾਰੀ-ਵਾਰੀ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਦੀ ਸੀ। ਹੁਣ ਅਕਾਲੀ ਦਲ ਇਸ ਦੌੜ ਵਿਚੋਂ ਵੀ ਬਾਹਰ ਹੋ ਗਿਆ ਹੈ। ਪਿਛਲੇ ਸਮੇਂ ਦੌਰਾਨ ਜਿੰਨੀਆਂ ਵੀ ਅਹਿਮ ਚੋਣਾਂ ਹੋਈਆਂ ਹਨ, ਉਨ੍ਹਾਂ ਵਿਚ ਮੁੱਖ ਮੁਕਾਬਲਾ ਕਾਂਗਰਸ ਅਤੇ ਆਮ ਆਦਮੀ ਪਾਰਟੀ ਵਿਚਕਾਰ ਹੀ ਰਿਹਾ ਹੈ। ਹੋਰ ਤਾਂ ਹੋਰ, ਹੁਣ ਅਕਾਲੀ ਦਲ ਨੂੰ ਚਾਰ ਜ਼ਿਮਨੀ ਚੋਣਾਂ ਲੜਨ ਦੀ ਚਿੰਤਾ ਵੱਢ-ਵੱਢ ਖਾ ਰਹੀ ਹੈ। ਰਹਿੰਦੀ ਕਸਰ ਵਿਰਸਾ ਸਿੰਘ ਵਲਟੋਹਾ ਵਰਗੇ ਲੀਡਰਾਂ ਨੇ ਕੱਢ ਦਿੱਤੀ ਹੈ। ਜਥੇਦਾਰਾਂ ਬਾਰੇ ਬਿਆਨ-ਦਰ-ਬਿਆਨ ਦਾਗ ਕੇ ਉਸ ਨੇ ਜਿਹੜਾ ਮਾਹੌਲ ਬਣਾ ਦਿੱਤਾ ਹੈ, ਉਸ ਨਾਲ ਅਕਾਲੀ ਦਲ ਦੀ ਸਾਖ ਨੂੰ ਝਟਕਾ ਲੱਗਿਆ ਹੈ। ਇਹ ਠੀਕ ਹੈ ਕਿ ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਪੰਜਾਬ ਵਿਚ ਆਪਣੇ ਪੈਰ ਪਸਾਰਨ ਲਈ ਹੱਥ-ਪੈਰ ਮਾਰ ਰਹੀ ਹੈ ਅਤੇ ਹਰ ਸੰਭਵ ਕੋਸ਼ਿਸ਼ ਵੀ ਕਰ ਰਹੀ ਹੈ ਪਰ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਜੋ ਨੁਕਸਾਨ ਅਕਾਲੀ ਦਲ ਦਾ ਹੋਇਆ ਹੈ, ਉਸ ਦੀ ਭਰਪਾਈ ਹੋਣਾ ਫਿਲਹਾਲ ਮੁਸ਼ਕਿਲ ਹੀ ਜਾਪਦਾ ਹੈ। ਸੁਖਬੀਰ ਸਿੰਘ ਬਾਦਲ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਤਨਖਾਹੀਆ ਐਲਾਨਿਆ ਜਾ ਚੁੱਕਾ ਹੈ। ਆਉਣ ਵਾਲੇ ਸਮੇਂ ਵਿਚ ਉਸ ਨੂੰ ਸਜ਼ਾ ਵੀ ਸੁਣਾਈ ਜਾਣੀ ਹੈ। ਇਸ ਸੂਰਤ ਵਿਚ ਅਕਾਲੀ ਦਲ ਦਾ ਕੀ ਹਾਲ ਹੋਵੇਗਾ, ਅੰਦਾਜ਼ਾ ਲਾਉਣਾ ਔਖਾ ਨਹੀਂ ਹੈ। ਅਸਲ ਵਿਚ ਸੁਖਬੀਰ ਸਿੰਘ ਬਾਦਲ ਦੀ ਲੀਡਰਸ਼ਿਪ ਖਿਲਾਫ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਜਿਊਂਦਿਆਂ ਹੀ ਬਗਾਵਤਾਂ ਹੋਣੀਆਂ ਆਰੰਭ ਹੋ ਗਈਆਂ ਸਨ ਪਰ ਜਿਵੇਂ-ਕਿਵੇਂ ਪ੍ਰਕਾਸ਼ ਸਿੰਘ ਬਾਦਲ ਹਾਲਤ ਸੰਭਾਲ ਲੈਂਦੇ ਸਨ। ਹਕੀਕਤ ਇਹ ਹੈ ਕਿ ਪੰਜਾਬ ਅਤੇ ਪੰਥ ਦੀ ਸਿਆਸਤ ਚਲਾਉਣਾ ਸੁਖਬੀਰ ਸਿੰਘ ਬਾਦਲ ਦੇ ਵੱਸ ਦਾ ਰੋਗ ਹੀ ਨਹੀਂ ਹੈ। ਹੁਣ ਵੀ ਉਹ ਆਪਣੀ ਜ਼ਿਦ ਪੁਗਾਉਣ ਲਈ ਡਟਿਆ ਹੋਇਆ ਹੈ; ਨਹੀਂ ਤਾਂ ਕਹਿੰਦੇ-ਕਹਾਉਂਦੇ ਸਿਆਸੀ ਮਾਹਿਰ ਕਹਿ ਚੁੱਕੇ ਹਨ ਕਿ ਜਿੰਨਾ ਚਿਰ ਸੁਖਬੀਰ ਸਿੰਘ ਬਾਦਲ ਨੂੰ ਅਕਾਲੀ ਦਲ ਤੋਂ ਲਾਂਭੇ ਨਹੀਂ ਕੀਤਾ ਜਾਂਦਾ, ਅਕਾਲੀ ਦਲ ਨੂੰ ਮੁੜ ਪੈਰਾਂ ਸਿਰ ਕਰਨਾਂ ਔਖਾ ਹੈ। ਹੁਣ ਡੇਰਾ ਮੁਖੀ ਖਿਲਾਫ ਕਾਰਵਾਈ ਨਾਲ ਅਕਾਲੀ ਦਲ ਅਤੇ ਸੁਖਬੀਰ ਸਿੰਘ ਬਾਦਲ ਦੀਆਂ ਮੁਸ਼ਕਿਲਾਂ ਵਧਣੀਆਂ ਹੀ ਵਧਣੀਆਂ ਹਨ। ਇਸ ਸੂਰਤ ਵਿਚ ਆਉਣ ਵਾਲੇ ਸਮੇਂ ਵਿਚ ਸਿਆਸਤ ਦਾ ਊਠ ਕਿਸ ਕਰਵਟ ਬੈਠਦਾ ਹੈ, ਇਹ ਦੇਖਣਾ ਕਾਫੀ ਦਿਲਚਸਪ ਹੋਵੇਗਾ ਕਿਉਂਕਿ ਪਿਛਲੇ ਕੁਝ ਸਮੇਂ ਤੋਂ ਪੰਜਾਬ ਦੀ ਸਿਆਸਤ ਵਿਚ ਬੜੇ ਤਿੱਖੇ ਮੋੜ ਆ ਰਹੇ ਹਨ ਅਤੇ ਅਕਾਲੀ ਦਲ ਨੂੰ ਆਪਣੀ ਹੋਂਦ ਬਚਾਉਣ ਲਈ ਤਰੱਦਦ ਕਰਨਾ ਪੈ ਰਿਹਾ ਹੈ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### ਪਾਰਟੀ ਦਾ ਪਿਉ ਵਾ.ਲਾ ਹਾਲ

ਸੁਪਨੇ ਦੇਖਦਾ ਚੋਣਾਂ ਵਿਚ ਜਿੱਤਣੇ ਦੇ ਲੱਥੀ ਨਹੀਂ ਹੰਕਾਰ ਦੀ 'ਪਾਣ' ਦੇਖੋ।
ਕਬਜ਼ਾ ਗੋਲ੍ਹਕ 'ਤੇ ਸਦਾ ਹੀ ਰਹੇ ਸਾਡਾ ਲਾਈ ਜਾ ਰਿਹਾ ਹਾਲੇ ਵੀ ਤਾਣ ਦੇਖੋ।
ਤਖਤ ਸਾਹਬ 'ਤੇ ਭੇਜਦਾ ਚਮਚਿਆਂ ਨੂੰ ਕਰੀ ਜਾਂਦਾ ਏ ਵਿਰਸੇ ਦਾ ਘਾਣ ਦੇਖੋ।
ਦੋਸ਼ ਹਾਲੇ ਵੀ ਲਾਉਂਦਾ ਏ ਦੂਜਿਆਂ 'ਤੇ ਦਿਸਦੀ ਆਪਣੇ ਵਿਚ ਨਹੀਂ ਕਾਣ ਦੇਖੋ।
ਪੰਜ ਵਾਰ ਦਾ ਸੀ.ਐਮ ਰਿਹਾ ਬਾਪ ਜਿੰਦਾਂ ਕੱਖੋਂ ਹੌ.ਲਾ ਕਰ ਦੁਨੀਆਂ ਤੋਂ ਤੋਰ ਦਿੱਤਾ।
ਏਦਾਂ 'ਦਲ' ਹੈ ਜਿਹੜਾ ਅਕਾਲੀਆਂ ਦਾ 'ਬਾਦਲ ਦਲ' ਬਣਾਇ ਕੇ ਖੋਰ ਦਿੱਤਾ!

# ਪੰਜਾਬ ਵਿਚ ਪੰਚਾਇਤ ਚੋਣਾਂ ਦੌਰਾਨ ਲੋਕਤੰਤਰ ਦਾ ਘਾਣ

**ਇਸ ਵਾਰ ਵਾਲੀਆਂ ਪੰਚਾਇਤੀ ਚੋਣਾਂ ਵਿਚ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਆਪਣੀ ਮਰਜ਼ੀ ਚਲਾਈ ਹੈ। ਇਨ੍ਹਾਂ ਚੋਣਾਂ ਅਤੇ ਇਨ੍ਹਾਂ ਦੀ ਵੁਕਅਤ ਬਾਰੇ ਚਰਚਾ ਸਾਡੇ ਕਾਲਮਨਵੀਸ ਨਵਕਿਰਨ ਸਿੰਘ ਪੱਤੀ ਨੇ ਆਪਣੇ ਇਸ ਲੇਖ ਵਿਚ ਵਿਸਥਾਰ ਸਹਿਤ ਕੀਤੀ ਹੈ।**

ਪੰਚਾਇਤਾਂ ਨੂੰ ਭਾਰਤ ਦੇ ਜਮਹੂਰੀ ਢਾਂਚੇ ਜਾਂ ਲੋਕਤੰਤਰ ਦੀ ਸਭ ਤੋਂ ਹੇਠਲੀ ਪੌੜੀ ਕਿਹਾ ਜਾਂਦਾ ਹੈ। ਇਸ ਵਾਰ ਪੰਜਾਬ ਵਿਚ ਹੋਈਆਂ ਪੰਚਾਇਤੀ ਚੋਣਾਂ ਕਈ ਕਾਰਨਾਂ ਕਰ ਕੇ ਚਰਚਾ ਵਿਚ ਰਹੀਆਂ। ਹਾਈਕੋਰਟ ਵਿਚ ਸੂਬੇ ਦੇ ਹਜ਼ਾਰ ਤੋਂ ਉੱਪਰ ਪਿੰਡਾਂ ਦੀਆਂ ਪਟੀਸ਼ਨਾਂ ਪਹੁੰਚਣ ਕਾਰਨ ਚੋਣਾਂ ਵਾਲੇ ਦਿਨ ਤੋਂ ਇਕ ਦਿਨ ਪਹਿਲਾਂ ਤੱਕ ਲੋਕਾਂ ਦੇ ਮਨਾਂ ਵਿਚ ਇਹ ਧੁੜਕੂ ਸੀ ਕਿ ਇਹ ਚੋਣਾਂ ਤੈਅ ਸਮੇਂ 'ਤੇ ਹੋਣਗੀਆਂ ਵੀ ਜਾਂ ਨਹੀਂ। ਸ਼ਾਇਦ ਇਹ ਪਹਿਲੀ ਵਾਰ ਹੈ ਕਿ ਪੰਚਾਇਤ ਚੋਣਾਂ ਦਰਮਿਆਨ ਐਨੀ ਵੱਡੀ ਪੱਧਰ ਉੱਪਰ ਲੋਕਾਂ ਵੱਲੋਂ ਹਾਈਕੋਰਟ ਦਾ ਰੁਖ ਕੀਤਾ ਗਿਆ ਹੋਵੇ।

ਇਸ ਵਿਚ ਦੋ ਰਾਵਾਂ ਨਹੀਂ ਕਿ ਪੰਜਾਬ ਵਿਚ ਪੰਚਾਇਤੀ ਚੋਣਾਂ ਦੌਰਾਨ ਗਹਿਮਾ-ਗਹਿਮੀ ਵਿਧਾਨ



ਸਭਾ ਅਤੇ ਲੋਕ ਸਭਾ ਚੋਣਾਂ ਦੇ ਮੁਕਾਬਲੇ ਜ਼ਿਆਦਾ ਰਹਿੰਦੀ ਹੈ। ਇਸ ਹਿਸਾਬ ਨਾਲ ਇਨ੍ਹਾਂ ਪੰਚਾਇਤ ਚੋਣਾਂ ਦੌਰਾਨ ਹੋਈ 77 ਫੀਸਦ ਦੇ ਕਰੀਬ ਪੋਲਿੰਗ ਦੇ ਅੰਕੜੇ ਨੂੰ

**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਸੰਤੁਸ਼ਟੀਜਨਕ ਨਹੀਂ ਕਿਹਾ ਜਾ ਸਕਦਾ ਹੈ। ਪੰਜਾਬ ਵਿਚੋਂ ਪੂੰਜੀਵਾਦੀ ਮੁਲਕਾਂ ਵੱਲ ਵੱਡੀ ਪੱਧਰ 'ਤੇ ਹੋ ਰਿਹਾ ਪਰਵਾਸ ਵੀ ਇਸ ਦਾ ਇਕ ਕਾਰਨ ਹੋ ਸਕਦਾ ਹੈ।

ਚੋਣਾਂ ਵਾਲੇ ਦਿਨ ਪੰਜਾਬ ਦੇ ਲੱਗਭੱਗ ਅੱਧੇ ਜ਼ਿਲ੍ਹਿਆਂ ਵਿਚ ਝੜਪਾਂ ਹੋਈਆਂ ਅਤੇ ਤਿੰਨ ਥਾਵਾਂ 'ਤੇ ਗੋਲੀ ਚੱਲਣ ਦੀਆਂ ਖਬਰਾਂ ਨੇ ਇਸ ਚੋਣ ਮੇਲੇ ਦੀ ਅਸਲੀ ਤਸਵੀਰ ਸਾਹਮਣੇ ਲੈ ਆਂਦੀ ਹੈ। ਤਰਨਤਾਰਨ ਜ਼ਿਲ੍ਹੇ ਦੇ ਪਿੰਡ ਬਾਬਾ ਸੈਣ ਭਗਤ ਵਿਚ ਦੁਵੱਲੀ ਗੋਲੀਬਾਰੀ ਨਾਲ ਦੋ ਜਣੇ ਜ਼ਖਮੀ ਹੋ ਗਏ। ਪਟਿਆਲਾ ਜ਼ਿਲ੍ਹੇ ਦੇ ਸਨੌਰ ਨੇੜਲੇ ਪਿੰਡ ਖੁੱਡਾ ਵਿਚ ਪਿੰਡ ਦੇ ਵੱਡੀ ਗਿਣਤੀ ਲੋਕਾਂ ਨੇ ਦਾਅਵਾ ਕੀਤਾ ਕਿ ਕੁਝ ਲੋਕਾਂ ਨੇ ਪੋਲਿੰਗ ਬੂਥ ਉੱਪਰ ਹੀ ਕਬਜ਼ਾ ਕਰ ਲਿਆ। ਪਿੰਡ ਵਿਚ ਲਗਾਤਾਰ ਦੋ ਦਿਨ ਤਣਾਅ ਵਾਲਾ ਮਾਹੌਲ ਰਿਹਾ ਤੇ ਪਿੰਡ ਵਾਸੀ ਪੋਲਿੰਗ ਬੂਥ ਨੂੰ ਜਿੰਦਰਾ ਲਾਉਣ ਲਈ ਮਜਬੂਰ ਹੋਏ।

ਇਸ ਗੱਲ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਪਿਛਲੀਆਂ ਅਕਾਲੀ-ਭਾਜਪਾ ਅਤੇ ਕਾਂਗਰਸ ਸਰਕਾਰਾਂ ਦੌਰਾਨ ਵੀ ਪੰਚਾਇਤੀ ਚੋਣਾਂ ਵਿਚ ਬੁਰਛਾਗਰਦੀ ਦਾ ਨੰਗਾ ਨਾਚ ਨੱਚਿਆ ਜਾਂਦਾ ਰਿਹਾ ਹੈ ਪਰ ਸਵਾਲ ਤਾਂ ਇਸ ਤੋਂ ਅੱਗੇ ਇਹ ਖੜ੍ਹਾ ਹੈ ਕਿ ਰਵਾਇਤੀ ਪਾਰਟੀਆਂ ਤੋਂ ਅੱਕੇ ਪੰਜਾਬੀਆਂ ਨੇ 'ਬਦਲਾਅ' ਦੇ ਰੂਪ ਵਿਚ ਆਮ ਆਦਮੀ ਪਾਰਟੀ ਨੂੰ ਚੁਣਿਆ ਸੀ, ਹੁਣ 'ਆਪ' ਦੀ ਸੱਤਾ ਦੌਰਾਨ ਸੂਬੇ ਵਿਚ ਹੋਈਆਂ ਪੰਚਾਇਤੀ ਚੋਣਾਂ ਦਾ ਘਟਨਾਕ੍ਰਮ ਦਰਸਾਉਂਦਾ ਹੈ ਕਿ 'ਬਦਲਾਅ' ਸਿਰਫ ਗੱਲਾਂ-ਬਾਤਾਂ ਤੱਕ ਹੀ ਸੀਮਤ ਹੈ।

ਖੈਰ! ਇਸ ਸਭ ਦੇ ਬਾਵਜੂਦ ਪੰਚਾਇਤੀ ਚੋਣਾਂ ਦੌਰਾਨ ਕੁਝ ਨਿਵੇਕਲੀਆਂ ਪਹਿਲਕਦਮੀਆਂ ਸਾਹਮਣੇ ਆਈਆਂ ਹਨ ਜਿਵੇਂ ਕੁਝ ਜਨਰਲ ਸੀਟਾਂ ਉੱਪਰ ਦਲਿਤ ਭਾਈਚਾਰੇ ਨਾਲ ਸਬੰਧਿਤ ਉਮੀਦਵਾਰਾਂ ਨੇ ਚੋਣਾਂ ਲੜੀਆਂ ਜਿਨ੍ਹਾਂ ਵਿਚੋਂ ਕੁਝ ਜਿੱਤਣ ਵਿਚ ਕਾਮਯਾਬ ਵੀ ਰਹੇ। ਚੋਣਾਂ ਜਿੱਤਣ ਨਾਲ ਦਲਿਤ ਭਾਈਚਾਰੇ ਦੇ ਆਰਥਿਕ, ਸਮਾਜਿਕ ਜੀਵਨ ਵਿਚ ਕੋਈ ਵੱਡਾ ਬਦਲਾਅ ਭਾਵੇਂ ਨਹੀਂ ਆਉਣ ਵਾਲਾ, ਫਿਰ ਵੀ ਇਹ ਸੀਮਤ ਰੂਪ ਵਿਚ ਹਾਂ ਪੱਖੀ ਵਰਤਾਰਾ ਹੈ।

ਇਨ੍ਹਾਂ ਚੋਣਾਂ ਦੌਰਾਨ ਕੁਝ ਪਿੰਡਾਂ ਵਿਚ ਚੋਣ ਲੜ ਰਹੇ ਉਮੀਦਵਾਰਾਂ ਨੂੰ ਰੱਦ ਕਰ ਕੇ 'ਨੋਟਾ' ਉੱਪਰ ਮੋਹਰ ਲਾਉਣ ਨਾਲ ਨਵੀਂ ਉਦਾਹਰਨ ਪੇਸ਼ ਕਰ ਦਿੱਤੀ। ਦਰਅਸਲ ਪਿਛਲੇ ਕੁਝ ਸਾਲਾਂ ਤੋਂ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਵਿਚ ਈ.ਵੀ.ਐਮ. 'ਤੇ ਵੋਟਰਾਂ ਲਈ ਇਕ ਚੋਣ 'ਨੋਟਾ' ਬਟਨ ਦੀ ਹੁੰਦੀ ਹੈ; ਭਾਵ, ਵੋਟਰ ਲਈ ਇਹ ਚੋਣ ਹੁੰਦੀ ਹੈ ਕਿ ਵੋਟਰ ਜੇ ਕਿਸੇ ਵੀ ਉਮੀਦਵਾਰ ਨੂੰ ਪਸੰਦ ਨਹੀਂ ਕਰਦਾ ਤਾਂ ਉਹ 'ਨੋਟਾ' ਦਾ ਬਟਨ ਦੱਬ ਸਕਦਾ ਹੈ। ਇਸ ਵਾਰ ਪੰਜਾਬ ਵਿਚ ਹੋਈਆਂ ਪੰਚਾਇਤ ਚੋਣਾਂ ਵਿਚ ਬੈਲਟ ਪੇਪਰ ਉੱਪਰ ਵੀ 'ਨੋਟਾ' ਦੀ ਚੋਣ ਦਿੱਤੀ ਗਈ।

ਜਦ ਤੋਂ 'ਨੋਟਾ' ਦੀ ਆਪਸ਼ਨ ਆਈ ਹੈ ਤਦ ਤੋਂ ਇਹ ਚਰਚਾ ਚੱਲ ਰਹੀ ਹੈ ਕਿ ਜੇ ਸਾਰੇ ਉਮੀਦਵਾਰਾਂ ਨਾਲੋਂ 'ਨੋਟਾ' ਨੂੰ ਵੱਧ ਵੋਟਾਂ ਪੈ ਜਾਣ ਤਾਂ ਕੀ ਹੋਵੇਗਾ। ਵੈਸੇ ਇਸ ਬਾਰੇ ਸਾਫ ਹੈ ਕਿ 'ਨੋਟਾ' ਨੂੰ ਵੱਧ ਵੋਟਾਂ ਪੈਣ ਦੇ ਬਾਵਜੂਦ ਚੋਣਾਂ ਦੁਬਾਰਾ ਨਹੀਂ ਹੋਣਗੀਆਂ ਬਲਕਿ ਉਮੀਦਵਾਰਾਂ ਵਿਚੋਂ ਜ਼ਿਆਦਾ ਵੋਟਾਂ ਹਾਸਲ ਕਰਨ ਵਾਲੇ ਨੂੰ ਹੀ



ਜੇਤੂ ਕਰਾਰ ਦਿੱਤਾ ਜਾਵੇਗਾ ਪਰ ਅਜੇ ਤੱਕ ਇਸ ਤਰ੍ਹਾਂ ਦੀ ਸਥਿਤੀ ਨਾ ਬਣੀ ਹੋਣ ਕਾਰਨ ਵੋਟਰਾਂ ਨੂੰ ਇਹ ਗੱਲ ਸਿੱਧੀ ਸਮਝ ਨਹੀਂ ਪੈ ਰਹੀ ਸੀ ਲੇਕਿਨ ਪੰਜਾਬ ਦੀਆਂ ਪੰਚਾਇਤ ਚੋਣਾਂ ਦੌਰਾਨ ਕੁਝ ਪਿੰਡਾਂ ਨੇ ਉਦਹਾਰਨ ਪੇਸ਼ ਕਰ ਦਿੱਤੀ। ਜ਼ਿਲ੍ਹਾ ਤਰਨ ਤਾਰਨ ਦੇ ਪਿੰਡ ਜੋਧਪੁਰ ਦੇ ਲੋਕਾਂ ਨੇ ਸਰਪੰਚੀ ਲਈ ਖੜ੍ਹੇ ਉਮੀਦਵਾਰਾਂ ਨੂੰ ਵੋਟਾਂ ਪਾਉਣ ਦੀ ਥਾਂ 'ਨੋਟਾ' ਨੂੰ ਸਭ ਤੋਂ ਵੱਧ ਵੋਟਾਂ ਪਈਆਂ। ਜੋਧਪੁਰ ਵਿਚ ਦੋਵਾਂ ਉਮੀਦਵਾਰਾਂ ਨੂੰ ਕ੍ਰਮਵਾਰ 271 ਤੇ 247 ਵੋਟਾਂ ਮਿਲੀਆਂ ਅਤੇ 'ਨੋਟਾ' ਨੂੰ 368 ਵੋਟਾਂ ਮਿਲੀਆਂ। ਇਸੇ ਤਰ੍ਹਾਂ ਦੀ ਜਾਣਕਾਰੀ ਪਟਿਆਲਾ ਜ਼ਿਲ੍ਹੇ ਦੇ ਪਿੰਡ ਬਿਸ਼ਨਗੜ੍ਹ ਤੋਂ ਆ ਰਹੀ ਹੈ। ਦੋ-ਤਿੰਨ ਪਿੰਡ ਹੋਰ ਹਨ ਜਿਨ੍ਹਾਂ ਨੇ ਇਸ ਤਰ੍ਹਾਂ ਕੀਤਾ ਹੈ।

ਵੈਸੇ ਕੁਝ ਜਮਹੂਰੀ ਹਲਕੇ ਇਸ ਮਾਮਲੇ ਵਿਚ ਸਵਾਲ ਉਠਾਉਂਦੇ ਰਹੇ ਹਨ ਕਿ ਜਦ 'ਨੋਟਾ' ਦੀ ਕੋਈ ਠੋਸ ਅਹਿਮੀਅਤ ਹੀ ਨਹੀਂ ਹੈ ਤਾਂ ਕੀ ਇਹ ਸਿਰਫ ਪ੍ਰੈਸ਼ਰ ਕੁੱਕਰ ਦੀ ਸੀਟੀ ਜਾਂ ਸੇਫਟੀ ਵਾਲਵ ਦੇ ਰੂਪ ਵਿਚ ਦਿੱਤਾ ਗਿਆ ਹੈ?

ਪੰਚਾਇਤੀ ਚੋਣਾਂ ਦੇ ਮਾਹੌਲ ਵਿਚ ਅਦਾਲਤਾਂ ਦੇ ਫੈਸਲੇ ਵੀ ਚਰਚਾ ਵਿਚ ਰਹੇ। ਹਾਈਕੋਰਟ ਕੁਝ ਪਿੰਡਾਂ ਵਿਚ ਚੋਣਾਂ 'ਤੇ ਰੋਕ ਲਗਾ ਦਿੱਤੀ ਸੀ ਪਰ ਚੋਣਾਂ ਵਾਲੇ ਦਿਨ ਤੋਂ ਇਕ ਦਿਨ ਪਹਿਲਾਂ ਹਾਈਕੋਰਟ ਨੇ ਸਾਰੀਆਂ ਪਟੀਸ਼ਨਾਂ ਰੱਦ ਕਰ ਕੇ ਚੋਣਾਂ ਕਰਵਾਉਣ ਦਾ ਫੈਸਲਾ ਸੁਣਾ ਦਿੱਤਾ ਹਾਲਾਂਕਿ ਇਸ ਫੈਸਲੇ ਤੋਂ ਬਾਅਦ ਕੁਝ ਪਟੀਸ਼ਨਰਾਂ ਨੇ ਸੁਪਰੀਮ ਕੋਰਟ ਦਾ ਰੁਖ ਕੀਤਾ ਸੀ ਜਿਸ 'ਤੇ ਸਪਰੀਮ ਕੋਰਟ ਨੇ ਇਹ ਕਹਿੰਦਿਆਂ ਰੋਕ ਲਾਉਣ ਤੋਂ ਨਾਂਹ ਕਰ ਦਿੱਤੀ ਕਿ ਇਸ ਮੌਕੇ ਚੋਣ ਅਮਲ ਵਿਚ ਦਖ਼ਲ ਦੇਣ ਨਾਲ 'ਅਰਾਜਕਤਾ' ਫੈਲ ਜਾਵੇਗੀ।

ਕਈ ਥਾਂ ਉਮੀਦਵਾਰਾਂ ਦੇ ਸਮਰਥਕਾਂ ਨੇ ਪੋਲਿੰਗ ਸਟੇਸ਼ਨ 'ਚ ਹੰਗਾਮਾ ਕੀਤਾ, ਪੋਲਿੰਗ ਪਾਰਟੀ ਨੂੰ ਤੰਗ ਪ੍ਰੇਸ਼ਾਨ ਵੀ ਕੀਤਾ ਅਤੇ ਆਪਣੇ ਪੱਖ ਵਿਚ ਫੈਸਲਾ ਸੁਣਾਉਣ ਲਈ ਦਬਾਅ ਪਾਇਆ। ਪਿੰਡ ਹੰਸਾਲਾ ਵਿਚ ਤਾਂ ਰਸਤੇ ਵਿਚ ਘੇਰ ਕੇ ਚੋਣ ਸਮੱਗਰੀ ਖੋਹਣ ਅਤੇ ਪੁਲਿਸ ਮੁਲਾਜ਼ਮ ਦੀ ਵਰਦੀ ਪਾੜਨ ਦੇ ਦੋਸ਼ ਹੇਠ ਪ੍ਰੀਜ਼ਾਈਡਿੰਗ ਅਫ਼ਸਰ ਦੀ ਸ਼ਿਕਾਇਤ 'ਤੇ ਉਮੀਦਵਾਰ ਸਣੇ ਦੋ ਔਰਤਾਂ ਅਤੇ 40 ਤੋਂ ਵੱਧ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ। ਸੋਸ਼ਲ ਮੀਡੀਆ 'ਤੇ ਵਾਇਰਲ ਕੁਝ ਵੀਡੀਓਜ਼ ਵਿਚ ਸਾਫ ਦੇਖਿਆ ਜਾ ਸਕਦਾ ਹੈ ਕਿ ਕੁਝ ਪੋਲਿੰਗ ਬੂਥਾਂ ਉੱਪਰ ਮੁਲਾਜ਼ਮਾਂ ਨੇ ਜਾਨ ਜ਼ੋਖਮ ਵਿਚ ਪਾ ਕੇ ਡਿਊਟੀ ਕੀਤੀ। ਸਵਾਲ ਸਰਕਾਰਾਂ ਅਤੇ ਇਸ ਸਮੁੱਚੇ ਪ੍ਰਬੰਧ ਅੱਗੇ ਮੂੰਹ ਅੱਡੀ ਖੜ੍ਹਾ ਹੈ ਕਿ ਲੋਕਤੰਤਰ ਦੀ ਸਭ ਤੋਂ ਹੇਠਲੀ ਪੌੜੀ ਕਹੀਆਂ ਜਾਂਦੀਆਂ ਪੰਚਾਇਤੀ ਚੋਣਾਂ ਵਿਚ ਲੋਕਤੰਤਰ ਨੂੰ ਅਣਗੌਲਿਆਂ ਕਰ ਕੇ ਧੱਕੇਸ਼ਾਹੀ ਕਰਨ ਦਾ ਮਤਲਬ ਕੀ ਬਣਦਾ ਹੈ? ਕੀ ਲੋਕਾਂ ਨੂੰ ਇਸ ਲੋਕਤੰਤਰ ਉੱਪਰ ਵਿਸ਼ਵਾਸ ਨਹੀਂ।

ਵੈਸੇ ਚੋਣਾਂ ਤੋਂ ਪਹਿਲਾਂ ਹੀ ਮੁਲਾਜ਼ਮ ਜਥੇਬੰਦੀਆਂ ਨੇ ਮੰਗ ਪੱਤਰ ਸੌਂਪ ਕੇ ਮੰਗ ਕੀਤੀ ਸੀ ਕਿ ਵੋਟਾਂ ਵਾਲੀ ਸ਼ਾਮ ਨੂੰ ਬੂਥਾਂ 'ਤੇ ਵੋਟਾਂ ਦੀ ਗਿਣਤੀ ਕਰਾਉਣ ਦੀ ਬਜਾਏ ਕੇਂਦਰੀਕ੍ਰਿਤ ਕੇਂਦਰਾਂ 'ਤੇ ਪੂਰੇ ਸੁਰੱਖਿਆ ਪ੍ਰਬੰਧਾਂ ਅਧੀਨ ਕਰਵਾਈ ਜਾਵੇ ਪਰ ਪੰਜਾਬ ਚੋਣ ਕਮਿਸ਼ਨ ਅਤੇ ਸੂਬਾ ਸਰਕਾਰ ਨੇ ਮੁਲਾਜ਼ਮਾਂ ਦੀ ਗੱਲ ਵੱਲ ਧਿਆਨ ਨਹੀਂ ਦਿੱਤਾ ਹਾਲਾਂਕਿ ਪਿੰਡ ਵਿਚ ਗਿਣਤੀ ਕਰਵਾਉਣ ਦੀ ਥਾਂ ਪਿੰਡ ਤੋਂ ਬਾਹਰ ਕਰਵਾਉਣ ਨਾਲ ਹੋਰ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਆਉਣੀਆਂ ਸਨ ਪਰ ਮੁਲਾਜ਼ਮਾਂ ਦੀ ਮੰਗ ਦਾ ਵੀ ਆਧਾਰ ਹੈ। ਚੋਣ ਕਮਿਸ਼ਨ/ਪ੍ਰਸ਼ਾਸਨ ਵੱਲੋਂ ਮੁਲਾਜ਼ਮਾਂ ਦੇ ਖਾਣੇ ਦਾ ਕੋਈ ਪੁਖਤਾ ਤੇ ਠੋਸ ਪ੍ਰਬੰਧ ਨਹੀਂ ਸੀ।

ਚੋਣਾਂ ਦੌਰਾਨ ਸਰਬਸੰਮਤੀ ਨਾਲ ਸਰਪੰਚ ਚੁਨਣ ਦੀ ਪ੍ਰਕਿਰਿਆ ਉੱਪਰ ਵੀ ਗੰਭੀਰ ਸਵਾਲ ਖੜ੍ਹੇ ਹੋਏ ਹਨ। ਪਹਿਲੀ ਗੱਲ ਤਾਂ ਸਰਬਸੰਮਤੀ ਨਾਲ ਸਰਪੰਚ ਚੁਨਣ ਦੀ ਪ੍ਰਕਿਰਿਆ ਵਿਚ ਪਿੰਡ ਦੇ ਗਰੀਬ ਲੋਕਾਂ ਦੀ ਕੋਈ ਰਾਇ ਨਹੀਂ ਲਈ ਜਾਂਦੀ, ਸਿਰਫ ਪਿੰਡ ਦੇ ਮੁੱਠੀ ਭਰ ਲੋਕ ਚੁਣਦੇ ਹਨ। ਕੁਝ ਜਗ੍ਹਾ ਇਹ ਵਰਤਾਰਾ ਵੀ ਨਜ਼ਰ ਆਇਆ ਕਿ 'ਸੱਤਾ' ਧਿਰ ਵੱਲੋਂ ਸਿਰਫ ਇਕ ਉਮੀਦਵਾਰ ਨੂੰ ਛੱਡ ਕੇ ਬਾਕੀਆਂ ਦੇ ਕਾਗਜ਼ ਜਾਂ ਤਾਂ ਭਰਨ ਹੀ ਨਹੀਂ ਦਿੱਤੇ ਗਏ ਜਾਂ ਰੱਦ ਕਰਵਾਏ ਗਏ ਤੇ ਇਸ ਧੱਕੇਸ਼ਾਹੀ ਨੂੰ 'ਸਰਬਸੰਮਤੀ' ਦਾ ਨਾਮ ਦਿੱਤਾ ਗਿਆ। ਮੁੱਖ ਮੰਤਰੀ ਨੇ ਆਪਣੇ ਪਿੰਡ ਪਹੁੰਚ ਕੇ ਖੁਦ ਇਸ ਗੱਲ ਉੱਪਰ ਜ਼ੋਰ ਦਿੱਤਾ ਕਿ ਸਾਰਿਆਂ ਦੀ ਸਹਿਮਤੀ ਨਾਲ ਇਕ ਨੂੰ ਛੱਡ ਕੇ ਬਾਕੀਆਂ ਨੂੰ ਨਾਮਜ਼ਦਗੀ ਪੱਤਰ ਵਾਪਸ ਲੈ ਕੇ 'ਸਰਬਸੰਮਤੀ' ਕਰ ਲਈ ਜਾਵੇ। ਜਦ ਸਰਕਾਰਾਂ ਅਨੁਸਾਰ ਪੰਚਾਇਤਾਂ ਲੋਕਤੰਤਰ ਦੀ ਹੇਠਲੀ ਪੌੜੀ ਹਨ ਤਾਂ ਲੋਕਤੰਤਰੀ ਤਰੀਕੇ ਨਾਲ ਚੋਣ ਕਰਵਾਉਣ ਦੀ ਬਜਾਇ ਸਰਬਸੰਮਤੀ ਉੱਪਰ ਜ਼ੋਰ ਕਿਉਂ?

ਹਕੀਕਤ ਇਹ ਹੈ ਕਿ ਇਨ੍ਹਾਂ ਚੋਣਾਂ ਵਿਚ ਲੋਕਤੰਤਰ ਦਾ ਘਾਣ ਹੋਇਆ। ਪੈਸਾ, ਸ਼ਰਾਬ ਸਮੇਤ ਕਈ ਤਰ੍ਹਾਂ ਦੇ ਨਸ਼ੇ ਖੁੱਲ੍ਹੇਆਮ ਵੰਡ ਕੇ ਲੋਕਾਂ ਵਿਚ ਗਲਤ ਰੁਝਾਨ ਵਿਕਸਤ ਕੀਤੇ ਜਾਂਦੇ ਹਨ। ਇਹ ਚੋਣਾਂ ਲੋਕਾਂ ਦੀ ਭਾਈਚਾਰਕ ਸਾਂਝ ਨੂੰ ਤਾਰਪੀਡੋ ਕਰਨ ਦਾ ਜ਼ਰੀਆ ਬਣ ਰਹੀਆਂ ਹਨ। ਹਾਕਮ ਜਮਾਤਾਂ ਨਾਲ ਸਬੰਧਿਤ ਪਾਰਟੀਆਂ ਪਿੰਡਾਂ ਵਿਚ ਆਪੋ-ਆਪਣੇ ਗਰੁੱਪ ਖੜ੍ਹੇ ਕਰਨ ਲਈ ਇਨ੍ਹਾਂ ਚੋਣਾਂ ਨੂੰ ਖੂਬ ਵਰਤ ਰਹੀਆਂ ਹਨ। ਪਿੰਡ ਵਿਚ ਇਕ ਵਾਰ ਪਈਆਂ ਦੂਰੀਆਂ ਕਈ ਸਾਲਾਂ ਤੱਕ ਮਿਟਦੀਆਂ ਨਹੀਂ।

ਇਕ ਅਹਿਮ ਸਵਾਲ ਦਾ ਜਵਾਬ ਜੋ ਸਾਨੂੰ ਲੱਭਣਾ ਚਾਹੀਦਾ ਹੈ, ਉਹ ਇਹ ਹੈ ਕਿ ਜਿਸ ਪੰਚਾਇਤ ਉੱਪਰ ਕਾਬਜ਼ ਹੋਣ ਲਈ ਲੋਕ ਅੱਡੀ-ਚੋਟੀ ਦਾ ਜ਼ੋਰ ਲਗਾ ਰਹੇ ਹਨ, ਉਨ੍ਹਾਂ ਦੇ ਹੱਥ ਤਾਕਤ ਕਿੰਨੀ ਕੁ ਹੈ? ਹਾਲਤ ਤਾਂ ਇਹ ਹੈ ਕਿ ਕੇਂਦਰੀ ਸੱਤਾ ਉੱਪਰ ਕਾਬਜ਼ ਸਰਕਾਰਾਂ ਨੇ ਤਾਕਤਾਂ ਦਾ ਕੇਂਦਰੀਕਰਨ ਕਰ ਕੇ ਸੂਬਾ ਸਰਕਾਰਾਂ ਦੀ ਹੈਸੀਅਤ ਘਟਾ ਦਿੱਤੀ ਹੈ। ਸੂਬੇ ਦੇ ਮੁੱਖ ਮੰਤਰੀ ਦੀ ਹੈਸੀਅਤ ਕਿਸੇ ਵੱਡੇ ਸ਼ਹਿਰ ਦੇ ਮੇਅਰ ਵਰਗੀ ਬਣਾ ਦਿੱਤੀ ਹੈ। ਅਜਿਹੇ ਹਾਲਾਤ ਵਿਚ ਪੰਚਾਇਤਾਂ ਹੱਥ ਕੀ ਹੋ ਸਕਦਾ ਹੈ? ਸਮਾਜ ਵਿਚ ਪ੍ਰਚਲਿਤ ਧਾਰਨਾ ਹੈ ਕਿ ਪੰਚਾਇਤਾਂ ਹੱਥ ਗਲੀਆਂ, ਨਾਲੀਆਂ ਬਣਵਾਉਣ ਤੋਂ ਵੱਧ ਕੁਝ ਵੀ ਨਹੀਂ। ਸੋ, ਸਾਨੂੰ ਇਹ ਸੋਚਣਾ ਚਾਹੀਦਾ ਹੈ ਕਿ ਸਾਨੂੰ ਕਿਤੇ ਵੱਡੀਆਂ ਹੱਕੀ ਲੜਾਈਆਂ ਤੋਂ ਦੂਰ ਕਰ ਕੇ ਸਿਰਫ ਚੌਧਰ ਜਾਂ 'ਸਟੇਟਸ ਸਿੰਬਲ' ਦੀ ਲੜਾਈ ਤੱਕ ਹੀ ਤਾਂ ਨਹੀਂ ਉਲਝਾਇਆ ਜਾ ਰਿਹਾ ਹੈ?

# ਬਾਇਓ ਗੈਸ ਫੈਕਟਰੀਆਂ ਦਾ ਘਾਤਕ ਵਰਤਾਰਾ

**ਕੰਵਲਜੀਤ ਖੰਨਾ**
ਫੋਨ: +91-94170-67344

ਲੁਧਿਆਣਾ ਜ਼ਿਲ੍ਹੇ ਦੀਆਂ ਚਾਰ ਥਾਵਾਂ 'ਤੇ ਲੋਕ ਚਾਰ-ਚਾਰ ਛੇ-ਛੇ ਮਹੀਨਿਆਂ ਤੋਂ ਧਰਨੇ 'ਤੇ ਬੈਠੇ ਹਨ। ਲੁਧਿਆਣਾ ਜ਼ਿਲ੍ਹੇ ਦੇ ਚਾਰ ਵੱਡੇ ਪਿੰਡਾਂ ਅਖਾੜਾ, ਭੂੰਦੜੀ (ਜਗਰਾਓਂ ਤਹਿਸੀਲ), ਮੁਸ਼ਕਾਬਾਦ (ਸਮਰਾਲਾ ਤਹਿਸੀਲ) ਤੇ ਘੁੰਗਰਾਲੀ ਰਾਜਪੂਤਾਂ (ਖੰਨਾ ਤਹਿਸੀਲ) ਵਿਚ ਸੀਬੀਜੀ (ਕੰਪਰੈਸਡ ਬਾਇਓਗੈਸ) ਫੈਕਟਰੀਆਂ ਲਗਾਈਆਂ ਜਾ ਰਹੀਆਂ ਹਨ। ਇਨ੍ਹਾਂ ਵਿਚੋਂ ਪਹਿਲੀਆਂ ਤਿੰਨ ਥਾਵਾਂ 'ਤੇ ਇਹ ਪਲਾਂਟ ਉਸਾਰੀ ਅਧੀਨ ਹਨ ਤੇ ਅਜੇ ਚਾਰ-ਦੀਵਾਰੀ ਹੀ ਹੋਈ ਹੈ। ਘੁੰਗਰਾਲੀ ਰਾਜਪੂਤਾਂ ਵਿਚ ਦੋ ਸਾਲ ਤੋਂ ਇਹ ਫੈਕਟਰੀ ਚੱਲ ਰਹੀ ਹੈ। ਇਹ ਫੈਕਟਰੀਆਂ ਚਾਲੀ ਤੋਂ ਸੱਤਰ ਫ਼ੀਸਦੀ ਸਰਕਾਰੀ ਸਬਸਿਡੀ ਨਾਲ ਲੱਗੀਆਂ ਜਾਂ ਲੱਗ ਰਹੀਆਂ ਹਨ। ਮੁੱਦਾ ਉਸ ਸਮੇਂ ਭਖਿਆ ਜਦੋਂ ਇਸ ਫੈਕਟਰੀ ਤੋਂ ਤੰਗ ਆਏ ਘੁੰਗਰਾਲੀ ਰਾਜਪੂਤਾਂ ਅਤੇ ਆਲੇ ਦੁਆਲੇ ਦੇ ਅੱਧੀ ਦਰਜਨ ਪਿੰਡਾਂ ਦੇ ਲੋਕਾਂ ਨੇ ਫੈਕਟਰੀ ਦਾ ਵਿਰੋਧ ਸ਼ੁਰੂ ਕੀਤਾ।

ਗਰੀਨ ਜ਼ੋਨ 'ਚ ਲੱਗੀ ਫੈਕਟਰੀ 'ਚੋਂ ਨਿੱਕਲਦੀ ਬਦਬੂ ਦੇ ਸਤਾਏ ਲੋਕ ਵਿਰੋਧ ਵਿਚ ਨਿੱਤਰ ਆਏ। ਬਾਕੀ ਥਾਵਾਂ 'ਤੇ ਲੱਗ ਰਹੀਆਂ ਫੈਕਟਰੀਆਂ ਵਾਲੇ ਪਿੰਡਾਂ ਨੇ ਜਦੋਂ ਇਸ ਫੈਕਟਰੀ ਬਾਰੇ ਅਖ਼ਬਾਰੀ ਰਿਪੋਰਟਾਂ ਪੜ੍ਹੀਆਂ ਤਾਂ ਉਨ੍ਹਾਂ ਇਸ ਪਿੰਡ 'ਚ ਜਾ ਕੇ ਪੜਤਾਲ ਕੀਤੀ ਕਿ ਬਦਬੂ ਕਾਰਨ ਲੋਕਾਂ ਦਾ ਜਿਊਣਾ ਮੁਸ਼ਕਿਲ ਹੋਇਆ ਪਿਆ ਹੈ। ਖੇਡਾਂ ਦੇ ਖੇਤਰ 'ਚ ਨਾਮਣਾ ਖੱਟ ਚੁੱਕਾ ਇਹ ਪਿੰਡ ਹੁਣ ਫੈਕਟਰੀ ਦੀ ਗੰਦੀ ਖੇਡ ਦਾ ਸ਼ਿਕਾਰ ਹੈ। ਬਦਬੂ ਕਾਰਨ ਬੱਚੇ ਸਕੂਲ 'ਚ ਬੇਹੋਸ਼ ਤੱਕ ਹੋ ਜਾਂਦੇ ਸਨ। ਚਮੜੀ ਰੋਗ ਫੈਲ ਰਿਹਾ ਹੈ। ਫੈਕਟਰੀ ਦਾ ਗੰਦਾ ਪਾਣੀ ਜ਼ਮੀਨ ਦਾ ਉਪਜਾਊਪੁਣਾ ਖ਼ਤਮ ਕਰ ਰਿਹਾ ਹੈ। ਇਨ੍ਹਾਂ ਹਾਲਾਤ ਕਾਰਨ ਪ੍ਰਾਹੁਣੇ ਪਿੰਡ ਆਉਣ ਤੋਂ ਕਤਰਾਉਣ ਲੱਗੇ। ਇਹ ਸਭ ਦੇਖ ਕੇ ਬਾਕੀ ਥਾਵਾਂ 'ਤੇ ਲੱਗ ਰਹੀਆਂ ਫੈਕਟਰੀਆਂ ਵਾਲੇ ਪਿੰਡਾਂ ਵਿਚ ਲੋਕਾਂ ਦਾ ਗੁੱਸਾ ਜ਼ਰਬ ਖਾ ਗਿਆ। ਘੁੰਗਰਾਲੀ ਸਮੇਤ ਸਾਰੀਆਂ ਥਾਵਾਂ 'ਤੇ ਫੈਕਟਰੀ ਗੇਟਾਂ 'ਤੇ ਧਰਨੇ ਸ਼ੁਰੂ ਹੋ ਗਏ। ਪਹਿਲਕਦਮੀ ਭੂੰਦੜੀ ਪਿੰਡ ਦੇ ਲੋਕਾਂ ਨੇ ਕੀਤੀ। ਫਿਰ ਇਨ੍ਹਾਂ ਚਾਰ ਪਿੰਡਾਂ ਦੀਆਂ ਸੰਘਰਸ਼ ਕਮੇਟੀਆਂ ਨੇ ਸਿਰ ਜੋੜੇ। ਅਖਾੜਾ ਤੇ ਭੂੰਦੜੀ ਪਿੰਡਾਂ ਨੇ ਐਤਕੀਂ ਲੋਕ ਸਭਾ ਚੋਣਾਂ ਦੌਰਾਨ ਵੋਟਾਂ ਦਾ ਮੁਕੰਮਲ ਬਾਈਕਾਟ ਕੀਤਾ।

ਸੰਘਰਸ਼ ਤਾਲਮੇਲ ਕਮੇਟੀ ਦੇ ਸੱਦੇ 'ਤੇ 11 ਜੂਨ 2024 ਨੂੰ ਲੁਧਿਆਣਾ ਡੀ.ਸੀ. ਦਫ਼ਤਰ ਸਾਹਮਣੇ ਜੀ.ਟੀ. ਰੋਡ 'ਤੇ ਇਨ੍ਹਾਂ ਪਿੰਡਾਂ ਦੇ ਦੋ ਹਜ਼ਾਰ ਦੇ ਕਰੀਬ ਲੋਕਾਂ ਨੇ ਧਰਨਾ ਦੇ ਕੇ ਫੈਕਟਰੀਆਂ ਪੱਕੇ ਤੌਰ 'ਤੇ ਬੰਦ ਕਰਨ ਦੀ ਮੰਗ ਕੀਤੀ। ਡੀ.ਸੀ. ਲੁਧਿਆਣਾ ਨਾਲ ਹੋਈ ਮੀਟਿੰਗ ਵਿਚ ਸਮੁੱਚੇ ਮਾਮਲੇ ਦੀ ਪੜਤਾਲ ਲਈ ਸਬੰਧਿਤ ਵਿਭਾਗਾਂ ਦੇ ਅਧਿਕਾਰੀਆਂ ਦੀ ਪੜਤਾਲੀਆ ਕਮੇਟੀ ਬਣਾ ਕੇ ਹਫ਼ਤੇ ਵਿਚ ਰਿਪੋਰਟ ਦੇਣ ਦਾ ਭਰੋਸਾ ਦਿੱਤਾ ਪਰ ਇਹ ਪੜਤਾਲ ਚਾਰ-ਪੰਜ ਵਾਰ ਡੀ.ਸੀ. ਨੂੰ ਮਿਲਣ ਤੋਂ ਬਾਅਦ ਹੀ ਸਿਰੇ ਲੱਗੀ। ਤਾਲਮੇਲ ਕਮੇਟੀ ਨੇ ਮੁੱਦੇ 'ਤੇ ਵਿਚਾਰ ਕਰਨ ਅਤੇ ਹੱਲ ਕੱਢਣ ਲਈ ਮੁੱਖ ਮੰਤਰੀ ਨਾਲ ਮੀਟਿੰਗ ਦੀ ਮੰਗ ਕੀਤੀ ਪਰ ਸਰਕਾਰ ਦੀਆਂ ਦੋਵਾਂ ਮੀਟਿੰਗਾਂ ਵਿਚ ਮੁੱਖ ਸਕੱਤਰ ਅਤੇ ਸਰਕਾਰੀ ਅਧਿਕਾਰੀ ਹਾਜ਼ਰ ਹੁੰਦੇ ਰਹੇ। ਦੋਵਾਂ ਮੀਟਿੰਗਾਂ ਵਿਚ ਤਾਲਮੇਲ ਕਮੇਟੀ ਨੇ ਤੱਥਾਂ ਤੇ ਦਲੀਲਾਂ ਨਾਲ ਸਾਬਤ ਕਰ ਦਿੱਤਾ ਕਿ ਫੈਕਟਰੀਆਂ ਅਸਲ ਵਿਚ ਕੈਂਸਰ ਪੈਦਾ ਕਰਨ ਵਾਲੀਆਂ ਫੈਕਟਰੀਆਂ ਹਨ ਜਿਸ ਨਾਲ ਸਿਹਤ ਤੇ ਵਾਤਾਵਰਨ ਸਿੱਧੇ ਤੌਰ 'ਤੇ ਪ੍ਰਭਾਵਿਤ ਹੋਣਗੇ।



ਇਸ ਤੋਂ ਬਾਅਦ ਪੰਜਾਬ ਭਵਨ 'ਚ 11 ਅਤੇ 21 ਸਤੰਬਰ ਨੂੰ ਪਹਿਲੇ ਦੌਰ ਦੀ ਪੰਜਾਬ ਸਰਕਾਰ ਦੇ ਚਾਰ ਮੰਤਰੀਆਂ ਤੇ ਫਿਰ ਦੂਜੇ ਦੌਰ ਦੀ ਦੋ ਮੰਤਰੀਆਂ ਅਮਨ ਅਰੋੜਾ ਅਤੇ ਹਰਪਾਲ ਸਿੰਘ ਚੀਮਾ ਨਾਲ ਹੋਈ ਮੀਟਿੰਗ ਵਿਚ ਸਰਕਾਰੀ ਮਾਹਿਰਾਂ ਨੂੰ ਮੰਨਣਾ ਪਿਆ ਕਿ ਇਨ੍ਹਾਂ ਫੈਕਟਰੀਆਂ ਦਾ ਗੰਦਾ ਪਾਣੀ ਧਰਤੀ ਹੇਠਲੇ ਪਾਣੀ 'ਚ ਰਲ ਕੇ ਗੰਭੀਰ ਬਿਮਾਰੀਆਂ ਪੈਦਾ ਕਰੇਗਾ। ਸੰਘਰਸ਼ ਕਮੇਟੀ ਨੇ ਵਿਦੇਸ਼ੀ ਮਾਹਿਰਾਂ ਦੇ ਖੋਜ ਪੱਤਰਾਂ ਦੇ ਹਵਾਲਿਆਂ ਨਾਲ ਸਾਬਤ ਕੀਤਾ ਕਿ ਇਸ ਤਕਨੀਕ ਉਤੇ ਯੂਰਪੀ ਮੁਲਕਾਂ ਵਿਚ ਪਾਬੰਦੀ ਹੈ। ਇਸੇ ਦੌਰਾਨ ਪੰਜਾਬ ਸਰਕਾਰ ਵੱਲੋਂ 19 ਸਤੰਬਰ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ 'ਚ ਸੱਦੀ ਵਿਸ਼ੇਸ਼ ਮੀਟਿੰਗ ਵਿਚ ਵੀ ਦੋਹਾਂ ਧਿਰਾਂ ਦਰਮਿਆਨ ਲਗਾਤਾਰ ਛੇ ਘੰਟੇ ਬਹਿਸ-ਵਿਚਾਰ ਹੋਈ। ਸਾਰੀਆਂ ਮੀਟਿੰਗਾਂ ਵਿਚ ਸਰਕਾਰ ਨੂੰ ਮੰਨਣਾ ਪਿਆ ਕਿ ਘੁੰਗਰਾਲੀ ਰਾਜਪੂਤਾਂ ਫੈਕਟਰੀ 'ਚ ਪਿਛਲੇ ਦੋ ਸਾਲਾਂ ਦੇ ਅਮਲ ਦੌਰਾਨ ਨਿਯਮਾਂ ਦੀ ਪਾਲਣਾ ਨਹੀਂ ਹੋਈ; ਸਿਰਫ਼ ਪਰਾਲੀ ਤੇ ਨੈਪੀਅਰ ਘਾਹ ਵਰਤਣ ਲਈ ਅਧਿਕਾਰਤ ਘੁੰਗਰਾਲੀ ਰਾਜਪੂਤਾਂ ਫੈਕਟਰੀ 'ਚ ਗੰਨੇ ਦੀ ਰਹਿੰਦ-ਖੂੰਹਦ ਵਰਤੀ ਜਾ ਰਹੀ ਹੈ ਜੋ ਬਦਬੂ ਦਾ ਮੁੱਖ ਕਾਰਨ ਹੈ। ਉਸ ਸਮੇਂ ਤੱਕ ਵੀ ਟਨਾਂ ਦੇ ਹਿਸਾਬ ਨਾਲ ਗੰਨੇ ਦੀ ਰਹਿੰਦ-ਖੂੰਹਦ ਫੈਕਟਰੀ 'ਚ ਪਈ ਸੀ। ਅੰਤਿਮ ਮੀਟਿੰਗ 'ਚ ਨਵੇਂ ਆਏ ਡੀ.ਸੀ. ਅਤੇ ਮੰਤਰੀਆਂ ਨੇ ਫੈਕਟਰੀ ਦੇ ਨੁਕਸ ਦੂਰ ਕਰਨ ਲਈ ਲੋਕ ਦਬਾਅ ਕਾਰਨ ਬੰਦ ਪਈ ਫੈਕਟਰੀ ਨੂੰ ਦੁਬਾਰਾ ਅਜ਼ਮਾਇਸ਼ ਦੇ ਤੌਰ 'ਤੇ ਚਲਾਉਣ ਦੀ ਰਜ਼ਾਮੰਦੀ ਮੰਗੀ ਜਿਸ ਨੂੰ ਵਫ਼ਦ ਨੇ ਨਕਾਰ ਦਿੱਤਾ।

ਮੀਟਿੰਗਾਂ ਵਿਚ ਸੰਘਰਸ਼ ਤਾਲਮੇਲ ਕਮੇਟੀ ਨੇ ਸਪੱਸ਼ਟ ਕੀਤਾ ਕਿ ਇਹ ਵਿਕਾਸ ਦੇ ਉਲਟ ਨਹੀਂ ਪਰ ਵਿਕਾਸ ਦੇ ਨਾਂ 'ਤੇ ਮਨੁੱਖੀ ਤਬਾਹੀ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਝੋਨੇ ਦੀ ਪਰਾਲੀ ਨੂੰ ਪੰਜ-ਛੇ ਦਿਨ ਲਗਾਤਾਰ ਗਾਲ ਕੇ ਉਸ ਵਿਚੋਂ ਗੈਸ ਪੈਦਾ ਕੀਤੀ ਜਾਂਦੀ ਹੈ ਤਾਂ ਇਹ ਬਾਇਓਡੀਗਰੇਡ ਹੋ ਜਾਂਦੀ ਹੈ ਪਰ ਝੋਨੇ ਦੀ ਪਰਾਲੀ 'ਚ ਝੋਨਾ ਪੈਦਾ ਕਰਨ ਲਈ ਵਰਤੇ ਕੀਟਨਾਸ਼ਕ, ਨਦੀਨਨਾਸ਼ਕ ਤੇ ਰਸਾਇਣਕ ਖਾਦਾਂ ਦੇ ਪਰਾਲੀ 'ਚ ਪਏ ਅਵਸ਼ੇਸ਼ (ਰੈਜੀਡਿਊ) ਬਾਇਓਡੀਗਰੇਡ ਨਹੀਂ ਹੁੰਦੇ; ਭਾਵ, ਖ਼ਤਮ ਨਹੀ ਹੁੰਦੇ। ਗੈਸ ਬਨਣ ਤੋਂ ਬਾਅਦ ਬਾਕੀ ਬਚੇ ਗਾੜ੍ਹੇ ਪਦਾਰਥ ਵਿਚੋਂ ਠੋਸ ਖਾਦ (ਮਾਦਾ) ਕੱਢਣ ਪਿੱਛੋਂ ਵੀ ਅਵਸ਼ੇਸ਼, ਗੰਦੇ ਬਦਬੂਦਾਰ ਪਾਣੀ ਵਿਚ ਰਹਿ ਜਾਂਦੇ ਹਨ। ਇਸ ਪਾਣੀ ਨੂੰ ਜਾਂ ਤਾਂ ਜ਼ੀਰਾ ਫੈਕਟਰੀ ਵਾਂਗ ਰਿਵਰਸ ਬੋਰ ਕਰ ਕੇ ਧਰਤੀ 'ਚ ਸੁੱਟਿਆ ਜਾਵੇਗਾ, ਜਾਂ ਖੇਤਾਂ 'ਚ ਪਾਇਆ ਜਾਵੇਗਾ, ਜਾਂ ਸੀਵਰੇਜ 'ਚ ਰੋੜ੍ਹਿਆ ਜਾਵੇਗਾ, ਜਾਂ ਫਿਰ ਫੈਕਟਰੀ ਅੰਦਰ ਵੱਡੇ ਤਲਾਬ ਬਣਾ ਕੇ ਸਾਂਭਿਆ ਜਾਵੇਗਾ। ਇਹ ਜ਼ਹਿਰੀਲਾ ਤੇ ਤੇਜ਼ਾਬੀ ਪਾਣੀ ਹੌਲੀ-ਹੌਲੀ ਉੱਡ ਕੇ ਵਾਤਾਵਰਨ ਨੂੰ ਪ੍ਰਦੂਸ਼ਤ ਕਰੇਗਾ, ਫਿਰ ਤਲਾਬ ਦਾ ਕੰਕਰੀਟ ਕਵਰ ਗਾਲ ਕੇ ਧਰਤੀ 'ਚ ਸਿੰਮਦਾ ਜਾਵੇਗਾ। ਰੇਹਾਂ ਸਪਰੇਆਂ ਵਾਲਾ ਇਹ ਜ਼ਹਿਰੀਲਾ ਗੰਦਾ ਪਾਣੀ ਧਰਤੀ ਹੇਠਲੇ ਪਾਣੀ 'ਚ ਰਲ ਕੇ ਕੈਂਸਰ ਜਿਹੀਆਂ ਬਿਮਾਰੀਆਂ ਨੂੰ ਜਨਮ ਦੇਵੇਗਾ। ਇਹ ਆਉਣ ਵਾਲੀਆ ਨਸਲਾਂ ਲਈ ਘਾਤਕ ਹੋਵੇਗਾ। ਹਾਰਮੋਨਜ਼ ਤੇ ਸੈਕਸੂਅਲ ਔਰਗਨ ਨੂੰ ਹੌਲੀ-ਹੌਲੀ ਨੁਕਸਾਨ ਪਹੁੰਚਾਏਗਾ। ਹਰੇ ਇਨਕਲਾਬ ਦੀ ਦੇਣ ਜ਼ਹਿਰੀਲੀਆਂ ਰੇਹਾਂ ਸਪਰੇਆਂ ਨੇ ਅੱਧਾ ਪੰਜਾਬ ਬਿਮਾਰੀਆਂ ਦਾ ਘਰ ਬਣਾ ਦਿੱਤਾ, ਰਹਿੰਦੀ ਕਸਰ ਇਹ ਫੈਕਟਰੀਆਂ ਕੱਢਣਗੀਆਂ। ਕਿਸਾਨ ਝੋਨੇ ਦੀ ਪਰਾਲੀ ਦਾ ਫਸਤਾ ਵੱਢਣਾ ਚਾਹੁੰਦੇ ਹਨ। ਝੋਨਾ ਭਾਵੇਂ ਵਪਾਰਕ ਤੇ ਮੁਨਾਫ਼ੇ ਵਾਲੀ ਫ਼ਸਲ ਹੈ ਪਰ ਜਿੰਨਾ ਪਾਣੀ ਹੇਠਾਂ ਜਾ ਰਿਹਾ ਹੈ, ਉਸ ਦਾ ਅਸਰ ਕਿਸੇ ਤੋਂ ਗੁੱਝਾ ਨਹੀਂ। ਨਵੀਂ ਖੇਤੀ ਨੀਤੀ 'ਚ ਇਸ ਬਾਰੇ ਚਿੰਤਾ ਜ਼ਾਹਿਰ ਕਰਦਿਆਂ ਪੰਦਰਾਂ ਬਲਾਕਾਂ 'ਚ ਝੋਨੇ ਦਾ ਬਦਲ ਦੇਣ ਦੀ ਸਿਫ਼ਾਰਸ਼ ਕੀਤੀ ਗਈ ਹੈ।

ਪਰਾਲੀ ਤੋਂ ਗੈਸ ਪੈਦਾ ਕਰਨ ਲਈ ਲੱਖਾਂ ਲਿਟਰ ਪਾਣੀ ਵਰਤਿਆ ਜਾਵੇਗਾ। ਪਹਿਲਾਂ ਚੌਲ ਪੈਦਾ ਕਰਨ ਲਈ ਕਰੋੜਾਂ ਲਿਟਰ ਪਾਣੀ ਧਰਤੀ 'ਚੋਂ ਕੱਢਿਆ ਜਾ ਰਿਹਾ ਹੈ। ਇੱਕ ਕਿਲੋ ਪਰਾਲੀ ਗਾਲ ਕੇ ਗੈਸ ਪੈਦਾ ਕਰਨ ਲਈ 900 ਲਿਟਰ ਪਾਣੀ ਦੀ ਜ਼ਰੂਰਤ ਹੈ: ਭਾਵ, ਸੌ ਟਨ ਦੀ ਸਮਰੱਥਾ ਵਾਲੇ ਗੈਸ ਪਲਾਂਟ ਵਿਚ ਸੌ ਟਨ (ਦਸ ਹਜ਼ਾਰ ਕੁਇੰਟਲ) ਪਰਾਲੀ ਗਾਲਣ ਲਈ 9 ਲੱਖ ਲਿਟਰ ਪਾਣੀ ਵਰਤਿਆ ਜਾਵੇਗਾ ਜਿਸ ਵਿਚੋਂ ਜੇ ਅੱਧਾ ਰੀਸਾਇਕਲ ਵੀ ਕਰ ਲਿਆ ਜਾਵੇ ਤਾਂ 4 ਲੱਖ 50 ਹਜ਼ਾਰ ਲੀਟਰ ਪਾਣੀ ਰੋਜ਼ ਵਰਤਿਆ ਜਾਵੇਗਾ। ਪੰਜਾਬ 'ਚ ਅਜਿਹੀਆਂ 54 ਸੀਬੀਜੀ/ਸੀਐੱਨਜੀ ਫੈਕਟਰੀਆਂ ਲਾਈਆਂ ਜਾ ਰਹੀਆਂ ਹਨ। ਜਲੰਧਰ ਜ਼ਿਲ੍ਹੇ 'ਚ ਭੋਗਪੁਰ ਖੰਡ ਮਿੱਲ ਦੀ ਜ਼ਮੀਨ 'ਤੇ ਅਤੇ ਕੰਧੋਲਾ ਗੁਰੂ ਪਿੰਡ 'ਚ ਲੋਕ ਤਾਕਤ ਨੇ ਉਸਾਰੀ ਰੋਕੀ ਹੋਈ ਹੈ। ਪਟਿਆਲ਼ਾ ਜ਼ਿਲ੍ਹੇ ਦੇ ਪਿੰਡ ਕਕਰਾਲਾ ਵਿਚ ਪਿੰਡ ਦੀ ਪੰਚਾਇਤ ਟੁੱਟਣ ਕਾਰਨ ਪ੍ਰਬੰਧਕ ਵੱਲੋਂ ਪਿੰਡ ਦੀ ਪੰਚਾਇਤ ਦੀ 18 ਏਕੜ ਜ਼ਮੀਨ ਨਿੱਜੀ ਕੰਪਨੀ ਨੂੰ ਦੇਣ ਦੇ ਪਿੰਡ ਦੇ ਜਾਨਦਾਰ ਵਿਰੋਧ ਨੇ ਮਾਲਕ ਤੇ ਸਰਕਾਰ ਨੂੰ ਭੱਜਣ ਲਈ ਮਜਬੂਰ ਕਰ ਦਿੱਤਾ। ਹੁਣ ਲੁਧਿਆਣਾ ਜ਼ਿਲ੍ਹੇ ਦੇ ਬੇਟ ਦੇ ਤਿੰਨ ਪਿੰਡ ਬੱਗਾ ਕਲਾਂ, ਚਾਹੜ, ਰਜਾ ਕਲਾਂ 'ਚ ਰਿਲਾਇੰਸ ਪਲਾਂਟ ਖਿਲਾਫ਼ ਮੋਰਚਾ ਖੋਲ੍ਹ ਦਿੱਤਾ ਹੈ।

ਇਸ ਦੌਰਾਨ ਚਾਰਾਂ ਪਿੰਡਾਂ ਨੇ ਕਿਸਾਨ ਜਥੇਬੰਦੀਆਂ ਦੇ ਸਹਿਯੋਗ ਨਾਲ ਲਾਮਬੰਦੀ ਦੀ ਮਿਸਾਲ ਕਾਇਮ ਕੀਤੀ। ਸ਼ੁਰੂਆਤੀ ਦੌਰ 'ਚ ਹੀ ਲੋਕਾਂ ਦੇ ਵਿਰੋਧ ਨੇ ਕਰਵਟ ਲਈ। ਪਿੰਡਾਂ 'ਚ ਮਰਦ ਔਰਤਾਂ ਦੇ ਲਾਮਿਸਾਲ ਪ੍ਰਦਰਸ਼ਨ, ਟਰੈਕਟਰ ਮਾਰਚ ਅਤੇ ਫਿਰ ਪਹਿਲੀ ਜੂਨ ਨੂੰ ਲੋਕ ਸਭਾ ਚੋਣਾਂ ਵਾਲੇ ਦਿਨ ਮੁਕੰਮਲ ਬਾਈਕਾਟ ਕੀਤਾ ਤੇ ਫਿਰ 10 ਸਤੰਬਰ ਨੂੰ ਦਿੱਲੀ ਮੁੱਖ ਮਾਰਗ ਜਾਮ ਕਰਨ ਦੇ ਐਲਾਨ ਨੇ ਸਰਕਾਰ ਹਿਲਾ ਦਿੱਤੀ। ਸਿੱਟੇ ਵਜੋਂ ਸਰਕਾਰ ਨੂੰ ਸੰਘਰਸ਼ ਤਾਲਮੇਲ ਕਮੇਟੀ ਨੂੰ ਮੀਟਿੰਗਾਂ ਦੇਣ ਲਈ ਮਜਬੂਰ ਹੋਣਾ ਪਿਆ। ਮੀਟਿੰਗਾਂ ਵਿਚ ਸਰਕਾਰ ਵੱਲੋਂ ਫੇਲ੍ਹ ਹੋਣ 'ਤੇ ਬੁਖਲਾਈ ਸਰਕਾਰ ਨੇ ਤਾਲਮੇਲ ਕਮੇਟੀ ਦੇ ਇਹ ਫ਼ੈਕਟਰੀਆਂ ਬੰਦ ਕਰਾਉਣ ਦੀ ਮੰਗ 'ਤੇ ਅੜੇ ਰਹਿਣ ਕਾਰਨ ਜਬਰ ਦਾ ਰਾਹ ਫੜਨ ਦੀ ਕੋਸ਼ਿਸ਼ ਕੀਤੀ ਜਿਸ ਨੂੰ ਅਖਾੜਾ ਪਿੰਡ 'ਚ ਦੋ ਵਾਰ ਲੋਕ ਤਾਕਤ ਨਾਲ ਚਕਨਾਚੂਰ ਕੀਤਾ ਗਿਆ। ਘੁੰਗਰਾਲੀ ਰਾਜਪੂਤਾਂ ਦੀ ਸੰਘਰਸ਼ ਟੀਮ ਨੂੰ ਮੁੱਖ ਮੰਤਰੀ ਨੇ ਆਪ ਫੋਨ ਕਰ ਕੇ ਫੈਕਟਰੀ ਦੇ ਨੁਕਸ ਦੂਰ ਕਰ ਕੇ ਚਲਾਉਣ ਲਈ ਪਤਿਆਉਣ ਦਾ ਅਮਲ ਚਲਾਇਆ ਪਰ ਤਾਲਮੇਲ ਕਮੇਟੀ ਦੇ ਦਖ਼ਲ ਨਾਲ ਸਰਕਾਰ ਦਾ ਇਹ ਦਾਅ ਸਫਲ ਨਹੀਂ ਹੋਣ ਦਿੱਤਾ ਗਿਆ।

ਦੂਜੇ ਬੰਨੇ ਪੰਜਾਬ ਹਰਿਆਣਾ ਹਾਈ ਕੋਰਟ 'ਚ ਮਾਲਕਾਂ ਵੱਲੋਂ ਫੈਕਟਰੀਆਂ ਚਲਾਉਣ ਲਈ ਲਾਏ ਕੇਸਾਂ ਦਾ ਮਾਮਲਾ ਅਦਾਲਤ ਨੇ ਸੇਵਾਮੁਕਤ ਜੱਜ ਦੀ ਅਗਵਾਈ 'ਚ ਕਮੇਟੀ ਬਣਾ ਕੇ ਕੁਝ ਸਮੇਂ ਲਈ ਲਟਕਾ ਦਿੱਤਾ ਹੈ। ਇਸ ਲਈ ਮਨੁੱਖੀ ਜ਼ਿੰਦਗੀ ਬਚਾਉਣ ਲਈ ਸੰਘਰਸ਼ ਦਾ ਘੇਰਾ ਵਿਸ਼ਾਲ ਕਰ ਕੇ ਸਭ ਮੋਰਚਿਆਂ 'ਤੇ ਸੰਘਰਸ਼ ਜਾਰੀ ਰੱਖਣਾ ਸਮੇਂ ਦੀ ਲੋੜ ਹੈ।

# ਪੰਜਾਬ ਗੈਸ ਚੈਂਬਰ?

**ਗੁਰਚਰਨ ਸਿੰਘ ਨੂਰਪੁਰ**
ਫੋਨ: +91-98550-51099

ਦਸੰਬਰ ਅਤੇ ਜਨਵਰੀ ਮਹੀਨਿਆਂ ਵਿਚ ਲੋਕਾਂ ਨੂੰ ਮਰਗਾਂ ਦੇ ਭੋਗ ਦੇ ਸੱਦੇ ਇੱਕ ਦਮ ਵੱਧ ਆਉਣ ਲੱਗਦੇ ਹਨ। ਪੰਜਾਬ ਵਿਚ ਇਨ੍ਹਾਂ ਮਹੀਨਿਆਂ ਦੌਰਾਨ ਹਾਰਟ ਅਟੈਕ, ਬਰੇਨ ਸਟਰੋਕ ਅਤੇ ਛਾਤੀ ਦੇ ਰੋਗਾਂ ਨਾਲ ਦੂਜੇ ਮਹੀਨਿਆਂ ਦੇ ਮੁਕਾਬਲੇ ਵੱਧ ਮੌਤਾਂ ਹੁੰਦੀਆਂ ਹਨ। ਇਿਹਦਾ ਕਾਰਨ ਜਾਣ ਕੇ ਤੁਸੀਂ ਹੈਰਾਨ ਹੋ ਜਾਗੇ। ਚੰਗੀ ਮਾੜੀ ਹਵਾ ਦਾ ਸਬੰਧ ਸਾਡੇ ਸਾਹ ਲੈਣ ਨਾਲ ਹੈ ਅਤੇ ਹੁਣ ਤੱਕ ਬਹੁਤ ਸਾਰੇ ਲੋਕ ਇਹੀ ਸਮਝਦੇ ਆਏ ਹਨ ਕਿ ਪ੍ਰਦੂਸ਼ਤ ਧੂੰਏਂ ਵਾਲੀ ਹਵਾ ਨਾਲ ਐਲਰਜੀ, ਜ਼ੁਕਾਮ ਤੇ ਛਾਤੀ ਦੇ ਰੋਗ ਹੋ ਸਕਦੇ, ਇਸ ਤੋਂ ਵੱਧ ਕੁਝ ਨਹੀਂ ਅਤੇ ਇਹਨਾਂ ਸਭ ਦਾ ਐਂਟੀਐਲਰਜਿਕ ਦਵਾਈਆਂ ਨਾਲ ਇਲਾਜ ਕੀਤਾ ਜਾ ਸਕਦਾ ਹੈ। ਬੰਦਾ ਠੀਕ ਹੋ ਜਾਂਦਾ ਹੈ ਅਤੇ ਗੱਲ ਖ਼ਤਮ ਪਰ ਨਵੀਂ ਖੋਜ ਵਿਚ ਇਹ ਗੱਲ ਸਾਹਮਣੇ ਆਈ ਕਿ ਹਵਾ ਦੇ ਪ੍ਰਦੂਸ਼ਣ ਨਾਲ ਹਾਰਟ ਅਟੈਕ ਹੋਣ ਦਾ ਖ਼ਤਰਾ ਕਿਤੇ ਵੱਧ ਹੁੰਦਾ ਹੈ। ਇਹ ਖ਼ਤਰਾ ਉਹਨਾਂ ਲੋਕਾਂ ਲਈ ਹੋਰ ਜ਼ਿਆਦਾ ਹੁੰਦਾ ਹੈ ਜਿਹਨਾਂ ਨੂੰ ਪਹਿਲਾਂ ਦਿਲ ਦੀਆਂ ਬਿਮਾਰੀਆਂ ਦੇ ਲੱਛਣ ਹੁੰਦੇ ਹਨ; ਜਿਵੇਂ ਥੋੜ੍ਹਾ ਤੁਰਨ ਨਾਲ ਹੀ ਸਾਹ ਚੜ੍ਹਨਾ, ਛਾਤੀ ਵਿਚ ਦਰਦ ਮਹਿਸੂਸ ਹੋਣਾ, ਤੁਰਨ ਵੇਲੇ ਦਿਲ ਦੀ ਧੜਕਣ ਵਧ ਜਾਣੀ ਜਾਂ ਉੱਠਦਿਆਂ ਬੈਠਦਿਆਂ ਸਾਹ ਚੜ੍ਹਨਾ ਆਦਿ।

ਜਰਨਲ ਆਫ ਅਮਰੀਕਨ ਕਾਲਜ ਆਫ ਕਾਰਡੀਓਲਾਜੀ (ਜੀ.ਏ.ਸੀ.ਸੀ.) ਦੇ ਅਧਿਐਨ ਵਿਚ ਇਹ ਗੱਲ ਸਾਹਮਣੇ ਆਈ ਕਿ ਪਾਰਟੀਕੁਲੇਟ ਮੈਟਰ (ਪੀ.ਐੱਮ.) 2.5 ਮਾਈਕ੍ਰੋਮੀਟਰ ਤੇ ਪੀ.ਐੱਮ. 10 ਮਾਈਕ੍ਰੋਮੀਟਰ ਕਣਾਂ ਵਿਚ ਸਾਹ ਲੈਣ ਨਾਲ ਨਾਨਆਬਸਟ੍ਰਕਟਿਵ ਕੋਰੋਨਰੀ ਆਰਟਰੀ ਡਿਜ਼ੀਜ਼ (ਐੱਨ.ਓ.ਸੀ.ਏ.ਡੀ.) ਹੁੰਦੀ ਹੈ। ਪ੍ਰਦੂਸ਼ਤ ਹਵਾ ਦੇ ਕਣ ਜਦੋਂ ਸਾਹ ਰਾਹੀਂ ਫੇਫੜਿਆਂ ਅਤੇ ਖ਼ੂਨ ਵਿਚ ਮਿਲਦੇ ਹਨ ਤਾਂ ਦਿਲ ਦੇ ਰੋਗਾਂ ਖਾਸ ਕਰ ਕੇ ਹਾਰਟ ਅਟੈਕ ਦਾ ਖ਼ਤਰਾ ਵਧ ਜਾਂਦਾ ਹੈ। ਇਟਲੀ ਦੀ ਕੈਥੋਲਿਕ ਯੂਨੀਵਰਸਿਟੀ ਆਫ ਦਿ ਸੇਕਰਡ ਹਾਰਟ ਨਾਲ ਜੁੜੇ ਖੋਜੀਆਂ ਅਤੇ ਵਿਦਿਆਰਥੀਆਂ ਨੇ ਅਧਿਐਨ ਵਿਚ ਮਾਯੋਕਾਰਡੀਅਲ ਇਸਕੀਮੀਆ ਅਤੇ ਐੱਨ.ਓ.ਸੀ.ਏ.ਡੀ. ਦੇ ਮਰੀਜ਼ਾਂ ਦੀ ਕੋਰੋਨਰੀ ਐਂਜਿਓਗ੍ਰਾਫੀ ਅਤੇ ਇੰਟ੍ਰਾਕੋਰੋਨਰੀ ਪ੍ਰੋਵੋਕੇਸ਼ਨ ਟੈਸਟ ਦੇ ਅਧਿਐਨ ਵਿਚ 287 ਮਰੀਜ਼ ਸ਼ਾਮਿਲ ਕੀਤੇ। ਖੋਜ ਕਰਤਾਵਾਂ ਨੂੰ ਲੱਭਿਆ ਕਿ ਪੀ.ਐੱਮ. 2.5 ਮਾਈਕ੍ਰੋਮੀਟਰ ਅਤੇ ਪੀ.ਐੱਮ. 10 ਮਾਈਕ੍ਰੋਮੀਟਰ ਮਾਯੋਕਾਰਡੀਅਲ ਇਸਕੀਮੀਆ ਅਤੇ ਐੱਨ.ਏ.ਸੀ.ਏ.ਡੀ. ਮਰੀਜ਼ਾਂ ਦੇ ਕੋਰੋਨਰੀ ਵੈਸੋਮੋਟਰ ਵਿਚ ਗੜਬੜੀ ਲਈ ਜ਼ਿੰਮੇਵਾਰ ਹੈ।

ਸੌਖੇ ਅਰਥਾਂ ਵਿਚ ਪੀ.ਐੱਮ. 2.5 ਤੇ ਪੀ.ਐੱਮ. 10, ਪ੍ਰਦੂਸ਼ਣ ਦੇ ਉਹ ਬਰੀਕ ਕਣ ਹੁੰਦੇ ਹਨ ਜੋ ਹਵਾ ਵਿਚ ਲੰਮੇ ਸਮੇਂ ਤੱਕ ਲਟਕਦੇ ਰਹਿ ਸਕਦੇ ਹਨ। ਇਹ ਸਾਡੇ ਸਿਰ ਦੇ ਵਾਲਾਂ ਤੋਂ 100 ਗੁਣਾ ਜ਼ਿਆਦਾ ਬਰੀਕ ਹੁੰਦੇ ਹਨ। ਇਹ ਆਸਾਨੀ ਨਾਲ ਸਾਹ ਨਲੀ ਅਤੇ ਫੇਫੜਿਆਂ ਵਿਚੋਂ ਹੁੰਦੇ ਹੋਏ ਖ਼ੂਨ ਤੇ ਦਿਲ ਤੱਕ ਪਹੁੰਚ ਜਾਂਦੇ ਹਨ ਅਤੇ ਦਿਲ ਦੇ ਕੰਮ ਕਰਨ ਦੀ ਪ੍ਰਕਿਰਿਆ ਤੇ ਖ਼ੂਨ ਦੀ ਗੁਣਵਤਾ ਨੂੰ ਪ੍ਰਭਾਵਿਤ ਕਰ ਕੇ ਸਾਡੇ ਸਰੀਰ ਵਿਚ ਭਿਆਨਕ ਬਿਮਾਰੀਆਂ ਪੈਦਾ ਕਰ ਸਕਦੇ ਹਨ।

ਹਰ ਸਾਲ ਨਵੰਬਰ ਮਹੀਨੇ ਜਦੋਂ ਗਰਮੀ ਦੀ ਤਪਸ਼ ਤੋਂ ਰਾਹਤ ਮਹਿਸੂਸ ਹੋਣ ਲੱਗਦੀ ਹੈ ਤਾਂ ਹਵਾ ਵਿਚ ਸਿੱਲ੍ਹ ਵਧ ਜਾਂਦੀ ਹੈ। ਮੌਸਮ ਠੰਢਾ ਹੋਣ ਕਰ ਕੇ ਧੂੜ, ਮਿੱਟੀ ਤੇ ਪ੍ਰਦੂਸ਼ਣ ਦੇ ਕਣ ਉੱਚੇ ਨਹੀਂ ਉੱਡਦੇ, ਇਹ ਧਰਤੀ ਦੇ ਨੇੜੇ ਰਹਿਣ ਲੱਗਦੇ ਹਨ। ਇਹਨਾਂ ਦਿਨਾਂ ਦੌਰਾਨ ਫੈਕਟਰੀਆਂ, ਮੋਟਰ ਕਾਰਾਂ ਦਾ ਧੂੰਆਂ ਧਰਤੀ ਨੇੜੇ ਰਹਿਣ ਕਰ ਕੇ ਧਰਤੀ ਨੂੰ ਧੂੰਏਂ ਦੀ ਪਰਤ ਜਿਹੀ ਚੜ੍ਹੀ ਨਜ਼ਰ ਪੈਣ ਲੱਗਦੀ ਹੈ। ਇਹਨਾਂ ਹੀ ਦਿਨਾਂ ਦੌਰਾਨ ਪੰਜਾਬ ਵਿਚ ਪਰਾਲੀ ਨੂੰ ਅੱਗ ਲਾਈ ਜਾਂਦੀ ਹੈ ਜਿਸ ਨਾਲ ਇਹ ਪਰਤ ਹੋਰ ਸੰਘਣੀ ਹੋਣ ਲੱਗਦੀ ਹੈ। ਇਹਨੀਂ ਦਿਨੀਂ ਦੀਵਾਲੀ ਦਾ ਤਿਉਹਾਰ ਤੇ ਕੁਝ ਹੋਰ ਸਮਾਗਮ ਹੁੰਦੇ ਹਨ। ਇਸ ਸਭ ਕੁਝ ਨਾਲ ਸਾਡੇ ਆਲੇ ਦੁਆਲੇ ਪੀ.ਐੱਮ. 2.5 ਅਤੇ ਪੀ.ਐੱਮ. 10 ਕਣਾਂ ਵਾਲੇ ਧੂੰਏਂ ਦੀ ਇੰਨੀ ਸੰਘਣੀ ਪਰਤ ਬਣ ਜਾਂਦੀ ਹੈ ਕਿ ਸਾਹ ਲੈਣਾ ਵੀ ਔਖਾ ਹੋ ਜਾਂਦਾ ਹੈ। ਬੱਚਿਆਂ ਤੋਂ ਬਜ਼ੁਰਗਾਂ ਤੱਕ ਇਹ ਜ਼ਹਿਰੀਲੇ ਧੂੰਆਂ ਆਪਣੇ ਅੰਦਰ ਖਿਚਦੇ ਹਾਂ। ਜਿਹੜੇ ਲੋਕਾਂ ਨੂੰ ਪਹਿਲਾਂ ਸਾਹ, ਦਿਲ ਜਾਂ ਛਾਤੀ ਦੀ ਥੋੜ੍ਹੀ ਬਹੁਤ ਤਕਲੀਫ ਹੁੰਦੀ ਹੈ, ਉਹਨਾਂ ਲੋਕਾਂ ਲਈ ਇਹ ਦਿਨ ਬੜੇ ਮੁਸ਼ਕਿਲ ਹੁੰਦੇ ਹਨ। ਪ੍ਰਦੂਸ਼ਣ ਦਾ ਇਹ ਸਿਖਰ ਦਸਬੰਰ ਅਤੇ ਜਨਵਰੀ ਦੌਰਾਨ ਮਨੁੱਖੀ ਸਰੀਰ 'ਤੇ ਅਸਰ ਦਿਖਾਉਂਦਾ ਹੈ। ਜਿਹਨਾਂ ਲੋਕਾਂ ਦੀ ਰੋਗ ਨਾਲ ਲੜਨ ਵਾਲੀ ਪ੍ਰਣਾਲੀ ਕਮਜ਼ੋਰ ਹੁੰਦੀ ਹੈ ਅਤੇ ਦਿਲ ਦੀਆਂ ਮਾੜੀਆਂ ਮੋਟੀਆਂ ਬਿਮਾਰੀਆਂ ਪਹਿਲਾਂ ਹੀ ਹੁੰਦੀਆਂ ਹਨ, ਉਹ ਵੱਡੀ ਤਾਦਾਦ ਵਿਚ ਦਿਲ ਦੇ ਰੋਗਾਂ ਦੇ ਸ਼ਿਕਾਰ ਹੋ ਜਾਂਦੇ ਹਨ। ਫਲਸਰੂਪ ਪੰਜਾਬ ਦੇ ਹਰ ਪਿੰਡ ਵਿਚ ਮੌਤਾਂ ਦਾ ਸਿਲਸਿਲਾ ਵਧ ਜਾਂਦਾ ਹੈ। ਇਓਂ ਅਸੀਂ ਆਪਣੇ ਆਲੇ ਦੁਆਲੇ ਬਣੇ ਪ੍ਰਦੂਸ਼ਤ ਗੈਸ ਚੈਂਬਰ ਵਿਚ ਸਾਹ ਲੈਂਦੇ ਹਾਂ ਅਤੇ ਰੋਗਾਂ ਦੀ ਮਾਰ ਦਾ ਖਤਰਾ ਵਧ ਜਾਂਦਾ ਹੈ।

ਪੂਰੀ ਦੁਨੀਆ ਵਿਚ ਹੀ ਮਨੁੱਖ ਦਾ ਰਹਿਣ ਸਹਿਣ ਅਤੇ ਖਾਣ ਪੀਣ ਅਜਿਹਾ ਹੋ ਗਿਆ ਹੈ ਕਿ ਹਾਰਟ ਅਟੈਕ ਅਤੇ ਬਰੇਨ ਸਟਰੋਕ ਵਰਗੀਆਂ ਬਿਮਾਰੀਆਂ ਨਾਲ ਵੱਡੀ ਗਿਣਤੀ ਲੋਕ ਪ੍ਰਭਾਵਿਤ ਹੋਣ ਲੱਗੇ ਹਨ। ਤਕਨੀਕੀ ਵਿਕਾਸ ਦੇ ਵੇਗ ਨੇ ਮਨੁੱਖ ਦੀ ਰਫ਼ਤਾਰ ਤੇਜ਼ ਕਰ ਦਿੱਤੀ ਹੈ ਅਤੇ ਇਹ ਹਰ ਦਿਨ ਹੋਰ ਤੇਜ਼ ਹੋ ਰਹੀ ਹੈ। ਜ਼ਿੰਦਗੀ ਦੀ ਬਹੁਤੀ ਨੱਠ-ਭੱਜ ਨੇ ਮਨੁੱਖ ਨੂੰ ਸਹਿਜ ਨਹੀਂ ਰਹਿਣ ਦਿੱਤਾ। ਇਹ ਸਭ ਕੁਝ ਮਨੁੱਖ ਦੇ ਵਿਹਾਰ ਵਿਚ ਵੀ ਆ ਗਿਆ ਹੈ। ਸਬਰ, ਸੰਤੋਖ, ਸਹਿਜ ਤੇ ਟਿਕਾਅ ਜਿਵੇਂ ਬੀਤੇ ਦੀ ਬਾਤ ਬਣ ਗਏ ਹਨ। ਆਪਣੀ ਸਿਹਤ ਨਾਲ ਵੀ ਮਨੁੱਖ ਦਾ ਵਿਹਾਰ ਸੁਖਾਵਾਂ ਨਹੀਂ। ਬਹੁਤਿਆਂ ਦੀ ਤਰਜੀਹ ਚੰਗੀ ਖ਼ੁਰਾਕ ਨਹੀਂ ਬਲਕਿ ਸੁਆਦ ਬਣ ਗਿਆ ਹੈ। ਬਹੁਗਿਣਤੀ ਲੋਕ ਇਸ ਬਾਰੇ ਖ਼ਬਰਦਾਰ ਨਹੀਂ ਹਨ। ਇਸੇ ਲਈ ਹਰ ਦਿਨਾਂ ਬਿਮਾਰੀਆਂ ਵਧ ਰਹੀਆਂ ਹਨ। ਸਰੀਰਕ ਤੇ ਮਾਨਸਿਕ ਵਿਗਾੜ ਵਧ ਰਹੇ ਹਨ। ਸਾਡੇ ਵਿਹਾਰ ਨੇ ਜਿੱਥੇ ਸਾਡੇ ਮਨ ਤੇ ਸਰੀਰ ਨੂੰ ਪ੍ਰਭਾਵਿਤ ਕੀਤਾ ਹੈ ਉੱਥੇ ਇਸ ਨਾਲ ਅਸੀਂ ਆਪਣੇ ਆਲੇ ਦੁਆਲੇ ਕੁਦਰਤ ਦੇ ਪਸਾਰੇ ਵਿਚ ਵੀ ਆਪਣੇ ਅਤੇ ਹੋਰ ਜੀਅ-ਜੰਤ ਲਈ ਮੁਸ਼ਕਿਲਾਂ ਖੜ੍ਹੀਆਂ ਕਰ ਲਈਆਂ ਹਨ। ਮਨੁੱਖ ਦੇ ਹਾਬੜੇਪਨ ਨੇ ਆਪਣੇ ਆਲੇ ਦੁਆਲੇ ਬਿਮਾਰੀਆਂ ਤੇ ਦੁਸ਼ਵਾਰੀਆਂ ਦਾ ਬਿਰਤਾਂਤ ਸਿਰਜ ਲਿਆ ਹੈ।

ਸਾਡੀ ਖ਼ੁਰਾਕ ਤੰਦਰੁਸਤ ਨਹੀਂ ਰਹੀ, ਸਾਡੇ ਵਾਤਾਵਰਨ ਦੀ ਤੰਦਰੁਸਤੀ ਨੂੰ ਵੀ ਗ੍ਰਹਿਣ ਲੱਗ ਗਿਆ ਹੈ। ਇਸ ਸੰਕਟ ਦੇ ਮਾੜੇ ਪ੍ਰਭਾਵ ਮਨੁੱਖ ਸਮੇਤ ਸਭ ਜੀਵ ਜਾਤੀਆਂ 'ਤੇ ਦਿਸਣ ਲੱਗ ਪਏ ਹਨ। ਪੰਛੀਆਂ ਦੀਆਂ ਬਹੁਤ ਸਾਰੀਆਂ ਪ੍ਰਜਾਤੀਆਂ ਲੋਪ ਹੋ ਗਈਆਂ ਹਨ। ਗਿਰਝਾਂ, ਚਿੜੀਆਂ, ਪਹਾੜੀ ਕਾਂ, ਕਿੱਲੀਠੋਕੇ ਆਦਿ ਬਹੁਤ ਸਾਰੀਆਂ ਨਸਲਾਂ ਜਾਂ ਤਾਂ ਲੋਪ ਹੋ ਗਈਆਂ ਜਾਂ ਲੋਪ ਹੋਣ ਕੰਢੇ ਹਨ। ਵਿਚਾਰਨ ਵਾਲੀ ਗੱਲ ਇਹ ਹੈ ਕਿ ਜੇਕਰ ਇਸ ਵਾਤਾਵਰਨ ਵਿਚ ਪੰਛੀਆਂ ਦੀਆਂ ਕੁਝ ਨਸਲਾਂ ਲੋਪ ਹੁੰਦੀਆਂ ਹਨ ਤਾਂ ਇਸ ਦਾ ਸਿੱਧਾ ਭਾਵ ਇਹ ਹੈ ਕਿ ਇੱਥੇ ਜੀਵਾਂ ਦੇ ਵਿਗਸਣ ਮੌਲਣ ਲਈ ਢੁੱਕਵਾਂ ਵਾਤਾਵਰਨ ਅਤੇ ਸਾਜ਼ਗਾਰ ਮਾਹੌਲ ਨਹੀਂ ਹੈ। ਇਸ ਮਾਹੌਲ ਦਾ ਸਿੱਧਾ ਪ੍ਰਭਾਵ ਮਨੁੱਖ ਦੀ ਜ਼ਿੰਦਗੀ 'ਤੇ ਵੀ ਪੈਂਦਾ ਹੈ। ਇਸ ਲਈ ਜੇ ਕੋਈ ਇੱਕ ਜੀਵ ਜੰਤੂ ਵੀ ਲੋਪ ਹੁੰਦਾ ਹੈ ਤਾਂ ਇਸ ਨੂੰ ਸਮੁੱਚੇ ਜੀਵਨ ਲਈ ਖ਼ਤਰੇ ਦੀ ਘੰਟੀ ਸਮਝਣਾ ਚਾਹੀਦਾ ਹੈ। ਇਸ ਸਭ ਕੁਝ ਲਈ ਉਹ ਮਾਹੌਲ ਤੇ ਸੰਕਟ ਜ਼ਿੰਮੇਵਾਰ ਹੈ ਜੋ ਅਸੀਂ ਪਿਛਲੇ ਕੁਝ ਦਹਾਕਿਆਂ ਤੋਂ ਪੰਜਾਬ ਦੀ ਧਰਤੀ 'ਤੇ ਬਣਾਉਣ ਵਿਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ।

ਅਸੀਂ ਸਰਬੱਤ ਦਾ ਭਲਾ ਚਾਹੁਣ ਅਤੇ ਮੰਗਣ ਵਾਲੇ ਲੋਕ ਹਾਂ ਪਰ ਅੱਜ ਅਸੀਂ ਦਿਖਾਵੇ ਲਈ ਧਰਮ ਕਰਮ ਦੇ ਨਾਮ 'ਤੇ ਅਡੰਬਰ ਰਚਦੇ ਹਾਂ ਅਤੇ ਜੀਵਨ ਨਾਲ ਜੁੜੇ ਸਰੋਕਾਰਾਂ ਤੋਂ ਦੂਰ ਹੋ ਜਾਂਦੇ ਹਾਂ। ਲੋਕਾਂ ਨੂੰ ਇਸ ਬਾਰੇ ਸੁਚੇਤ ਹੋਣਾ ਚਾਹੀਦਾ ਹੈ। ਆਪਣੇ ਆਲੇ ਦੁਆਲੇ ਹਵਾ ਦੀ ਗੁਣਵੱਤਾ ਵਿਚ ਸੁਧਾਰ ਕਰ ਕੇ ਅਸੀਂ ਪੰਜਾਬ ਦੇ ਪਾਣੀ ਅਤੇ ਮਿੱਟੀ ਨੂੰ ਸ਼ੁੱਧ ਕਰ ਸਕਦੇ ਹਾਂ। ਇਸ ਲਈ ਕਿਤੋਂ ਨਾ ਕਿਤੋਂ ਸ਼ੁਰੂਆਤ ਕਰਨੀ ਪਵੇਗੀ। ਅੱਜ ਜੇ ਪੰਜਾਬ ਵਿਚ ਬਿਮਾਰੀਆਂ ਤੇ ਦੁਸ਼ਵਾਰੀਆਂ ਦੀ ਭਰਮਾਰ ਹੈ ਤਾਂ ਸੋਚਣ ਦੀ ਲੋੜ ਹੈ ਕਿ ਜਿਹੜੀਆਂ ਤਰਜੀਹਾਂ 'ਤੇ ਅਸੀਂ ਚੱਲ ਰਹੇ ਹਾਂ, ਇਹਨਾਂ ਨੂੰ ਬਦਲਣਾ ਪਵੇਗਾ। ਪੰਜਾਬ ਦੀ ਧਰਤੀ ਉੱਤੇ ਸਾਲ ਵਿਚ ਛੇ ਰੁੱਤਾਂ- ਗਰਮੀ, ਸਰਦੀ, ਪਤਝੜ, ਬਸੰਤ, ਵਰਖਾ, ਬਹਾਰ ਆਉਂਦੀਆਂ ਹਨ। ਹਰ ਦੋ ਮਹੀਨੇ ਬਾਅਦ ਰੁੱਤ ਬਦਲਦੀ ਹੈ। ਦੁਨੀਆ ਵਿਚ ਕੋਈ ਟਾਵਾਂ ਖਿੱਤਾ ਹੋਵੇਗਾ ਜਿੱਥੇ ਅਜਿਹਾ ਮੌਸਮ ਹੈ। ਧਰਤੀ ਪੁਕਾਰ ਰਹੀ ਹੈ ਕਿ ਕੁਦਰਤੀ ਦਾਤਾਂ ਨੂੰ ਸੰਭਾਲੋ, ਵੱਧ ਤੋਂ ਵੱਧ ਰੁੱਖ ਲਾਓ, ਅੱਗ ਦੇ ਲਾਂਬੂ ਲਾ ਕੇ ਧਰਤੀ ਨਾ ਲੂਹੋ ਅਤੇ ਪਾਣੀਆਂ ਦਾ ਸਤਿਕਾਰ ਕਰੋ। ਇਹ ਦਾਤਾਂ ਅਨਮੋਲ ਹਨ, ਇਹਨਾਂ ਦੀ ਕਦਰ ਕਰੋ।

# ਅਮਰੀਕਨਾਂ ਦੀ ਲੋਹੜੀ: ਹਾਲੋਵੀਨ

**ਹਾਲੋਵੀਨ 'ਤੇ ਵਿਸ਼ੇਸ਼**



**ਰਵਿੰਦਰ ਸਹਿਰਾਅ**
**ਫੋਨ: 219-900-1115**

ਵਿਦਵਾਨਾਂ ਨੇ ਜਿਵੇਂ ਲੋਹੜੀ ਦਾ ਤਿਉਹਾਰ ਸਰਦੀਆਂ ਦੇਅੰਤ ਨਾਲ ਜੋੜਿਆ ਹੈ, ਇਸੇ ਤਰ੍ਹਾਂ ਕਈ ਹੋਰ ਰੀਤੀਆਂ ਰਿਵਾਜ ਵੀ ਇਹਦੇ ਨਾਲ ਜੋੜੇ ਗਏ ਹਨ। ਪੁਰਾਣੇ ਸਮਿਆਂ ਵਿਚ ਲੋਕ ਟੋਲੀਆਂ ਬਣਾ ਕੇ ਘਰ-ਘਰ ਜਾ ਕੇ ਲੋਹੜੀ ਮੰਗਦੇ ਸਨ; ਖਾਸ ਕਰਕੇ ਜਿਸ ਘਰ ਮੁੰਡਾ ਜੰਮਿਆ ਹੋਵੇ। ਉਥੇ ਤਾਂ ਹਰ ਟੋਲੀ ਜ਼ਰੂਰ ਜਾਂਦੀ ਸੀ। ਅੱਜ ਕੱਲ੍ਹ ਭਾਵੇਂ ਇਹ ਰਿਵਾਜ ਉਹੋ ਜਿਹਾ ਨਹੀਂ ਰਿਹਾ ਪਰ ਉੱਤਰੀ ਭਾਰਤ ਵਿਚ ਲੋਹੜੀ ਦਾ ਅੱਜ ਵੀ ਓਨਾ ਹੀ ਮਹੱਤਵ ਹੈ। ਬੱਚਿਆਂ ਨੂੰ ਰਿਉੜੀਆਂ, ਮੂੰਗਫ਼ਲੀ, ਗੁੜ ਅਤੇ ਕੁਝ ਪੈਸੇ ਵੀ ਦਿੱਤੇ ਜਾਂਦੇ ਸਨ। ਕੁੜੀਆਂ ਦੀਆਂ ਟੋਲੀਆਂ ਅਲੱਗ ਹੋ ਕੇ ਲੋਹੜੀ ਮੰਗਦੀਆਂ ਸਨ। ਇਸ ਨੂੰ ਮਸ਼ਹੂਰ ਨਾਬਰਯੋਧੇ ਦੁੱਲਾ ਭੱਟੀ ਨਾਲ ਵੀ ਜੋੜਿਆ ਜਾਂਦਾ ਹੈ। ਜਦ ਕੋਈ ਲੋਹੜੀ ਦੇਣ ਲਈ ਦੇਰ ਕਰ ਦਿੰਦਾ ਸੀ ਤਾਂ ਕੁੜੀਆਂ ਗਾਉਂਦੀਆਂ ਸਨ:

ਸਾਡੇ ਪੈਰਾਂ ਹੇਠ ਰੋੜ,
ਸਾਨੂੰ ਛੇਤੀ-ਛੇਤੀ ਤੋਰ।

ਸਾਡੇ ਪੈਰਾਂ ਹੇਠ ਸਲਾਈਆਂ,
ਅਸੀਂ ਕਿਹੜੇ ਵੇਲੇ ਦੀਆਂ ਆਈਆਂ।

ਸੁੰਦਰ ਮੁੰਦਰੀਏ ਹੋ
ਤੇਰਾ ਕੌਣ ਵਿਚਾਰਾ ਹੋ
ਦੁੱਲਾ ਭੱਟੀ ਵਾਲਾ ਹੋ।
ਇਹ ਪੋਹ ਮਹੀਨੇ ਦਾ ਅੰਤ ਹੁੰਦਾ ਸੀ।

ਅਗਲੇ ਦਿਨ ਮਾਘ ਚੜ੍ਹਨ ਕਰਕੇ ਮਾਘੀ ਦਾ ਤਿਉਹਾਰ ਵੀ ਮਨਾਇਆ ਜਾਂਦਾ ਸੀ। ਲੋਕੀ ਰਹੁ (ਗੰਨੇ ਦਾ ਰਸ) ਵਾਲੀ ਖੀਰ ਬਣਾਉਂਦੇ ਸਨ; ਜਿਵੇਂ ਕਹਿੰਦੇ ਸਨ:

ਪੋਹ ਨੂੰ ਰਿੱਧੀ, ਮਾਘ 'ਚ ਖਾਧੀ।

ਹੁਣ ਆਪਾਂ ਗੱਲਕਰੀਏ ਹਾਲੋਵੀਨ ਦੀ। ਇਹ ਤਿਉਹਾਰ ਲੋਹੜੀ ਨਾਲ ਰਲਦਾ ਮਿਲਦਾ ਹੈ ਅਤੇ ਹਰ ਸਾਲ 31 ਅਕਤੂਬਰ ਦੀ ਸ਼ਾਮ ਨੂੰ ਮਨਾਇਆ ਜਾਂਦਾ ਹੈ। ਹਨੇਰਾ ਜਲਦੀ ਹੋਣ ਕਰਕੇ ਕਈ ਇਲਾਕਿਆਂ ਵਿਚ ਸਮਾਂ ਬੰਨ੍ਹਿਆ ਜਾਂਦਾ ਹੈ ਕਿ ਹਾਲੋਵੀਨ ਇਸ ਸਮੇਂ ਤੱਕ ਹੀ ਮਨਾਈ ਜਾਵੇਗੀ ਕਿਉਂਕਿ ਜ਼ਿਆਦਾਤਰ ਬੱਚੇ ਹੀ ਟੋਲੀਆਂ ਬਣਾ ਕੇ ਜਾਂ ਆਪਣੇ ਮਾਪਿਆਂ ਦੀ ਨਿਗਰਾਨੀ ਹੇਠ ਆ ਕੇ ਹੀ ਹਾਲੋਵੀਨ ਮੰਗਦੇ ਹਨ ਜਿਸ ਨੂੰ 'ਟਰਿੱਕ ਔਰ ਟਰੀਟ' ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਬੱਚੇ ਅਤੇ ਵੱਡੀ ਉਮਰ ਦੇ ਮਰਦ ਔਰਤਾਂ ਡਰਾਉਣੇ ਜਿਹੇ ਕਾਸਟਿਊਮ ਪਹਿਨ ਕੇ ਆਉਂਦੇ ਹਨ। ਤੁਸੀਂ ਉਨ੍ਹਾਂ ਨੂੰ ਪਛਾਣ ਹੀ ਨਹੀਂ ਸਕਦੇ ਭਾਵੇਂ ਉਹ ਤੁਹਾਡੇ ਗੁਆਂਢ ਵਿਚ ਹੀ ਕਿਉਂ ਨਾ ਰਹਿੰਦੇ ਹੋਣ। ਇਹ ਮਿੱਥ ਹੈ ਕਿ ਇਸ ਰਾਤ ਨੂੰ ਵਿਛੜੀਆਂ ਮਾੜੀਆਂ ਰੂਹਾਂ ਘਰਾਂ ਵਿਚ ਦਾਖਲ ਹੁੰਦੀਆਂ ਹਨ ਤੇ ਇਸੇ ਕਰ ਕੇ ਉਨ੍ਹਾਂ ਨੂੰ ਡਰਾਉਣ ਲਈ ਅਜਿਹੇ ਕੱਪੜੇ ਪਾਏ ਜਾਂਦੇ ਹਨ ਤਾਂ ਕਿ ਉਹ ਡਰ ਕੇ ਘਰ ਅੰਦਰ ਨਾ ਆ ਸਕਣ। ਲੋਕੀ ਘਰਾਂ ਮੋਹਰੇ ਪੰਪਕਿਨ (ਕੱਦੂ) ਅਤੇ ਮੱਕੀ ਦੇ ਟਾਂਡੇ ਵੀ ਸਜਾਉਂਦੇ ਹਨ। ਅੱਜ ਕੱਲ੍ਹ ਸਟੋਰਾਂ ਵਿਚ ਪਲਾਸਟਿਕ ਦੇ ਪੰਪਕਿਨ ਵੀ ਆਉਂਦੇ ਹਨ ਜਿਨ੍ਹਾਂ ਵਿਚ ਬਲਬ ਲੱਗਾ ਹੁੰਦਾ ਹੈ। ਤੁਸੀਂ ਬੱਸ ਆਊਟਲੈੱਟ ਵਿਚ ਪਲੱਗ-ਇਨ ਕਰ ਦਿਉ ਤਾਂ ਇਹ ਲਿਸ਼ਕਣ ਲੱਗ ਜਾਂਦਾ ਹੈ।

ਬੱਚੇ ਇਸ ਤਿਉਹਾਰ ਨੂੰ ਜਨਮ ਦਿਨ ਵਾਂਗ ਉਡੀਕਦੇ ਹਨ। ਹਰ ਘਰ ਤੋਂ ਉਨ੍ਹਾਂ ਨੂੰ ਕੈਂਡੀਆਂ/ਚੌਕਲੇਟ ਮਿਲਦੇ ਹਨ। ਝੋਲੇ ਭਰ ਕੇ ਉਹ ਅਗਲੇ ਕਈ ਦਿਨਾਂ ਤੱਕ ਖਾਂਦੇ ਰਹਿੰਦੇ ਹਨ। ਇਹਤਿਆਤ ਵਜੋਂ ਕਿਹਾ ਜਾਂਦਾ ਹੈ ਕਿ ਬੱਚਿਉ! ਖੁੱਲ੍ਹੇ ਰੈਪਰ



ਵਾਲੀ ਕੈਂਡੀ ਨਹੀਂ ਖਾਣੀ; ਪਤਾ ਨਹੀਂ ਕਿਸੇ ਬੰਦ ਦਿਮਾਗ ਨੇ ਉਸ ਵਿਚ ਕੁਝ ਮਿਲਾਇਆ ਹੀ ਨਾ ਹੋਵੇ। ਕਰਾਈਮ ਦੀ ਵਜਾਹ ਕਾਰਨ ਵੀ ਇਹ ਤਿਉਹਾਰ ਲੋਏ-ਲੋਏ ਮਨਾਉਣ ਦੀ ਸਲਾਹ ਦਿੱਤੀ ਜਾਂਦੀ ਹੈ।

ਵਿਦਵਾਨਾਂ ਦੀ ਮੱਤ ਅਨੁਸਾਰ ਇਹ ਤਿਉਹਾਰ 2000 ਸਾਲ ਪੁਰਾਣਾ ਹੈ। ਇਹ ਸੈਲਟਿਕ ਫੈਸਟੀਵਲ ਔਫ ਸਾਵਨ (Celtic Festival of Samhain) ਜਿਸ ਦਾ ਉਚਾਰਨ ਸਾਵਿਨ ਹੈ, ਦਾ ਆਧੁਨਿਕ ਰੂਪ ਹੈ। ਪਹਿਲਾਂ-ਪਹਿਲ ਇਹਯੂ.ਕੇ. ਅਤੇ ਆਇਰਲੈਂਡ ਵਿਚ ਮਨਾਇਆ ਜਾਂਦਾ ਸੀ ਪਰ ਹੁਣ ਉੱਤਰੀ ਅਮਰੀਕਾ ਵਿਚ ਵੀ ਧੁਮ-ਧਾਮ ਨਾਲ ਮਨਾਇਆ ਜਾਂਦਾ ਹੈ। ਇਸ ਨੂੰ ਪਹਿਲਾਂ ਹਾਲੋਵੀਨ ਈਵ ਵੀ ਕਿਹਾ ਜਾਂਦਾ ਸੀ ਪਰ ਹੁਣ ਇਹ ਹਾਲੋਵੀਨ ਹੀ ਬਣ ਗਿਆ ਹੈ। ਸੋਵਿਨ (sow in) ਜਾਂ ਸੈਮਹੇਨ (samhain) ਨੂੰ ਸਰਦ ਰੁੱਤ ਦੀ ਸ਼ੁਰੂਆਤ ਵੀ ਕਿਹਾ ਜਾਂਦਾ ਹੈ।ਇਸ ਦਿਨ ਤੋਂ ਪਹਿਲਾਂ ਲੋਕੀ ਆਪਣੀਆਂ ਫ਼ਸਲਾਂ ਫ਼ਲ ਤੇ ਸਬਜ਼ੀਆਂ ਆਦਿ ਸਮੇਟ ਕੇ ਵਿਹਲੇ ਹੋ ਜਾਂਦੇ ਹਨ ਅਤੇ ਇਸ ਦੀ ਖ਼ੁਸ਼ੀ ਮਨਾਉਂਦੇ ਹਨ। ਇਸ ਨੂੰ ਪੇਗਾਨ (PAGAN) ਧਰਮ ਨਾਲ ਵੀ ਜੋੜਿਆ ਜਾਂਦਾ ਹੈ। ਉਂਝ, ਪੇਗਾਨ ਉਸ ਆਦਮੀ ਨੂੰ ਵੀ ਕਿਹਾ ਜਾਂਦਾ ਹੈ ਜੋ ਕਿਸੇ ਵੀ ਚਰਚ ਜਾਂ ਮਸਜਿਦ ਵਿਚ ਨਾ ਜਾਂਦਾ ਹੋਵੇ। ਪੇਗਾਨ ਸ਼ਬਦ ਲਾਤੀਨੀ ਭਾਸ਼ਾ ਦੇ ਸ਼ਬਦ ਪਗੈਨਿਸ (PAGANUS) ਤੋਂ ਲਿਆ ਦੱਸਿਆ ਜਾਂਦਾ ਹੈ। ਪੁਰਾਣੇ ਸਮਿਆਂ ਵਿਚ ਇਹ ਵੀ ਮਿੱਥ ਸੀ ਕਿ ਇਸ ਰਾਤ ਮਾੜੀਆਂ ਰੂਹਾਂ ਧਰਤੀ ਉਪਰ ਆ ਕੇ ਤੁਹਾਡੀਆਂ ਫ਼ਸਲਾਂ ਤਬਾਹ ਕਰ ਦਿੰਦੀਆਂ ਹਨ। ਉਹ ਇਸ ਸ਼ਾਮ ਨੂੰ ਅੱਗ ਬਾਲਦੇ ਸਨ ਤਾਂ ਕਿ ਮਾੜੀਆਂ ਰੂਹਾਂ ਭਸਮ ਹੋ ਜਾਣ।

ਅਮਰੀਕਾ ਵਿਚ ਇਹ ਪਹਿਲਾਂ-ਪਹਿਲ ਮੈਰੀਲੈਂਡ ਅਤੇ ਦੂਜੀਆਂ ਦੱਖਣੀ ਰਿਆਸਤਾਂ ਵਿਚ ਮਨਾਇਆ ਜਾਂਦਾ ਦੱਸਿਆ ਜਾਂਦਾ ਹੈ ਕਿਉਂਕਿ ਪ੍ਰੋਟੈਸਟੈਂਟ ਧਰਮ ਨੂੰ ਮੰਨਣ ਵਾਲੇਇਸਵਿਚ ਯਕੀਨ ਨਹੀਂ ਸਨ ਕਰਦੇ। ਉਨੀਵੀਂ ਸਦੀ ਦੇ ਅੱਧ ਤੱਕ ਅਮਰੀਕਾ ਵਿਚ ਦੂਜੇ ਮੁਲਕਾਂ ਤੋਂ ਆਉਣ ਵਾਲੇ ਪਰਵਾਸੀਆਂ ਦੀ ਗਿਣਤੀ ਬਹੁਤ ਵਧ ਗਈ। ਉਹ ਆਪਣੇ ਰਸਮ ਰਿਵਾਜ ਨਾਲ ਲੈ ਕੇ ਆਏ, ਜਿਵੇਂ ਅੱਜ ਸਾਡੇ ਲੋਕ ਵਿਦੇਸ਼ਾਂ ਵਿਚ ਆਪਣੇ ਤਿਉਹਾਰ ਮਨਾਉਂਦੇ ਹਨ। ਕੁਝ ਥਾਵਾਂ 'ਤੇ ਤਾਂ ਸੋਭਾ ਯਾਤਰਾ ਅਤੇ ਨਗਰ ਕੀਰਤਨ ਵੀ ਕੱਢੇ ਜਾਣ ਲੱਗ ਪਏ ਹਨ। ਇਸੇ ਤਰ੍ਹਾਂ ਵਿਆਹਾਂ ਵਿਚ ਜਾਗੋ ਵੀ ਵਿਦੇਸ਼ਾਂ ਵਿਚ ਪਹੁੰਚ ਗਈ ਹੈ। ਬਿਲਕੁਲ ਇਸੇ ਤਰ੍ਹਾਂ ਹਾਲੋਵੀਨ ਵੀ ਹੁਣ ਅਮਰੀਕਨਾਂ ਦਾ ਪਸੰਦੀਦਾ ਤਿਉਹਾਰ ਬਣ ਗਿਆ ਹੈ।

## 1947 ਦਾ ਉਜਾੜਾ

# ਬਾਪੂ ਜੀ ਦੀ ਖ਼ੂਹ ਲਾਉਣ ਦੀ ਖ਼ੁਸ਼ੀ ਦਾ ਵੀ ਉਜਾੜਾ

**ਪ੍ਰਿੰ: ਬਲਕਾਰ ਸਿੰਘ ਬਾਜਵਾ**
**ਫੋਨ: 647-402-2170**

ਪਾਕਿਸਤਾਨ ਵਿਚ ਰਹਿ ਗਏ ਸਾਡੇ ਪਿੰਡ ਗੁੰਨਾਂ ਕਲਾਂ ਦੀ ਭੋਇੰ ਭਰੜੀ ਕਰਕੇ ਜਾਣੀ ਜਾਂਦੀ ਸੀ। ਕਲਰਾਠੀ, ਸਖ਼ਤ, ਖੁਸ਼ਕ ਤੇ ਬਰਾਨ। ਕਿੱਕਰਾਂ ਤੇ ਕਰੀਰਾਂ ਵਾਲੀ। ਸਾਉਣ ਦੇ ਮੀਂਹਾਂ ਪਿੱਛੋਂ ਚਰੀ, ਜਵਾਰ, ਮੱਕੀ ਤੇ ਬਾਜਰਾ ਆਦਿ ਫਸਲਾਂ ਵਰੂ੍ਲੇ ਮਾਰ ਚੜ੍ਹ ਜਾਂਦੀਆਂ। ਸਿਆਲ ਦੇ ਮੀਂਹਾਂ ਕਾਰਨ ਕਣਕ, ਸਰ੍ਹੋਂ ਆਦਿ ਵਧੀਆ ਹੁੰਦੀ। ਮੀਂਹਾਂ 'ਚ ਚੀੜ੍ਹੀ, ਗੂੰਦ ਵਰਗੀ। ਮਜਾਲ ਏ ਤੁਹਾਡੇ ਪੈਰਾਂ ਨੂੰ ਛੱਡੇ! ਖੇਤੀ ਨਿਰੋਲ ਬਾਰਸ਼ 'ਤੇ ਹੀ ਨਿਰਭਰ ਸੀ। ਔੜ ਸਰਾਪ ਬਣ ਜਾਂਦੀ। 1942 ਵਿਚ ਬਾਪੂ ਜੀ ਫੌਜ 'ਚੋਂ ਸੇਵਾਮੁਕਤ ਹੋ ਪਿੰਡ ਆ ਗਏ ਸਨ। ਕੋਰੇ ਅਨਪੜ੍ਹ, ਡੰਗਰ ਚਾਰਦੇ, ਹਲ਼ ਵਾਹੁੰਦੇ ਖੇਤੋਂ ਚੋਰੀ ਭੱਜੇ ਸਨ। ਨਿਰੋਲ ਮਿਹਨਤ ਸਦਕਾ ਸੂਬੇਦਾਰ ਮੇਜਰ ਆਨਰੇਰੀ ਕੈਪਟਨ ਸੇਵਾਮੁਕਤ ਹੋਏ।

ਨੌਕਰੀ ਦੌਰਾਨ ਹਰ ਫੌਜੀ ਵਾਂਗ ਉਨ੍ਹਾਂ ਨੇ ਵੀ ਕੁਝ ਸੁਪਨੇ, ਸਕੀਮਾਂ, ਯੋਜਨਾਵਾਂ ਸੰਜੋਈਆਂ ਹੋਈਆਂ ਸਨ। ਜੱਦੀ ਭੋਏਂ ਥੋੜ੍ਹੀ ਸੀ। ਬਾਪੂ ਜੀ ਬੇਲਾ ਸਿੰਘ ਗਿੱਲ (ਮੇਰੇ ਨਾਨਾ ਜੀ) ਇੱਕ ਤਜਰਬੇਕਾਰ ਸਿਰੜੀ, ਸਿਦਕੀ, ਸਮਝਦਾਰ ਤੇ ਮਿਹਨਤੀ ਰਾਠ ਕਿਸਾਨ ਸਨ। 'ਜ਼ਮੀਨ ਬਿਨਾਂ ਜੱਟ ਕਾਹਦਾ' ਉਨ੍ਹਾਂ ਦਾ ਉਚਾਰਨ ਸੀ। ਬਚਪਨ ਤੋਂ ਹੀ ਉਨ੍ਹਾਂ ਦੀ ਗੋਦ ਵਿਚ ਪਲਿਆ ਸੀ। ਆਮ ਹੀ ਸੁਣਦਾ ਰਹਿੰਦਾ। ਉਨ੍ਹਾਂ ਦੀ ਸਲਾਹ 'ਤੇ ਹੀ ਬਾਪੂ ਜੀ ਨੇ ਸੇਵਾਮੁਕਤੀ ਤੋਂ ਪਹਿਲਾਂ 22 ਕਿੱਲੇ ਜ਼ਮੀਨ ਖ਼ਰੀਦ ਲਈ ਸੀ। ਇਹ ਸੌਦਾ ਮਾਸੜ ਜੀ ਭਾਗ ਸਿੰਘ ਵੜਾਇਚ ਹੋਰਾਂ ਰਾਹੀਂ ਨੇਪਰੇ ਚੜ੍ਹਿਆ ਸੀ। ਇਹ ਜ਼ਮੀਨ ਸਾਡੀ ਜੱਦੀ ਪੈਲੀ ਦੇ ਨਾਲ ਹੀ ਲੱਗਦੀ ਸੀ। ਖ਼ਰੀਦਿਆ ਰਕਬਾ ਪੂਰਬ ਪਾਸੇ ਦੇ ਗੁਆਂਢੀ ਪਿੰਡ ਭਰੋਕਿਆਂ ਦੇ ਕਿਸੇ ਜ਼ਮੀਂਦਾਰ ਦਾ ਸੀ। ਵੰਡ ਤੋਂ ਪਹਿਲਾਂ ਹੀ ਏਸੇ ਪਿੰਡ 'ਚ ਮਾਸੀ ਕਰਤਾਰ ਕੌਰ ਦਾ ਠਾਕਾ ਬਾਪੂ ਜੀ ਰਾਹੀਂ ਤੈਅ ਹੋ ਚੁੱਕਿਆ ਸੀ। ਇਹ ਸੁਣਦਾ ਹੁੰਦਾ ਸੀ ਕਿ ਜਦੋਂ ਗੁੰਨੇ ਵਾਲਿਆਂ ਕਬਜ਼ਾ ਲਿਆ ਤਾਂ ਉਨ੍ਹਾਂ ਦੇ ਹਲ਼ ਭਰੋਕਿਆਂ ਦੇ ਚੁੱਲ੍ਹੇ ਚੌਂਕਿਆਂ ਤੱਕ ਸਿਆੜੀ ਲੀਕਾਂ ਮਾਰ ਗਏ ਸਨ। ਇਸ ਤੋਂ ਪਹਿਲਾਂ ਉਨ੍ਹਾਂ 1927-28 ਵਿਚ ਪਿੰਡ ਵਿਚ ਇੱਕ ਉੱਚਾ ਦੋ ਮੰਜ਼ਲਾ ਮਕਾਨ ਵੀ ਬਣਵਾ ਲਿਆ ਹੋਇਆ ਸੀ। ਪੂਰੀ ਸਰਦਾਰੀ ਸ਼ਾਨ ਬਣ ਗਈ ਹੋਈ ਸੀ।

### ਖੂਹ ਲਾਉਣ ਦਾ ਮਹੂਰਤ

ਖ਼ੂਹ ਦੀਆਂ ਬਾਤਾਂ ਤੇ ਮਹੂਰਤ ਦੀਆਂ ਗੱਲਾਂ ਸੁਣ ਬਾਹਰੇ 'ਚ ਚਰਚੇ ਛਿੜੇ ਹੋਏ ਸਨ। ਕਈਆਂ ਨੇ ਕਿਹਾ ਸਰਦਾਰਾ! ਏਥੇ ਧਰਤੀ ਹੇਠ ਪਾਣੀ ਬਹੁਤ ਦੂਰ ਈ। ਪਾਣੀ ਕੱਢਣਾ ਕੋਹ ਕਾਫ਼ ਦੇ ਪਹਾੜ ਨੂੰ ਪਾੜਨ ਵਾਲੀ ਗੱਲ ਈ। ਪਰ ਉਨ੍ਹਾਂ ਦੀ ਯੋਜਨਾ ਸੁਪਨਈ ਵਿਸ਼ਵਾਸ ਏਨਾ ਦ੍ਰਿੜ ਤੇ ਤੀਬਰ ਸੀ ਕਿ ਖ਼ੂਹ ਲੱਗਣਾ ਸ਼ੁਰੂ ਹੋ ਗਿਆ। ਲਾਹੌਰ ਤੋਂ ਖ਼ੂਹ ਲਾਉਣ ਵਾਲੇ ਚੋਟੀ ਦੇ ਚੋਭਿਆਂ/ਟੋਬਿਆਂ ਨੇ ਡੂੰਘੀਆਂ ਚੁੱਭੀਆਂ/ਟੁੱਭੀਆਂ ਮਾਰ ਮਾਰ ਖ਼ੂਹ ਦੇ ਚੱਕ ਨੂੰ ਵੱਧ ਤੋਂ ਵੱਧ ਹੇਠਾਂ ਤੱਕ ਲੈ ਗਏ। ਪੂਰੀ ਤਸੱਲੀ ਹੋਣ 'ਤੇ ਹੀ ਚੱਕ 'ਤੇ ਖ਼ੂਹ ਦਾ ਮਹਿ਼ਲ ਉਸਾਰਿਆ ਗਿਆ। ਸਿਆਲਕੋਟ ਤੋਂ ਖ਼ੂਹ ਦਾ ਸਾਰਾ ਸਾਮਾਨ ਲਿਆ, ਪੂਰੀਆਂ ਰੀਝਾਂ, ਰਸਮਾਂ, ਉਮੰਗਾਂ ਨਾਲ ਬੌਲਦ ਜੋੜ, ਖ਼ੂਹ ਚਾਲੂ ਕਰ ਦਿੱਤਾ। ਪਰ ਹੋਣੀ ਕਿਤੇ ਨੇੜੇ ਤੇੜੇ ਹੀ ਏਧਰ ਓਧਰ ਫਿਰਦੀ ਰਹੀ ਹੋਵੇਗੀ। ਪਾਣੀ ਦਾ ਨਕਾਲ ਹਾਲੀ ਪੈਲੀ ਤੱਕ ਪਹੁੰਚਿਆ ਹੀ ਸੀ ਕਿ ਟਿੰਡਾਂ ਖਾਲੀ, ਖੜਕਦੀਆਂ ਆਉਣ ਲੱਗ ਪਈਆਂ। ਅਗਲੇ ਦਿਨ ਬਾਪੂ ਜੀ ਫਿਰ ਲਾਹੌਰ ਨੂੰ ਭੱਜੇ। ਉੱਥੋਂ ਦੇ ਮਾਹਿਰਾਂ ਨਾਲ ਲੰਬੀਆਂ, ਡੂੰਘੀਆਂ ਵਿਚਾਰਾਂ ਹੋਈਆਂ। ਉਨ੍ਹਾਂ ਕਿਹਾ ਕਿ ਸਰਦਾਰ ਜੀ! ਹੁਣ ਹੋਰ ਨਾਲਾਂ ਪਾਉਣੀਆਂ ਪੈਣਗੀਆਂ। ਏਸੇ ਤਸੱਲੀ ਨਾਲ ਮੁੜ ਆਏ। ਨਾਲ ਹੀ ਉਨ੍ਹਾਂ ਕਿਹਾ ਹੁਣ ਬੈੜ ਮਾਲ੍ਹ ਟਿੰਡਾਂ ਦੇ ਵੱਸ ਦੀ ਗੱਲ ਨਹੀਂ ਹੋਣੀ। ਕਿਰਲਾਸਕਰ ਇੰਜਣ ਰੱਖਣਾ ਪੈਣੈਂ। ਇਨ੍ਹਾਂ ਹੀ ਚੱਕਰਾਂ ਦੌਰਾਨ ਭਾਣਾ ਹੋਰ ਦਾ ਹੋਰ ਹੀ ਵਰਤ ਗਿਆ। ਇਨ੍ਹਾਂ ਸੁਝਾਵੀ ਤਰਕੀਬਾਂ ਨੂੰ ਘੜ੍ਹਦਿਆਂ, ਵਿਉਂਤਦਿਆਂ, ਸਮਾਂ ਮਿਥਦਿਆਂ 1947 ਦੀ ਵੰਡ ਨੇ ਭਾਫ਼ ਛੱਡਦੀ ਇੰਜਣੀ ਗੱਡੀ ਨੇ ਹੀ ਸਾਨੂੰ ਖਿੱਚ ਧੂਹ ਪਸਰੂਰ, ਨਾਰੋਵਾਲ, ਜੱਸੜ ਲੰਘਾ ਕੇ ਰਾਵੀ ਵਾਲੇ ਭਾਰਤ-ਪਾਕਿਸਤਾਨ ਬਾਰਡਰ 'ਤੇ ਲਿਆ ਸੁੱਟਿਆ। ਖ਼ੂਹ ਵਾਲੇ ਸੁਪਨਿਆਂ ਦੀ ਬਜਾਏ ਰੋਟੀ, ਕੱਪੜਾ ਤੇ ਮਕਾਨ ਦੇ ਝਮੇਲਿਆਂ ਨੇ ਆ ਘੇਰਿਆ। ਆਜ਼ਾਦ ਭਾਰਤ ਵਿਚ ਸਿਰਾਂ 'ਤੇ ਗੱਠੜੀਆਂ ਚੁਕਾ ਦਿੱਤੀਆਂ। ਖਾਨਾ ਬਦੋਸ਼ੀ ਦੇ ਆਲਮ ਵਿਚ ਜੂਝਣਾ ਪੈ ਗਿਆ। ਸਭ ਜਾਇਦਾਦਾਂ ਲੁੱਟੀਆਂ-ਪੁੱਟੀਆਂ ਗਈਆਂ। ਏਧਰ ਆ ਬਾਪੂ ਜੀ ਨੇ ਇੱਕ ਹੀ ਰੱਟ ਲਾਈ ਰੱਖੀ... ਜਾਇਦਾਦ, ਜ਼ਰ ਤੇ ਜ਼ਮੀਨ ਲੁੱਟੀ ਜਾ ਸਕਦੀ ਹੈ, ਪਰ ਪੜ੍ਹਾਈ ਸਿਖਲਾਈ ਕੋਈ ਮਾਈ ਦਾ ਲਾਲ ਲੁੱਟ ਨਹੀਂ ਸਕਦਾ!!! ਉਨ੍ਹਾਂ ਸਾਨੂੰ ਪੜ੍ਹਾਈ ਵਾਲੇ ਪਾਸੇ ਲਾਈ ਰੱਖਿਆ, ਭਾਵੇਂ ਔਖੇ



ਹੋਏ, ਭਾਵੇਂ ਜ਼ਮੀਨ ਵੀ ਕਿਉਂ ਨਾ ਵੇਚਣੀ ਪਈ। ਉਸ ਪੜ੍ਹਾਈ ਸਦਕਾ ਅਸੀਂ ਚਾਰੇ ਭਰਾ ਪੜ੍ਹ ਗਏ ਤੇ ਜ਼ਿੰਦਗੀ ਵਿਚ ਸੋਹਣੇ ਸੈੱਟ ਹੋ ਗਏ। ਸ਼ਰੀਕੜੇ ਦੇ ਮੁੰਡੇ ਹਾਲੀ ਤੱਕ ਵੀ ਕੱਟੀਆਂ ਵੱਛੀਆਂ ਦੀਆਂ ਪੂਛਾਂ ਮਰੋੜਦੇ ਫਿਰਦੇ ਵੇਖਦੇ ਹਾਂ।...ਪਰ ਮੇਰੇ ਬਾਪੂ ਜੀ ਦੇ ਖ਼ੂਹ ਦੀ ਬਾਤ ਹਾਲੀ ਅਧੂਰੀ ਹੈ। ਅੱਗੇ ਤੁਰਦੀ ਹੈ।

ਖ਼ੂਹ ਦੇ ਆਲੇ-ਦੁਆਲੇ ਇੱਕ ਤਿੰਨ ਫੁੱਟ ਚੌੜੀ ਫੱਟਿਆਂ ਵਾਲੀ ਚਾਰਦੀਵਾਰੀ ਬਣਾਈ ਹੋਈ ਸੀ। ਅੰਦਰਲੇ ਪਾਸੇ 12 ਸ਼ਤੀਰਾਂ ਵਾਲੀ ਇੱਕ ਲੰਬੀ ਕੁੜ (ਪ੍ਰਚੱਲਤ ਜੱਟਕੀ ਭਾਸ਼ਾ 'ਚ) ਜਿਨਸਾਂ, ਤੂੜੀ, ਪੱਠੇ ਦੱਥੇ, ਟੋਕੇ ਅਤੇ ਡੰਗਰਾਂ ਲਈ। ਅੱਗੇ ਓਡਾ ਹੀ ਇੱਕ ਲੰਬਾ ਬਰਾਂਡਾ, ਖ਼ੁਰਲੀਆਂ ਸਮੇਤ। ਇਹਦੇ ਸਿਰੇ 'ਤੇ ਪਰਿਵਾਰ ਤੇ ਆਏ-ਗਏ ਦੇ ਬਹਿਣ-ਖਲੋਣ, ਆਰਾਮ ਕਰਨ ਲਈ ਇੱਕ ਬੈਠਕ, ਜੋ ਆਰਾਮਦੇਹ ਕੁਰਸੀਆਂ ਤੇ ਹੋਰ ਲੋੜੀਂਦੇ ਨਿੱਕ-ਸੁੱਕ ਨਾਲ ਪੂਰੀ ਤਰ੍ਹਾਂ ਲੈਸ ਸੀ। ਬੈਠਕ ਅੱਗੇ ਇੱਕ ਬਾਗ ਬਗੀਚਾ ਲਾ ਦਿੱਤਾ ਗਿਆ ਸੀ। ਇਹ ਸਭ ਕੁਝ ਮੈਂ ਆਪਣੀ ਅੱਖੀਂ ਵੇਖਿਆ ਹੋਇਆ ਹੈ। ਮੈਂ ਓਦੋਂ ਛੇਵੀਂ ਵਿਚ ਪੜ੍ਹਦਾ ਸੀ। ਬਾਪੂ ਜੀ ਸਾਰਾ ਦਿਨ ਖ਼ੂਹ 'ਤੇ ਹੀ ਰਹਿੰਦੇ। ਸ਼ਾਮ ਨੂੰ ਧਾਰਾਂ ਕੱਢ ਕਢਾ ਦੁੱਧ ਦੀ ਬਾਲਟੀ ਲੈ ਪਿੰਡ ਪਰਤਦੇ। ਉਨ੍ਹਾਂ ਦਾ ਖ਼ੂਹ ਨਾਲ ਮੋਹ ਏਨਾਂ ਸੀ ਕਿ ਜੇਠ ਹਾੜ ਦੀਆਂ ਤਪਦੀਆਂ, ਤੱਤੀਆਂ ਲੋਆਂ ਵੀ ਉੱਥੇ ਹੀ ਗੁਜ਼ਾਰਦੇ। ਉਨ੍ਹਾਂ ਕੋਲ ਸਿਰਫ਼ ਸਾਂਝੀ ਤੇ ਕਾਮੇ ਹੁੰਦੇ। ਓਦੋਂ ਤੱਕ ਮੈਂ ਸਾਈਕਲ ਚਲਾਉਣਾ ਸਿੱਖ ਲਿਆ ਹੋਇਆ ਸੀ। ਮੇਰੀ ਡਿਊਟੀ ਹੁੰਦੀ ਦੁਪਹਿਰ ਦੀ ਰੋਟੀ ਉੱਥੇ ਪਹੁੰਚਾਉਣੀ ਹੈ। ਮੈਂ ਸਾਈਕਲ ਚਲਾਉਣ ਦੇ ਡੁੱਲ੍ਹ-ਡੁੱਲ੍ਹ ਪੈਂਦੇ ਚਾਅ ਨਾਲ ਸ਼ੂਟਾਂ ਵੱਟ ਲੈਂਦਾ। ਖ਼ੂਹ ਤੋਂ ਮੀਲ ਕੁ ਦੀ ਵਿੱਥ 'ਤੇ ਪੱਛਮ ਵੱਲ ਸਿਆਲਕੋਟ ਪਸਰੂਰ ਸੜਕ 'ਤੇ ਟਾਂਗੇ ਜਾਂਦੇ-ਆਉਂਦੇ ਨਜ਼ਰੀਂ ਪੈਂਦੇ। ਬੱਸ ਤਾਂ ਟਾਵੀਂ ਟੱਲੀ ਹੀ ਲੰਘਦੀ ਹੁੰਦੀ ਸੀ। ਉੱਤਰ ਵੱਲ ਕੋਈ ਦੋ ਕੋਹ ਦੂਰੀ 'ਤੇ ਸਿਆਲਕੋਟ-ਅੰਮ੍ਰਿਤਸਰ ਰੇਲਵੇ ਲਾਈਨ 'ਤੇ ਗੱਡੀਆਂ ਜਾਂਦੀਆਂ-ਆਉਂਦੀਆਂ ਦਿਸਦੀਆਂ। ਇਸ ਰੇਲ ਮਾਰਗ 'ਤੇ ਹੀ ਸਾਡੇ ਪਿੰਡ 'ਗੁੰਨਾਂ ਕਲਾਂ' ਦਾ ਪਹਿਲਾ ਰੇਲਵੇ ਸਟੇਸ਼ਨ ਸੀ।

ਵੱਡੇ ਭਾਜੀ ਨੂੰ ਖੇਡਾਂ ਦਾ ਜਨੂੰਨੀ ਸ਼ੌਕ ਸੀ। ਮਰੇ ਕਾਲਜ ਸਿਆਲਕੋਟ ਪੜ੍ਹਦੇ ਹੁੰਦੇ ਸੀ। ਉਨ੍ਹਾਂ ਨੇ ਖ਼ੂਹ ਨਾਲ ਲੱਗਦੀ ਪੈਲੀ ਵਿਚ ਛਾਲਾਂ ਮਾਰਨ ਤੇ ਗੋਲਾ ਸੁੱਟਣ ਦੇ ਜੁਗਾੜ ਬਣਾਏ ਹੋਏ ਸਨ। ਮੈਂ ਵੀ ਨਾਲ ਹੀ ਫਿਰਦਾ, ਹਿੱਸਾ ਲੈਂਦਾ ਰਹਿੰਦਾ। ਮੈਨੂੰ ਦਰਅਸਲ ਖੇਡਾਂ ਦੀ ਚੇਟਕ ਵਰਗਾ ਸ਼ੌਕ ਉੱਥੋਂ ਹੀ ਲੱਗ ਗਿਆ ਸੀ। ਜਦੋਂ ਉਨ੍ਹਾਂ ਦੇ ਕਾਲਜ ਦੀਆਂ ਸਾਲਾਨਾ ਖੇਡਾਂ ਹੋਣੀਆਂ ਹੁੰਦੀਆਂ ਉਹ ਉਨ੍ਹਾਂ ਬਾਰੇ ਗੱਲਾਂ ਆਮ ਹੀ ਮੇਰੇ ਨਾਲ ਕਰਦੇ ਰਹਿੰਦੇ। ਬਲਕਾਰ, ਉੱਗੋਕਿਆਂ ਦਾ ਦਲਜੀਤ ਦੌੜਾਕ ਨਿਰਾ ਅੱਗ ਦੀ ਨਾੜ ਈ! ਹਵਾ ਨੂੰ ਗੰਢਾਂ ਦੇਂਦਾ ਜਾਂਦਾ ਈ! ਕਿਸੇ ਨੂੰ ਡਾਹੀ ਨਹੀਂ ਦੇਂਦਾ। ਮੇਰਾ ਮਨ ਵੀ ਇਹੋ ਜਿਹੇ ਖਿਡਾਰੀਆਂ ਨੂੰ ਵੇਖਣ ਲਈ ਮਚਲ ਉੱਠਦਾ। ਮੈਂ ਸਕੂਲੋਂ ਫਰਲੋ ਮਾਰ, ਕਲਾਸਾਂ ਤੋਂ ਭਗੌੜਾ ਹੋ ਜਾਂਦਾ। ਦੋ ਮੀਲ ਅੱਗੇ ਸਾਈਕਲ 'ਤੇ ਕਾਲਜ ਪਹੁੰਚ ਜਾਂਦਾ। ਖੇਡਾਂ ਵੇਖਦਿਆਂ ਸਾਨੂੰ ਘਰ ਮੁੜਨ ਵਿਚ ਦੇਰ ਹੋ ਜਾਂਦੀ। ਜਦੋਂ ਹਨੇਰੇ ਪਏ 'ਤੇ ਲੇਟ ਘਰ ਪਹੁੰਚਦੇ। ਫੌਜੀ ਬਾਪੂ ਦੀਆਂ ਝਿੜਕਾਂ ਨੀਵੀਂ ਪਾ ਸਹਿੰਦੇ ਪਰ ਗੌ਼ਲਦੇ ਕੁਝ ਨਾ। ਇਸ ਤਰ੍ਹਾਂ ਖੇਡਾਂ ਦਾ ਲਗਾਅ ਮਨ ਵਿਚ ਪਨਪਦਾ ਰਿਹਾ। ਜੋ ਪਿੱਛੋਂ ਇੱਕ ਵੱਡਾ ਇਸ਼ਕ ਬਣ ਪੰਜਾਬ ਯੂਨੀਵਰਸਿਟੀ ਦਾ ਚੈਂਪੀਅਨ ਬਣ ਚਮਕਿਆ।


ਇਸ ਖ਼ੂਹ ਨਾਲ ਬਾਪੂ ਜੀ ਦਾ ਅੰਤਾਂ ਦਾ ਮੋਹ ਸੀ। ਜਿਸ ਦਾ ਬਿਆਨ ਕਰਨਾ ਔਖੈ! ਇਹ ਉਨ੍ਹਾਂ ਦੀ ਆਪਣੀ ਜ਼ਿੰਦਗੀ ਦੀ ਬਹੁਤ ਵੱਡੀ ਪਿਆਰੀ ਯੋਜਨਾ ਸੀ। ਜਿਹੜੀ ਪੰਜਾਬ ਦੇ ਉਜਾੜੇ ਦੇ ਨਾਲ ਹੀ ਉਜੜ ਗਈ। ਏਧਰ ਆ ਕੇ ਇਸ ਖ਼ੂਹ ਦੀਆਂ ਬਾਤਾਂ ਉਹ ਸਾਰੀ ਉਮਰ ਪਾਉਂਦੇ ਰਹੇ। ਜਦੋਂ ਵੀ ਏਧਰ ਪਿੰਡਾਂ, ਪੈਲੀਆਂ, ਬੰਬੀਆਂ ਦੀ ਗੱਲ ਛਿੜਦੀ ਉਹ ਆਪਣੇ ਖ਼ੂਹ ਦੀ ਕਹਾਣੀ ਛੋਹ ਲੈਂਦੇ। ਵਿਸ਼ੇਸ਼ ਤੌਰ 'ਤੇ ਜਦੋਂ ਏਧਰ ਦੀਆਂ ਜ਼ਮੀਨਾਂ ਵਿਚ ਬੋਰ ਹੋਣ ਲੱਗੇ, ਬੰਬੀਆਂ ਲੱਗ ਗਈਆਂ ਅਤੇ ਟਰੈਕਟਰ ਦਗੜ-ਦਗੜ ਕਰਦੇ ਗਲੀਆਂ 'ਚੋਂ ਮੱਘੇ ਕੱਢਦੇ ਲੰਘਦੇ ਵੇਖਦੇ ਸੁਣਦੇ। ਉਦੋਂ ਤਾਂ ਉਨ੍ਹਾਂ ਨੂੰ ਆਪਣੇ ਖ਼ੂਹ ਦਾ ਸੁਪਨਾ ਹੋਰ ਵੀ ਤੜਪਾਉਂਦਾ ਤੇ ਯਾਦ ਆਉਂਦਾ। ਭਾਵ ਹਰ ਘੜੀ, ਪਲ ਉਹਨੂੰ ਯਾਦ ਕਰਦੇ ਰਹੇ। ਏਦਾਂ ਦੀ ਮਾਨਸਿਕਤਾ ਹੰਢਾਉਂਦੇ, ਭੋਗਦੇ ਆਖਿਰ ਉਮਰ ਮੁੱਕ ਗਈ, ਜੋ ਮੁੱਕਣੀ ਹੀ ਸੀ! ਉਹ 92 ਕੁ ਸਾਲ ਦੀ ਉਮਰ ਭੋਗ ਇਸ ਫਾਨੀ ਦੁਨੀਆਂ ਤੋਂ ਚਲੇ ਗਏ ਪਰ ਸਾਨੂੰ ਯਾਦ ਰੱਖਣ ਵਾਸਤੇ ਆਪਣੇ ਸੁਪਨੇ ਤੇ ਸਿਆਣਪਾਂ ਸੌਂਪ ਗਏ।

# A & I Transport Inc.


123 E Lee Rd Watsonville, CA Ph: 831-763-7805

## ਗਾਖਲ ਭਰਾਵਾਂ ਵਲੋਂ ਪੰਜਾਬ ਟਾਈਮਜ਼ ਦੇ ਪਾਠਕਾਂ, ਸਮੂਹ ਪੰਜਾਬੀ ਭਾਈਚਾਰੇ ਤੇ ਟਰੱਕਰ ਭਰਾਵਾਂ ਨੂੰ ਰੌਸ਼ਨੀਆਂ ਦੇ ਤਿਓਹਾਰ ਦੀਵਾਲੀ ਦੀ


# ਲੱਖ ਲੱਖ ਵਧਾਈ ਹੋਵੇ



ਅਮੋਲਕ ਸਿੰਘ ਗਾਖਲ



ਪਲਵਿੰਦਰ ਸਿੰਘ ਗਾਖਲ



ਇਕਬਾਲ ਸਿੰਘ ਗਾਖਲ

*ਹੋਰ ਜਾਣਕਾਰੀ ਲਈ ਸੰਪਰਕ ਕਰੋ*

**ਫੋਨ: 831-763-7805**

Fax: 831-724-2010, e-mail: aa@aitruckingllc.com

ਗਾਖਲ ਭਰਾਵਾਂ ਦੀ ਕੰਪਨੀ

**ਏ. ਐਂਡ ਆਈ. ਟਰਾਂਸਪੋਰਟ**

ਵਾਟਸਨਵਿਲ, ਕੈਲੀਫੋਰਨੀਆ

*11 ਵੈਸਟਰਨ ਸਟੇਟਾਂ ਅਤੇ*
*ਲੋਕਲ (ਕੈਲੀਫੋਰਨੀਆ) ਵਾਸਤੇ*

**ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ**

- ਅਸੀਂ 1990 ਤੋਂ ਕੁਆਲਿਟੀ ਸੇਵਾਵਾਂ ਦੇ ਰਹੇ ਹਾਂ
- 28 ਸਾਲਾਂ ਤੋਂ ਸਮੇਂ ਸਿਰ ਪੇਮੈਂਟ

**Weekly Pay Roll**



# ਫ਼ਲਸਤੀਨੀ ਜ਼ਖ਼ਮ ਲੂਕ ਨਹੀਂ ਸਕਦਾ: ਅਰੁੰਧਤੀ ਰਾਏ

***ਲੇਖਕਾ ਅਤੇ ਕਾਰਕੁਨ ਅਰੁੰਧਤੀ ਰਾਏ ਨੂੰ ਪੈੱਨ ਪਿੰਟਰ ਪੁਰਸਕਾਰ 2024 ਨਾਲ ਸਨਮਾਨਿਤ ਕੀਤਾ ਗਿਆ ਹੈ। ਇਹ ਨਾਟਕਕਾਰ ਹੈਰਲਡ ਪਿੰਟਰ ਦੀ ਯਾਦ ਵਿਚ ਇੰਗਲਿਸ਼ ਪੈੱਨ ਦੁਆਰਾ ਸਥਾਪਤ ਸਾਲਾਨਾ ਪੁਰਸਕਾਰ ਹੈ। ਅਰੁੰਧਤੀ ਨੇ ਐਲਾਨ ਕੀਤਾ ਕਿ ਪੁਰਸਕਾਰ ਦੀ ਰਕਮ ਉਹ ਫ਼ਲਸਤੀਨੀ ਬਾਲ ਰਾਹਤ ਫੰਡ ਨੂੰ ਦੇਵੇਗੀ। 10 ਅਕਤੂਬਰ ਦੀ ਸ਼ਾਮ ਨੂੰ ਬ੍ਰਿਟਿਸ਼ ਲਾਇਬ੍ਰੇਰੀ ਵਿਚ ਪੁਰਸਕਾਰ ਲੈਣ ਸਮੇਂ ਅਰੁੰਧਤੀ ਦਾ ਭਾਸ਼ਣ ਸਾਂਝਾ ਕੀਤਾ ਜਾ ਰਿਹਾ ਹੈ। ਇਸ ਦਾ ਉਚੇਚਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ।***

ਮੈਂ ਇੰਗਲਿਸ਼ 'ਪੈੱਨ' ਦੇ ਮੈਂਬਰਾਂ ਅਤੇ ਜਿਊਰੀ ਮੈਂਬਰਾਂ ਦਾ ਮੈਨੂੰ ਪੈੱਨ ਪਿੰਟਰ ਪੁਰਸਕਾਰ ਨਾਲ ਸਨਮਾਨਿਤ ਕਰਨ ਲਈ ਧੰਨਵਾਦ ਕਰਦੀ ਹਾਂ। ਮੈਂ ਇਸ ਸਾਲ ਦੇ 'ਰਾਈਟਰ ਆਫ ਕਰੇਜ' ਦੇ ਨਾਂ ਦਾ ਐਲਾਨ ਕਰ ਕੇ ਆਪਣੀ ਗੱਲ ਸ਼ੁਰੂ ਕਰਨਾ ਚਾਹਾਂਗੀ ਜਿਸ ਦੇ ਨਾਲ ਮੈਨੂੰ ਇਹ ਪੁਰਸਕਾਰ ਦੇਣ ਲਈ ਚੁਣਿਆ ਗਿਆ ਹੈ।

ਦਲੇਰ ਲੇਖਕ ਅਤੇ ਮੇਰੇ ਸਾਥੀ ਪੁਰਸਕਾਰ ਜੇਤੂ ਆਲਾ ਅਬਦ ਅਲ-ਫ਼ਤਹ, ਤੁਹਾਨੂੰ ਮੇਰੇ ਵੱਲੋਂ ਮੁਬਾਰਕਾਂ। ਅਸੀਂ ਉਮੀਦ ਅਤੇ ਅਰਦਾਸ ਕੀਤੀ ਕਿ ਸਤੰਬਰ ਵਿਚ ਤੁਸੀਂ ਰਿਹਾਅ ਕਰ ਦਿੱਤੇ ਜਾਓਗੇ ਪਰ ਮਿਸਰ ਦੀ ਸਰਕਾਰ ਨੇ ਫ਼ੈਸਲਾ ਕੀਤਾ ਕਿ ਤੁਸੀਂ ਬਹੁਤ ਹੀ ਖ਼ੂਬਸੂਰਤ ਲੇਖਕ ਅਤੇ ਏਨੇ ਖ਼ਤਰਨਾਕ ਚਿੰਤਕ ਹੋਣ ਕਰ ਕੇ ਤੁਹਾਨੂੰ ਰਿਹਾਅ ਨਹੀਂ ਕੀਤਾ ਜਾ ਸਕਦਾ। ਉਂਞ, ਤੁਸੀਂ ਸਾਡੇ ਨਾਲ ਇੱਥੇ ਮੌਜੂਦ ਹੋ। ਤੁਸੀਂ ਇਥੇ ਸਭ ਤੋਂ ਮਹੱਤਵਪੂਰਨ ਸ਼ਖਸ ਹੋ। ਜੇਲ੍ਹ ਵਿਚੋਂ ਤੁਸੀਂ ਲਿਖਿਆ, "ਕੋਈ ਤਾਕਤ ਮੇਰੇ ਸ਼ਬਦਾਂ ਤੋਂ ਖੁੱਸ ਗਈ ਤੇ ਫਿਰ ਵੀ ਉਹ ਮੇਰੇ ਅੰਦਰੋਂ ਬਾਹਰ ਆਉਂਦੇ ਰਹੇ। ਮੇਰੇ ਕੋਲ ਅਜੇ ਵੀ ਇਕ ਆਵਾਜ਼ ਸੀ, ਭਾਵੇਂ ਸਿਰਫ਼ ਮੁੱਠੀ ਭਰ ਲੋਕ ਹੀ ਸੁਣਨਗੇ।" ਅਸੀਂ ਸੁਣ ਰਹੇ ਹਾਂ ਆਲਾ। ਗ਼ੌਰ ਨਾਲ।

ਤੁਹਾਨੂੰ ਵੀ ਵਧਾਈਆਂ, ਮੇਰੀ ਪਿਆਰੀ ਨੈਓਮੀ ਕਲਾਈਨ, ਆਲਾ ਅਤੇ ਮੇਰੀ, ਦੋਹਾਂ ਦੀ ਦੋਸਤ। ਅੱਜ ਰਾਤ ਇੱਥੇ ਆਉਣ ਲਈ ਤੇਰਾ ਧੰਨਵਾਦ। ਇਸ ਦਾ ਭਾਵ ਮੇਰੇ ਲਈ ਦੁਨੀਆ ਹੈ।

ਇੱਥੇ ਜੁੜੇ ਤੁਹਾਡੇ ਸਾਰਿਆਂ ਦੇ ਨਾਲ-ਨਾਲ ਉਨ੍ਹਾਂ ਸਾਰਿਆਂ ਨੂੰ ਵੀ ਸ਼ੁਭ ਕਾਮਨਾਵਾਂ ਜੋ ਸ਼ਾਇਦ ਇਨ੍ਹਾਂ ਅਦਭੁੱਤ ਸਰੋਤਿਆਂ ਲਈ ਅਦਿਖ ਹਨ ਪਰ ਇਸ ਕਮਰੇ ਵਿਚ ਮੌਜੂਦ ਕਿਸੇ ਹੋਰ ਸ਼ਖਸ ਵਾਂਗ ਮੈਨੂੰ ਦਿਸ ਰਹੇ ਹਨ। ਮੈਂ ਭਾਰਤ ਦੀਆਂ ਜੇਲ੍ਹਾਂ 'ਚ ਡੱਕੇ ਆਪਣੇ ਦੋਸਤਾਂ ਤੇ ਸਾਥੀਆਂ- ਵਕੀਲਾਂ, ਅਕਾਦਮੀਸ਼ੀਅਨਾਂ, ਵਿਦਿਆਰਥੀਆਂ, ਪੱਤਰਕਾਰਾਂ- ਉਮਰ ਖ਼ਾਲਿਦ, ਗੁਲਫਿਸ਼ਾ ਫ਼ਾਤਿਮਾ, ਖ਼ਾਲਿਦ ਸੈਫ਼ੀ, ਸ਼ਰਜੀਲ ਇਮਾਮ, ਰੋਨਾ ਵਿਲਸਨ, ਸੁਰਿੰਦਰ ਗਾਡਲਿੰਗ, ਮਹੇਸ਼ ਰਾਵਤ ਦੀ ਗੱਲ ਕਰ ਰਹੀ ਹਾਂ। ਮੈਂ ਤੁਹਾਡੇ ਨਾਲ ਗੱਲ ਕਰ ਰਹੀ ਹਾਂ, ਮੇਰੇ ਦੋਸਤ ਖ਼ੁਰਮ ਪਰਵੇਜ਼; ਉਨ੍ਹਾਂ ਸਭ ਤੋਂ ਕਮਾਲ ਦੇ ਲੋਕਾਂ ਵਿਚੋਂ ਇਕ ਜਿਨ੍ਹਾਂ ਨੂੰ ਮੈਂ ਜਾਣਦੀ ਹਾਂ, ਤੁਸੀਂ ਤਿੰਨ ਸਾਲ ਤੋਂ ਜੇਲ੍ਹ ਵਿਚ ਹੋ, ਤੇ ਇਰਫ਼ਾਨ ਮਹਿਰਾਜ ਤੁਹਾਡੇ ਨਾਲ ਵੀ ਅਤੇ ਕਸ਼ਮੀਰ ਤੇ ਪੂਰੇ ਮੁਲਕ 'ਚ ਕੈਦ ਹਜ਼ਾਰਾਂ ਲੋਕਾਂ ਨਾਲ ਵੀ ਜਿਨ੍ਹਾਂ ਦੀਆਂ ਜ਼ਿੰਦਗੀਆਂ ਤਬਾਹ ਕਰ ਦਿੱਤੀਆਂ ਗਈਆਂ।

ਜਦੋਂ ਇੰਗਲਿਸ਼ ਪੈੱਨ ਐਂਡ ਪਿੰਟਰ ਪੈਨਲ ਦੀ ਚੇਅਰਪਰਸਨ ਰੂਥ ਬੋਰਥਵਿਕ ਨੇ ਮੈਨੂੰ ਇਸ ਸਨਮਾਨ ਬਾਰੇ ਲਿਖਿਆ ਤਾਂ ਉਨ੍ਹਾਂ ਨੇ ਕਿਹਾ ਕਿ ਪਿੰਟਰ ਪੁਰਸਕਾਰ ਅਜਿਹੇ ਲੇਖਕ ਨੂੰ ਦਿੱਤਾ ਜਾਂਦਾ ਹੈ ਜਿਸ ਨੇ 'ਸਾਡੇ ਜੀਵਨ ਤੇ ਸਮਾਜ ਦੇ ਅਸਲ ਸੱਚ' ਨੂੰ 'ਨਿਧੜਕ, ਅਡੋਲ, ਜ਼ਬਰਦਸਤ ਬੌਧਿਕ ਦ੍ਰਿੜਤਾ' ਨਾਲ ਪਰਿਭਾਸ਼ਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਹ ਹੈਰਲਡ ਪਿੰਟਰ ਦੇ ਨੋਬਲ ਪੁਰਸਕਾਰ ਲੈਣ ਸਮੇਂ ਦੇ ਭਾਸ਼ਣ ਦਾ ਹਵਾਲਾ ਹੈ।

'ਅਨਫਿੰਚਿੰਗ' ਸ਼ਬਦ ਨਾਲ ਮੈਂ ਪਲ ਕੁ ਲਈ ਰੁਕ ਕੇ ਸੋਚਣ ਲਈ ਮਜਬੂਰ ਹੋ ਗਈ, ਕਿਉਂਕਿ ਮੈਂ ਖ਼ੁਦ ਨੂੰ ਅਜਿਹੇ ਵਿਅਕਤੀ ਦੇ ਰੂਪ ਵਿਚ ਸੋਚਦੀ ਹਾਂ ਜੋ ਲੱਗਭੱਗ ਹਮੇਸ਼ਾ ਹਿਚਕਚਾਉਂਦਾ ਹੈ।

ਮੈਂ 'ਫਲਿੰਚਿੰਗ' ਅਤੇ 'ਅਨਫਲਿੰਚਿੰਗ' ਦੇ ਵਿਸ਼ੇ 'ਤੇ ਥੋੜ੍ਹਾ ਧਿਆਨ ਕੇਂਦਰਤ ਕਰਨਾ ਚਾਹਾਂਗੀ ਜਿਸ ਨੂੰ ਖ਼ੁਦ ਹੈਰਲਡ ਪਿੰਟਰ ਬਿਹਤਰੀਨ ਤਰੀਕੇ ਨਾਲ ਦਰਸਾਇਆ ਹੈ:

... ਮੈਂ 1980 ਦੇ ਦਹਾਕੇ ਦੇ ਅੰਤ 'ਚ ਲੰਡਨ ਵਿਚ ਅਮਰੀਕੀ ਦੂਤਾਵਾਸ ਵਿਚ ਮੀਟਿੰਗ ਵਿਚ ਮੌਜੂਦ ਸੀ।

ਅਮਰੀਕੀ ਕਾਂਗਰਸ ਨੇ ਇਹ ਫ਼ੈਸਲਾ ਕਰਨਾ ਸੀ ਕਿ ਨਿਕਾਰਾਗੂਆ ਵਿਰੁੱਧ ਮੁਹਿੰਮ ਵਿਚ ਕੌਂਟਰਾ ਬਾਗ਼ੀਆਂ ਨੂੰ ਹੋਰ ਧਨ ਦੇਣਾ ਹੈ ਜਾਂ ਨਹੀਂ। ਮੈਂ ਨਿਕਾਰਾਗੂਆ ਵੱਲੋਂ ਬੋਲਣ ਵਾਲੇ ਵਫ਼ਦ ਦਾ ਮੈਂਬਰ ਸੀ ਪਰ ਇਸ ਵਫ਼ਦ ਦਾ ਸਭ ਤੋਂ ਅਹਿਮ ਮੈਂਬਰ ਫਾਦਰ ਜੌਹਨ ਮੈਟਕਾਫ ਸੀ। ਅਮਰੀਕੀ ਅਦਾਰੇ ਦਾ ਆਗੂ ਰੇਮੰਡ ਸੀਟਜ਼ (ਉਸ ਸਮੇਂ ਰਾਜਦੂਤ ਤੋਂ ਅਗਲੀ ਹਸਤੀ, ਬਾਅਦ ਵਿਚ ਖ਼ੁਦ ਰਾਜਦੂਤ) ਸੀ। ਫਾਦਰ ਮੈਟਕਾਫ ਨੇ ਕਿਹਾ- 'ਮੈਂ ਨਿਕਾਰਾਗੂਆ ਦੇ ਉੱਤਰ ਵਿਚ ਚਰਚ ਦੀ ਪ੍ਰਸ਼ਾਸਨਿਕ ਇਕਾਈ ਦਾ ਮੁਖੀ ਹਾਂ। ਮੇਰੇ ਪਾਦਰੀਆਂ ਨੇ ਸਕੂਲ, ਸਿਹਤ ਕੇਂਦਰ, ਸੱਭਿਆਚਾਰਕ ਕੇਂਦਰ ਬਣਾਇਆ ਸੀ। ਅਸੀਂ ਅਮਨ-ਅਮਾਨ ਨਾਲ ਰਹਿ ਰਹੇ ਹਾਂ। ਕੁਝ ਮਹੀਨੇ ਪਹਿਲਾਂ ਕੌਂਟਰਾ ਟੁਕੜੀ ਨੇ ਸੰਸਥਾ ਉੱਤੇ ਹਮਲਾ ਕੀਤਾ। ਉਨ੍ਹਾਂ ਨੇ ਸਕੂਲ, ਸਿਹਤ ਕੇਂਦਰ, ਸੱਭਿਆਚਾਰਕ ਕੇਂਦਰ ਸਭ ਕੁਝ ਤਬਾਹ ਕਰ ਦਿੱਤਾ। ਉਨ੍ਹਾਂ ਨਰਸਾਂ ਤੇ ਅਧਿਆਪਕਾਵਾਂ ਨਾਲ ਬਲਾਤਕਾਰ ਕੀਤਾ, ਡਾਕਟਰਾਂ ਦਾ ਬੇਰਹਿਮੀ ਨਾਲ ਕਤਲ ਕੀਤਾ। ਕਿਰਪਾ ਕਰ ਕੇ ਮੰਗ ਕਰੋ ਕਿ ਅਮਰੀਕੀ ਸਰਕਾਰ ਇਸ ਭਿਆਨਕ ਦਹਿਸ਼ਤਵਰਗ ਸਰਗਰਮੀ ਨੂੰ ਦਿੱਤੀ ਜਾ ਰਹੀ ਹਮਾਇਤ ਵਾਪਸ ਲਵੇ।

ਬਤੌਰ ਤਰਕਸ਼ੀਲ, ਜ਼ਿੰਮੇਵਾਰ ਤੇ ਬੇਹੱਦ ਸੂਝਵਾਨ ਵਿਅਕਤੀ ਰੇਮੰਡ ਸੀਟਜ਼ ਦਾ ਬਹੁਤ ਵਧੀਆ ਵੱਕਾਰ ਸੀ। ਕੂਟਨੀਤਕ ਹਲਕਿਆਂ ਵਿਚ ਉਨ੍ਹਾਂ ਦਾ ਬਹੁਤ ਸਨਮਾਨ ਕੀਤਾ ਜਾਂਦਾ ਸੀ। ਉਨ੍ਹਾਂ ਸੁਣਿਆ, ਰੁਕੇ ਅਤੇ ਫਿਰ ਕੁਝ ਗੰਭੀਰਤਾ ਨਾਲ ਗੱਲ ਕੀਤੀ- "ਫਾਦਰ, ਮੈਂ ਤੁਹਾਨੂੰ ਇਕ ਗੱਲ ਦੱਸਦਾਂ। ਜੰਗ ਵਿਚ ਦੁੱਖ ਹਮੇਸ਼ਾ ਬੇਕਸੂਰ ਲੋਕਾਂ ਨੂੰ ਝੱਲਣੇ ਪੈਂਦੇ ਹਨ।" ਮੁਰਦਾ ਖ਼ਾਮੋਸ਼ੀ ਛਾ ਗਈ। ਅਸੀਂ ਉਸ ਵੱਲ ਝਾਕਦੇ ਰਹੇ। ਉਹ ਧੜਕੇ ਨਹੀਂ।



*ਲੰਡਨ ਵਿਚ ਪੈੱਨ ਪਿੰਟਰ ਪੁਰਸਕਾਰ ਸਮਾਗਮ ਨੂੰ ਸੰਬੋਧਨ ਕਰ ਰਹੀ ਉੱਘੀ ਲੇਖਕਾ ਅਤੇ ਕਾਰਕੁਨ ਅਰੁੰਧਤੀ ਰਾਏ।*

ਯਾਦ ਰੱਖੋ, ਰਾਸ਼ਟਰਪਤੀ ਰੀਗਨ ਨੇ ਕੌਂਟਰਾ ਨੂੰ 'ਸਾਡੇ ਮੋਢੀ ਪੁਰਖਿਆਂ ਦੇ ਨੈਤਿਕ ਸਮਤੁੱਲ' ਕਿਹਾ ਸੀ। ਵਾਕੰਸ਼ ਜੋ ਉਸ ਨੂੰ ਪਸੰਦ ਸੀ। ਉਸ ਨੇ ਇਸ ਦੀ ਵਰਤੋਂ ਸੀ.ਆਈ.ਏ. ਦੀ ਹਮਾਇਤ ਪ੍ਰਾਪਤ ਅਫ਼ਗਾਨ ਮੁਜਾਹਿਦੀਨ ਦਾ ਵਰਣਨ ਕਰਨ ਲਈ ਵੀ ਕੀਤੀ ਜੋ ਫਿਰ ਤਾਲਿਬਾਨ ਬਣ ਗਏ; ਤੇ ਇਹੀ ਤਾਲਿਬਾਨ ਅਮਰੀਕੀ ਹਮਲੇ ਤੇ ਕਬਜ਼ੇ ਵਿਰੁੱਧ ਵੀਹ ਸਾਲ ਲੰਮੀ ਲੜਾਈ ਲੜਨ ਤੋਂ ਬਾਅਦ ਅੱਜ ਅਫ਼ਗਾਨਿਸਤਾਨ ਉੱਪਰ ਰਾਜ ਕਰ ਰਿਹਾ ਹੈ। ਕੌਂਟਰਿਆਂ ਅਤੇ ਮੁਜਾਹਿਦੀਨ ਤੋਂ ਪਹਿਲਾਂ ਵੀਅਤਨਾਮ ਵਿਚ ਯੁੱਧ ਹੋਇਆ ਸੀ ਤੇ ਅਮਰੀਕਨ ਫ਼ੌਜੀ ਮੱਤ ਨੇ ਆਪਣੇ ਫ਼ੌਜੀਆਂ ਨੂੰ 'ਜੋ ਵੀ ਹਿੱਲਦਾ-ਜੁਲਦਾ ਹੈ, ਉਸ ਨੂੰ ਮਾਰ ਦੇਣ' ਦਾ ਆਦੇਸ਼ ਦਿੱਤਾ ਸੀ। ਜੇ ਤੁਸੀਂ ਵੀਅਤਨਾਮ ਵਿਚ ਅਮਰੀਕੀ ਯੁੱਧ ਦੇ ਉਦੇਸ਼ਾਂ ਬਾਰੇ ਪੈਂਟਾਗਨ ਪੇਪਰ ਅਤੇ ਹੋਰ ਦਸਤਾਵੇਜ਼ ਪੜ੍ਹੋ ਤਾਂ ਤੁਸੀਂ ਨਸਲਕੁਸ਼ੀ ਕਰਨ ਬਾਰੇ ਕੁਝ ਵਿਚਾਰ ਚਰਚਾਵਾਂ ਦਾ ਆਨੰਦ ਲੈ ਸਕਦੇ ਹੋ - 'ਲੋਕਾਂ ਨੂੰ ਸਿੱਧੇ ਤੌਰ 'ਤੇ ਮਾਰਨਾ ਬਿਹਤਰ ਹੈ ਜਾਂ ਹੌਲੀ-ਹੌਲੀ ਭੁੱਖੇ ਮਾਰਨਾ? ਕਿਹੜਾ ਬਿਹਤਰ ਜਾਪੇਗਾ? ਪੈਂਟਾਗਨ ਵਿਚ ਦਿਆਲੂ ਉੱਚ ਅਧਿਕਾਰੀਆਂ ਨੂੰ ਜਿਸ ਸਮੱਸਿਆ ਦਾ ਸਾਹਮਣਾ ਕਰਨਾ ਪਿਆ, ਉਹ ਇਹ ਸੀ ਕਿ ਅਮਰੀਕੀਆਂ ਦੇ ਉਲਟ ਜੋ ਉਨ੍ਹਾਂ ਮੁਤਾਬਿਕ 'ਜੀਵਨ, ਖ਼ੁਸ਼ੀ, ਦੌਲਤ, ਤਾਕਤ' ਚਾਹੁੰਦੇ ਹਨ, ਏਸ਼ੀਆਈ 'ਦੌਲਤ ਦੇ ਵਿਨਾਸ਼ ਅਤੇ ਜਾਨੀ ਨੁਕਸਾਨ' ਨੂੰ ਦ੍ਰਿੜਤਾ ਨਾਲ ਕਬੂਲ ਕਰਦੇ ਹਨ - ਤੇ ਅਮਰੀਕਾ ਨੂੰ ਆਪਣੇ 'ਯੁੱਧਨੀਤਕ ਤਰਕ ਨੂੰ ਇਸ ਦੇ ਨਤੀਜੇ' 'ਤੇ ਲਿਜਾਣ ਲਈ ਮਜਬੂਰ ਕਰਦੇ ਹਨ ਜੋ ਨਸਲਕੁਸ਼ੀ ਹੈ।' ਭਿਆਨਕ ਬੋਝ ਜਿਸ ਨੂੰ ਬੇਝਿਜਕ ਸਹਿਣ ਕੀਤਾ ਜਾਣਾ ਹੈ।

... ਤੇ ਇਸ ਵਕਤ ਅਸੀਂ, ਐਨੇ ਸਾਲ ਬਾਅਦ, ਇਕ ਸਾਲ ਤੋਂ ਵੀ ਵੱਧ ਸਮੇਂ ਤੋਂ ਇਕ ਹੋਰ ਨਸਲਕੁਸ਼ੀ ਦਰਮਿਆਨ ਹਾਂ। ਬਸਤੀਵਾਦੀ ਕਬਜ਼ੇ ਅਤੇ ਨਸਲਵਾਦੀ ਰਿਆਸਤ/ਸਟੇਟ ਦੀ ਰਾਖੀ ਲਈ ਗਾਜ਼ਾ ਅਤੇ ਹੁਣ ਲਿਬਨਾਨ ਵਿਚ ਅਮਰੀਕਾ ਤੇ ਇਜ਼ਰਾਈਲ ਵੱਲੋਂ ਬੇਝਿਜਕ ਤੇ ਲਗਾਤਾਰ ਨਸਲਕੁਸ਼ੀ ਕੀਤੀ ਜਾ ਰਹੀ ਹੈ ਜੋ ਟੈਲੀਵਿਜ਼ਨ 'ਤੇ ਪ੍ਰਸਾਰਤ ਕੀਤੀ ਜਾਂਦੀ ਹੈ। ਹੁਣ ਤੱਕ ਮਰਨ ਵਾਲਿਆਂ ਦੀ ਗਿਣਤੀ ਅਧਿਕਾਰਕ ਤੌਰ 'ਤੇ 42000 ਹੈ ਜਿਨ੍ਹਾਂ ਵਿਚ ਜ਼ਿਆਦਾਤਰ ਔਰਤਾਂ ਤੇ ਬੱਚੇ ਹਨ। ਇਸ ਵਿਚ ਉਹ ਲੋਕ ਸ਼ਾਮਲ ਨਹੀਂ ਜੋ ਇਮਾਰਤਾਂ, ਆਸ-ਪਾਸ ਦੇ ਮੁਹੱਲਿਆਂ, ਪੂਰੇ ਦੇ ਪੂਰੇ ਸ਼ਹਿਰਾਂ ਦੇ ਮਲਬੇ ਹੇਠ ਚੀਕਾਂ ਮਾਰਦੇ ਹੋਏ ਮਾਰੇ ਗਏ ਅਤੇ ਜਿਨ੍ਹਾਂ ਦੀਆਂ ਲਾਸ਼ਾਂ ਅਜੇ ਤੱਕ ਨਹੀਂ ਮਿਲੀਆਂ। ਔਕਸਫੈਮ ਦਾ ਤਾਜ਼ਾ ਅਧਿਐਨ ਕਹਿੰਦਾ ਹੈ ਕਿ ਪਿਛਲੇ ਵੀਹ ਸਾਲਾਂ 'ਚ ਹੋਏ ਕਿਸੇ ਵੀ ਹੋਰ ਯੁੱਧ ਨਾਲੋਂ ਐਨੇ ਸਮੇਂ 'ਚ ਗਾਜ਼ਾ ਵਿਚ ਵਧੇਰੇ ਬੱਚੇ ਮਾਰੇ ਗਏ ਹਨ।

ਨਾਜ਼ੀ ਸਟੇਟ ਵੱਲੋਂ ਲੱਖਾਂ ਯੂਰਪੀ ਯਹੂਦੀਆਂ ਦੇ ਸਫ਼ਾਏ ਯਾਨੀ ਨਸਲਕੁਸ਼ੀ ਪ੍ਰਤੀ ਆਪਣੀ ਮੁੱਢਲੇ ਸਾਲਾਂ ਦੀ ਉਦਾਸੀਨਤਾ ਦੇ ਸਮੂਹਿਕ ਅਪਰਾਧ ਬੋਧ ਨੂੰ ਘਟਾਉਣ ਲਈ ਅਮਰੀਕਾ ਅਤੇ ਯੂਰਪ ਨੇ ਦੂਜੀ ਨਸਲਕੁਸ਼ੀ ਲਈ ਆਧਾਰ ਤਿਆਰ ਕੀਤਾ ਹੈ।

ਇਤਿਹਾਸ ਵਿਚ ਨਸਲੀ ਸਫ਼ਾਇਆ ਅਤੇ ਨਸਲਕੁਸ਼ੀ ਕਰਨ ਵਾਲੇ ਹਰ ਸਟੇਟ ਵਾਂਗ ਇਜ਼ਰਾਈਲ ਵਿਚ ਜ਼ਾਇਓਨਿਸਟਾਂ ਨੇ - ਜੋ ਆਪਣੇ ਆਪ ਨੂੰ 'ਚੁਣੇ ਹੋਏ ਲੋਕ' ਸਮਝਦੇ ਹਨ - ਫ਼ਲਸਤੀਨੀਆਂ ਨੂੰ ਉਨ੍ਹਾਂ ਦੀ ਧਰਤੀ ਤੋਂ ਖਦੇੜਨ ਅਤੇ ਉਨ੍ਹਾਂ ਦਾ ਕਤਲੇਆਮ ਕਰਨ ਤੋਂ ਪਹਿਲਾਂ ਉਨ੍ਹਾਂ ਨੂੰ ਅਣਮਨੁੱਖੀ ਬਣਾਉਣ ਤੋਂ ਸ਼ੁਰੂਆਤ ਕੀਤੀ।

ਪ੍ਰਧਾਨ ਮੰਤਰੀ ਮੇਨਾਕੇਮ ਬੇਗਿਨ ਨੇ ਫ਼ਲਸਤੀਨੀਆਂ ਨੂੰ 'ਦੋਪਾਏ ਜਾਨਵਰ' ਕਿਹਾ, ਯਿਤਜ਼ਾਕ ਰਾਬਿਨ ਨੇ ਉਨ੍ਹਾਂ ਨੂੰ 'ਟਿੱਡੇ' ਕਿਹਾ ਜਿਨ੍ਹਾਂ ਨੂੰ 'ਕੁਚਲਿਆ ਜਾ ਸਕਦਾ ਹੈ' ਅਤੇ ਗੋਲਡਾ ਮੇਰ ਨੇ ਕਿਹਾ- 'ਫ਼ਲਸਤੀਨੀਆਂ ਵਰਗੀ ਕੋਈ ਸ਼ੈਅ ਹੈ ਹੀ ਨਹੀਂ ਸੀ'। ਫਾਸ਼ੀਵਾਦ ਵਿਰੁੱਧ ਉਸ ਪ੍ਰਸਿੱਧ ਯੋਧੇ ਵਿੰਸਟਨ ਚਰਚਿਲ ਨੇ ਕਿਹਾ, 'ਮੈਂ ਇਹ ਨਹੀਂ ਮੰਨਦਾ ਕਿ ਖੁਰਲੀ ਉੱਪਰ ਕੁੱਤੇ ਦਾ ਅੰਤਮ ਅਧਿਕਾਰ ਹੋ ਗਿਆ, ਭਾਵੇਂ ਉਹ ਉੱਥੇ ਬਹੁਤ ਲੰਮਾ ਸਮਾਂ ਕਿਉਂ ਨਾ ਰਿਹਾ ਹੋਵੇ' ਅਤੇ ਫਿਰ ਇੱਥੋਂ ਤੱਕ ਐਲਾਨ ਕੀਤਾ ਕਿ ਖੁਰਲੀ ਉੱਪਰ ਅੰਤਮ ਅਧਿਕਾਰ 'ਉਚੇਰੀ ਨਸਲ' ਦਾ ਹੈ। ਇਕ ਵਾਰ ਜਦੋਂ ਉਨ੍ਹਾਂ ਦੋ-ਪੈਰੇ ਜਾਨਵਰਾਂ, ਟਿੱਡਿਆਂ, ਕੁੱਤਿਆਂ ਅਤੇ ਅਣਹੋਏ ਲੋਕਾਂ ਦਾ ਕਤਲ ਕਰ ਦਿੱਤਾ ਗਿਆ, ਨਸਲੀ ਸਫ਼ਾਇਆ ਕੀਤਾ ਗਿਆ ਅਤੇ ਉਨ੍ਹਾਂ ਨੂੰ ਬੰਦ ਬਸਤੀਆਂ 'ਚ ਡੱਕ ਦਿੱਤਾ ਗਿਆ ਤਾਂ ਨਵੇਂ ਮੁਲਕ ਦਾ ਜਨਮ ਹੋ ਗਿਆ। ਇਸ ਦਾ ਜਸ਼ਨ 'ਧਰਤ ਵਿਹੂਣੇ ਲੋਕਾਂ ਲਈ ਲੋਕ ਵਿਹੂਣੀ ਧਰਤ' ਵਜੋਂ ਮਨਾਇਆ ਜਾਂਦਾ ਸੀ। ਇਜ਼ਰਾਈਲ ਨਾਂ ਦੇ ਪਰਮਾਣੂ ਤਾਕਤ ਨਾਲ ਲੈਸ ਸਟੇਟ ਨੇ ਅਮਰੀਕਾ ਤੇ ਯੂਰਪ ਲਈ ਫ਼ੌਜੀ ਚੌਕੀ ਅਤੇ ਮੱਧ ਪੂਰਬ ਦੀ ਕੁਦਰਤੀ ਦੌਲਤ ਤੇ ਸਰੋਤਾਂ ਲਈ ਲਾਂਘੇ ਦਾ ਕੰਮ ਕਰਨਾ ਸੀ। ਨਿਸ਼ਾਨਿਆਂ ਅਤੇ ਉਦੇਸ਼ਾਂ ਦਾ ਪਿਆਰਾ ਸੰਯੋਗ।

ਇਸ ਨੇ ਭਾਵੇਂ ਕੋਈ ਵੀ ਜੁਰਮ ਕੀਤੇ ਹੋਣ, ਨਵੇਂ ਸਟੇਟ ਨੂੰ ਨਿਧੜਕ ਹੋ ਕੇ ਹਥਿਆਰ ਤੇ ਪੈਸਾ ਦਿੱਤਾ, ਲਾਡ ਨਾਲ ਪਾਲਿਆ ਅਤੇ ਵਡਿਆਇਆ। ਇਹ ਕਿਸੇ ਅਮੀਰ ਘਰ 'ਚ ਪਲੇ ਐਸੇ ਬੱਚੇ ਵਾਂਗ ਵੱਡਾ ਹੋਇਆ ਜੋ ਜਦੋਂ ਦੁਸ਼ਟ-ਦਰ-ਦੁਸ਼ਟ ਕਾਰੇ ਕਰਦਾ ਹੈ ਤਾਂ ਮਾਪੇ ਫਖ਼ਰ ਨਾਲ ਮੁਸਕਰਾਉਂਦੇ ਹਨ। ਇਹ ਹੈਰਾਨੀ ਦੀ ਗੱਲ ਨਹੀਂ ਹੈ ਕਿ ਅੱਜ ਇਹ ਨਸਲਕੁਸ਼ੀ ਕਰਨ ਬਾਰੇ ਖੁੱਲ੍ਹ ਕੇ ਸ਼ੇਖੀਆਂ ਮਾਰਨ ਲਈ ਸੁਤੰਤਰ ਮਹਿਸੂਸ ਕਰਦਾ ਹੈ (ਘੱਟੋ-ਘੱਟ ਪੈਂਟਾਗਨ ਪੇਪਰ ਗੁਪਤ ਸਨ, ਉਨ੍ਹਾਂ ਨੂੰ ਚੋਰੀ ਕੀਤਾ ਜਾਣਾ ਸੀ ਤੇ ਉਹ ਲੀਕ ਹੋਣੇ ਸਨ)। ਇਸ ਵਿਚ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਇਜ਼ਰਾਇਲੀ ਸਿਪਾਹੀ ਸ਼ਿਸ਼ਟਾਚਾਰ ਦੀ ਸਾਰੀ ਭਾਵਨਾ ਗੁਆ ਚੁੱਕੇ ਹਨ। ਇਸ ਵਿਚ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਉਹ ਸੋਸ਼ਲ ਮੀਡੀਆ ਉੱਪਰ ਅਜਿਹੀਆਂ ਵੀਡੀਓ ਧੜਾਧੜ ਪਾ ਰਹੇ ਹਨ ਜਿਨ੍ਹਾਂ ਵਿਚ ਉਹ ਉਨ੍ਹਾਂ ਔਰਤਾਂ ਦੇ ਅੰਦਰਲੇ ਕੱਪੜੇ ਪਹਿਨੀ ਦਿਸਦੇ ਹਨ ਜਿਨ੍ਹਾਂ ਨੂੰ ਉਨ੍ਹਾਂ ਨੇ ਮਾਰ ਮੁਕਾਇਆ ਜਾਂ ਉਜਾੜ ਦਿੱਤਾ ਹੈ, ਉਹ ਆਪਣੀਆਂ ਵੀਡੀਓ ਵਿਚ ਮਰ ਰਹੇ ਫ਼ਲਸਤੀਨੀਆਂ ਤੇ ਜ਼ਖ਼ਮੀ ਬੱਚਿਆਂ ਤੇ ਉਨ੍ਹਾਂ ਕੈਦੀਆਂ ਦੀਆਂ ਸਾਂਗਾਂ ਲਾਉਂਦੇ ਹਨ ਜਿਨ੍ਹਾਂ ਨਾਲ ਬਲਾਤਕਾਰ ਕੀਤਾ ਗਿਆ ਤੇ ਤਸੀਹੇ ਦਿੱਤੇ ਗਏ ਹਨ ਜਿਨ੍ਹਾਂ ਵਿਚ ਉਨ੍ਹਾਂ ਦੀਆਂ ਇਮਾਰਤਾਂ ਨੂੰ ਉਡਾਉਂਦਿਆਂ ਦੀਆਂ ਤਸਵੀਰਾਂ ਹਨ ਜਦੋਂ ਉਹ ਸਿਗਰਟ ਪੀ ਰਹੇ ਹੁੰਦੇ ਹਨ ਜਾਂ ਆਪਣੇ ਹੈੱਡਫੋਨ ਉੱਪਰ ਸੰਗੀਤ ਸੁਣ ਰਹੇ ਹੁੰਦੇ ਹਨ।

ਇਹ ਲੋਕ ਕੌਣ ਹਨ?

ਇਜ਼ਰਾਈਲ ਜੋ ਕਰ ਰਿਹਾ ਹੈ, ਉਸ ਨੂੰ ਕਿਹੜੀ ਚੀਜ਼ ਜਾਇਜ਼ ਠਹਿਰਾ ਸਕਦੀ ਹੈ?

ਇਜ਼ਰਾਈਲ ਅਤੇ ਇਸ ਦੇ ਜੋਟੀਦਾਰਾਂ ਤੇ ਪੱਛਮੀ ਮੀਡੀਆ ਅਨੁਸਾਰ, ਇਸ ਦਾ ਜਵਾਬ ਹੈ ਪਿਛਲੇ ਸਾਲ 7 ਅਕਤੂਬਰ ਨੂੰ ਇਜ਼ਰਾਈਲ ਉੱਪਰ ਹਮਾਸ ਦਾ ਹਮਲਾ। ਇਜ਼ਰਾਈਲੀ ਨਾਗਰਿਕਾਂ ਦੇ ਕਤਲ ਅਤੇ ਇਜ਼ਰਾਇਲੀਆਂ ਨੂੰ ਬੰਦੀ ਬਣਾਉਣਾ। ਉਨ੍ਹਾਂ ਅਨੁਸਾਰ, ਇਤਿਹਾਸ ਦੀ ਸ਼ੁਰੂਆਤ ਸਿਰਫ਼ ਸਾਲ ਪਹਿਲਾਂ ਹੀ ਹੋਈ ਸੀ।

ਇਹ ਮੇਰੇ ਭਾਸ਼ਣ ਦਾ ਉਹ ਹਿੱਸਾ ਹੈ ਜਿੱਥੇ ਮੇਰੇ ਕੋਲੋਂ ਆਪਣੇ ਆਪ ਨੂੰ, ਆਪਣੀ 'ਨਿਰਪੱਖਤਾ', ਆਪਣੇ ਬੌਧਿਕ ਰੁਤਬੇ ਨੂੰ ਬਚਾਉਣ ਲਈ ਗੋਲਮੋਲ ਗੱਲ ਕਰਨ ਦੀ ਉਮੀਦ ਕੀਤੀ ਜਾਂਦੀ ਹੈ। ਇਹ ਉਹ ਹਿੱਸਾ ਹੈ ਜਿੱਥੇ ਮੇਰੇ ਕੋਲੋਂ ਨੈਤਿਕ ਸਮਤੋਲ ਬਣਾਉਣ ਤੇ ਹਮਾਸ, ਗਾਜ਼ਾ ਵਿਚਲੇ ਹੋਰ ਖਾੜਕੂ ਗਰੁੱਪਾਂ ਅਤੇ ਲਿਬਨਾਨ ਵਿਚ ਉਨ੍ਹਾਂ ਦੇ ਸੰਗੀ ਹਿਜ਼ਬੁੱਲਾ ਦੀ ਨਾਗਰਿਕਾਂ ਦੇ ਕਤਲ ਕਰਨ ਅਤੇ ਲੋਕਾਂ ਨੂੰ ਬੰਦੀ ਬਣਾਉਣ ਲਈ ਨਿੰਦਾ ਕਰਨ ਦੀ ਭੁੱਲ ਕਰਨ ਦੀ ਉਮੀਦ ਕੀਤੀ ਜਾਂਦੀ ਹੈ; ਤੇ ਗਾਜ਼ਾ ਦੇ ਲੋਕਾਂ ਦੀ ਨਿੰਦਾ ਕਰਨ ਦੀ ਜਿਨ੍ਹਾਂ ਨੇ ਹਮਾਸ ਦੇ ਹਮਲੇ ਦੇ ਜਸ਼ਨ ਮਨਾਏ। ਇਕ ਵਾਰ ਇਹ ਕਰ ਲੈਣ 'ਤੇ ਇਹ ਸਭ ਸੌਖਾ ਹੋ ਜਾਂਦਾ ਹੈ, ਹੈ ਨਾ? ਆਹ! ਹਰ ਕੋਈ ਭਿਆਨਕ ਹੈ, ਕੋਈ ਕੀ ਕਰ ਸਕਦਾ ਹੈ? ਛੱਡੋ, ਆਓ ਸ਼ਾਪਿੰਗ ਕਰਦੇ ਹਾਂ...



*ਨੋਬੇਲ ਪੁਰਸਕਾਰ ਜੇਤੂ ਹੈਰਲਡ ਪਿੰਟਰ ਜਿਸ ਦੇ ਮਾਣ ਵਿਚ ਪੈੱਨ ਪਿੰਟਰ ਪੁਰਸਕਾਰ ਆਰੰਭ ਕੀਤਾ ਗਿਆ ਹੈ।*

ਮੈਂ ਨਿੰਦਾ ਦੀ ਖੇਡ ਖੇਡਣ ਤੋਂ ਇਨਕਾਰ ਕਰਦੀ ਹਾਂ। ਮੈਂ ਆਪਣੀ ਗੱਲ ਸਪਸ਼ਟ ਕਰ ਦਿਆਂ। ਮੈਂ ਲਤਾੜੇ ਹੋਏ ਲੋਕਾਂ ਨੂੰ ਇਹ ਨਹੀਂ ਦੱਸਦੀ ਕਿ ਉਹ ਆਪਣੇ ਉੱਪਰ ਜਬਰ-ਜ਼ੁਲਮ ਦਾ ਵਿਰੋਧ ਕਿਵੇਂ ਕਰਨ ਜਾਂ ਉਨ੍ਹਾਂ ਦੇ ਸੰਗੀ ਕੌਣ ਹੋਣੇ ਚਾਹੀਦੇ ਹਨ।

ਅਕਤੂਬਰ 2023 'ਚ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਇਜ਼ਰਾਈਲ ਦਾ ਦੌਰਾ ਕਰਨ ਸਮੇਂ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਅਤੇ ਇਜ਼ਰਾਈਲ ਦੀ ਯੁੱਧ ਕੈਬਨਿਟ ਨਾਲ ਮੁਲਾਕਾਤ ਕੀਤੀ ਸੀ ਤਾਂ ਉਸ ਨੇ ਕਿਹਾ ਸੀ, "ਮੈਂ ਨਹੀਂ ਮੰਨਦਾ ਕਿ ਜ਼ਿਓਨਿਸਟ ਬਣਨ ਲਈ ਤੁਹਾਡਾ ਯਹੂਦੀ ਹੋਣਾ ਜ਼ਰੂਰੀ ਹੈ, ਤੇ ਮੈਂ ਜ਼ਿਓਨਿਸਟ ਹਾਂ।"

ਬਾਇਡਨ (ਜੋ ਆਪਣੇ ਆਪ ਨੂੰ ਗ਼ੈਰ-ਯਹੂਦੀ ਜ਼ਿਓਨਿਸਟ ਕਹਿੰਦਾ ਹੈ ਤੇ ਜੰਗੀ ਜੁਰਮਾਂ ਨੂੰ ਅੰਜਾਮ ਦੇ ਰਹੇ ਇਜ਼ਰਾਈਲ ਨੂੰ ਬੇਝਿਜਕ ਧਨ ਤੇ ਹਥਿਆਰ ਦੇ ਰਿਹਾ ਹੈ) ਦੇ ਐਨ ਉਲਟ ਮੈਂ ਖ਼ੁਦ ਨੂੰ ਕਿਸੇ ਵੀ ਤਰ੍ਹਾਂ ਐਲਾਨ ਨਹੀਂ ਕਰਨ ਜਾ ਰਹੀ ਜਾਂ ਪਰਿਭਾਸ਼ਤ ਨਹੀਂ ਕਰਨ ਜਾ ਰਹੀ ਜੋ ਮੇਰੀ ਲਿਖਤ ਦੇ ਮੁਕਾਬਲੇ ਸੰਕੀਰਨ ਹੋਵੇ। ਮੈਂ ਉਹੀ ਹਾਂ ਜੋ ਮੈਂ ਲਿਖਦੀ ਹਾਂ।

ਮੈਂ ਜਾਣਦੀ ਹਾਂ ਕਿ ਮੈਂ ਜੋ ਲੇਖਕਾ ਹਾਂ, ਮੈਂ ਜੋ ਗ਼ੈਰ-ਮੁਸਲਮਾਨ ਹਾਂ ਤੇ ਮੈਂ ਜੋ ਔਰਤ ਹਾਂ, ਉਹ ਹੋਣ ਦੇ ਨਾਤੇ ਮੇਰੇ ਲਈ ਹਮਾਸ, ਹਿਜ਼ਬੁੱਲਾ ਜਾਂ ਇਰਾਨੀ ਹਕੂਮਤ ਅਧੀਨ ਬਹੁਤ ਲੰਮੇ ਸਮੇਂ ਤੱਕ ਜ਼ਿੰਦਾ ਰਹਿਣਾ ਬਹੁਤ ਮੁਸ਼ਕਿਲ, ਸ਼ਾਇਦ ਅਸੰਭਵ ਹੋਵੇਗਾ ਪਰ ਇੱਥੇ ਮੁੱਦਾ ਇਹ ਨਹੀਂ; ਮੁੱਦਾ ਤਾਂ ਇਹ ਹੈ ਕਿ ਅਸੀਂ ਆਪਣੇ ਆਪ ਨੂੰ ਇਤਿਹਾਸ ਅਤੇ ਉਨ੍ਹਾਂ ਹਾਲਾਤ ਬਾਰੇ ਸਿੱਖਿਅਤ ਕਰੀਏ ਜਿਨ੍ਹਾਂ ਤਹਿਤ ਉਹ ਹੋਂਦ ਵਿਚ ਆਏ; ਮੁੱਦਾ ਇਹ ਹੈ ਕਿ ਇਸ ਵੇਲੇ ਉਹ ਚੱਲ ਰਹੀ ਨਸਲਕੁਸ਼ੀ ਵਿਰੁੱਧ ਲੜ ਰਹੇ ਹਨ; ਮੁੱਦਾ ਆਪਣੇ ਆਪ ਨੂੰ ਇਹ ਪੁੱਛਣਾ ਹੈ ਕਿ ਉਦਾਰ, ਧਰਮ ਨਿਰਪੱਖ ਲੜਾਕੂ ਤਾਕਤ ਨਸਲਕੁਸ਼ੀ ਕਰਨ ਵਾਲੀ ਜੰਗੀ ਮਸ਼ੀਨ ਵਿਰੁੱਧ ਜਾ ਸਕਦੀ ਹੈ? ਕਿਉਂਕਿ ਜਦੋਂ ਸੰਸਾਰ ਦੀਆਂ ਸਾਰੀਆਂ ਤਾਕਤਾਂ ਉਨ੍ਹਾਂ ਦੇ ਵਿਰੁੱਧ ਹਨ ਤਾਂ ਉਹ ਰੱਬ ਤੋਂ ਇਲਾਵਾ ਹੋਰ ਕਿਸ ਕੋਲ ਜਾਣ? ਮੈਂ ਜਾਣਦੀ ਹਾਂ ਕਿ ਹਿਜ਼ਬੁੱਲਾ ਅਤੇ ਇਰਾਨੀ ਹਕੂਮਤ ਦੇ ਉਨ੍ਹਾਂ ਦੇ ਆਪਣੇ ਮੁਲਕਾਂ ਵਿਚ ਖੁੱਲ੍ਹੇ ਆਲੋਚਕ ਹਨ ਜਿਨ੍ਹਾਂ ਵਿਚੋਂ ਕੁਝ ਜੇਲ੍ਹਾਂ ਵਿਚ ਵੀ ਸੜ ਰਹੇ ਹਨ ਜਾਂ ਉਨ੍ਹਾਂ ਨੂੰ ਬਹੁਤ ਮਾੜੇ ਨਤੀਜੇ ਭੁਗਤਣੇ ਪਏ ਹਨ। ਮੈਂ ਜਾਣਦੀ ਹਾਂ ਕਿ ਉਨ੍ਹਾਂ ਦੀਆਂ ਕੁਝ ਕਾਰਵਾਈਆਂ (7 ਅਕਤੂਬਰ ਨੂੰ ਹਮਾਸ ਵੱਲੋਂ ਨਾਗਰਿਕਾਂ ਦੇ ਕਤਲ ਤੇ ਉਨ੍ਹਾਂ ਨੂੰ ਅਗਵਾ ਕਰਨਾ) ਜੰਗੀ ਜੁਰਮ ਹਨ; ਹਾਲਾਂਕਿ ਇਸ ਨੂੰ ਅਤੇ ਇਜ਼ਰਾਈਲ ਤੇ ਅਮਰੀਕਾ ਗਾਜ਼ਾ, ਪੱਛਮੀ ਕੰਢੇ ਅਤੇ ਹੁਣ ਲਿਬਨਾਨ ਵਿਚ ਜੋ ਕਰ ਰਹੇ ਹਨ, ਉਨ੍ਹਾਂ ਨੂੰ ਇੱਕੋ ਪੱਲੜੇ ਵਿਚ ਨਹੀਂ ਰੱਖਿਆ ਜਾ ਸਕਦਾ। 7 ਅਕਤੂਬਰ ਦੀ ਹਿੰਸਾ ਸਮੇਤ ਸਾਰੀ ਹਿੰਸਾ ਦੀ ਜੜ੍ਹ ਫ਼ਲਸਤੀਨੀ ਜ਼ਮੀਨ ਉੱਤੇ ਇਜ਼ਰਾਈਲ ਦਾ ਕਬਜ਼ਾ ਅਤੇ ਫ਼ਲਸਤੀਨੀਆਂ ਨੂੰ ਆਪਣੇ ਅਧੀਨ ਕਰਨਾ ਹੈ। ਇਤਿਹਾਸ 7 ਅਕਤੂਬਰ 2023 ਨੂੰ ਸ਼ੁਰੂ ਨਹੀਂ ਸੀ ਹੋਇਆ।

ਮੈਂ ਪੁੱਛਦੀ ਹਾਂ ਕਿ ਇਸ ਹਾਲ ਵਿਚ ਮੌਜੂਦ ਸਾਡੇ ਵਿਚੋਂ ਕੌਣ ਆਪਣੀ ਇੱਛਾ ਨਾਲ ਉਸ ਅਪਮਾਨ ਨੂੰ ਕਬੂਲ ਕਰੇਗਾ ਜੋ ਗਾਜ਼ਾ ਤੇ ਪੱਛਮੀ ਕੰਢੇ ਵਿਚ ਫ਼ਲਸਤੀਨੀਆਂ ਨੂੰ ਦਹਾਕਿਆਂ ਤੋਂ ਝੱਲਣਾ ਪੈ ਰਿਹੈ? ਫ਼ਲਸਤੀਨੀਆਂ ਨੇ ਕਿਹੜੇ ਸ਼ਾਂਤੀਪੂਰਨ ਸਾਧਨ ਨਹੀਂ ਅਜ਼ਮਾਏ? ਉਨ੍ਹਾਂ ਕਿਹੜਾ ਸਮਝੌਤਾ ਸਵੀਕਾਰ ਨਹੀਂ ਕੀਤਾ- ਗੋਡਿਆਂ ਭਾਰ ਹੋ ਕੇ ਰੀਂਗਣ ਤੇ ਗੰਦਗੀ ਖਾਣ ਤੋਂ ਸਿਵਾਇ?

ਇਜ਼ਰਾਈਲ ਸਵੈ-ਰੱਖਿਆ ਦੀ ਲੜਾਈ ਨਹੀਂ ਲੜ ਰਿਹਾ, ਇਹ ਹਮਲਾਵਰ ਯੁੱਧ ਲੜ ਰਿਹਾ ਹੈ। ਹੋਰ ਜ਼ਿਆਦਾ ਖੇਤਰ ਉੱਪਰ ਕਬਜ਼ਾ ਕਰਨ, ਆਪਣੇ ਰੰਗਭੇਦ ਦੇ ਤੰਤਰ ਨੂੰ ਮਜ਼ਬੂਤ ਕਰਨ ਅਤੇ ਫ਼ਲਸਤੀਨੀਆਂ ਤੇ ਖੇਤਰ ਉੱਪਰ ਆਪਣਾ ਕੰਟਰੋਲ ਮਜ਼ਬੂਤ ਕਰਨ ਲਈ ਯੁੱਧ।

7 ਅਕਤੂਬਰ 2023 ਤੋਂ ਲੈ ਕੇ, ਇਸ ਵੱਲੋਂ

(ਬਾਕੀ ਅਗਲੇ ਸਫੇ 'ਤੇ)

# ਇਜ਼ਰਾਈਲ ਇਰਾਨ ਜੰਗ ਨਾਲ ਜੁੜੇ ਤੱਥ

**ਡਾ. ਸੁਰਿੰਦਰ ਮੰਡ**
**ਫੋਨ: +91-94143-24543**

ਇਜ਼ਰਾਈਲ ਯਹੂਦੀ ਪ੍ਰਭੁਤਾ ਤੇ ਪਾਸਾਰ ਨੂੰ ਸਮਰਪਿਤ ਦੇਸ਼ ਹੈ ਅਤੇ ਇਰਾਨ 1979 ਤੋਂ ਬਾਅਦ ਇਸਲਾਮੀ ਸੋਚ ਨੂੰ ਸਮਰਪਿਤ ਹੈ। ਯਹੂਦੀ ਭਾਈਚਾਰਾ ਕੁੱਲ ਦੁਨੀਆ ਵਿਚ ਪੜ੍ਹੇ ਲਿਖੇ ਖੁਸ਼ਹਾਲ ਵਪਾਰੀ ਪਰ ਹਰ ਮੁਲਕ ਵਿਚ ਘੱਟ ਗਿਣਤੀ ਸਨ। ਆਪਣੀ ਨਸਲੀ ਸ਼ੁੱਧਤਾ ਤੋਂ ਸੁਚੇਤ। ਯੂਰਪ ਵਿਚ ਯਹੂਦੀਆਂ ਨੂੰ ਧਾਰਮਿਕ ਨਸਲੀ ਵਖਰੇਵੇਂ ਅਤੇ ਆਰਥਿਕ ਸ਼ਰੀਕੇਬਾਜ਼ੀ ਕਾਰਨ ਖ਼ਤਰੇ ਵਜੋਂ ਦੇਖਦਿਆਂ ਨਿਸ਼ਾਨਾ ਬਣਾਇਆ ਜਾਂਦਾ ਰਿਹਾ। ਇਸ ਦੀ ਸਿਖਰ ਦੂਜੀ ਸੰਸਾਰ ਜੰਗ ਸਮੇਂ 1945 ਤਕ ਜਰਮਨ ਵਿਚ ਹਿਟਲਰ ਦੁਆਰਾ ਲੱਖਾਂ ਯਹੂਦੀਆਂ ਦਾ ਕਤਲੇਆਮ ਸੀ।

ਫ਼ਲਸਤੀਨ ਸਮੁੰਦਰ ਕੰਢੇ ਸਦੀਆਂ ਤੋਂ ਸੁੱਖੀ-ਸਾਂਦੀ ਵੱਸ ਰਿਹਾ ਪ੍ਰਾਚੀਨ ਸਭਿਅਤਾ ਵਾਲਾ ਮੁਲਕ ਸੀ ਜਿਸ ਉੱਤੇ 1948 ਵਿਚ ਬਸਤੀ ਵਜੋਂ ਇੰਗਲੈਂਡ ਦਾ ਕਬਜ਼ਾ ਸੀ। ਯੇਰੂਸ਼ਲਮ ਨੂੰ ਇਸਾਈ, ਯਹੂਦੀ ਤੇ ਮੁਸਲਿਮ, ਤਿੰਨਾਂ ਹੀ ਧਾਰਮਿਕ ਭਾਈਚਾਰਿਆਂ ਦਾ ਪਵਿੱਤਰ ਥਾਂ ਹੋਣ ਦਾ ਮਾਣ ਹਾਸਿਲ ਹੈ। ਮਿਸਰ, ਫ਼ਲਸਤੀਨ, ਇਰਾਕ, ਸਊਦੀ ਅਰਬ, ਇਰਾਨ, ਤੁਰਕੀ, ਅਫ਼ਗਾਨਿਸਤਾਨ, ਭਾਰਤ, ਪਾਕਿਸਤਾਨ, ਬੰਗਲਾਦੇਸ਼, ਚੀਨ, ਇਹ ਸਾਰੀ ਪੱਟੀ ਪ੍ਰਾਚੀਨ ਇਨਸਾਨੀ ਵਿਰਾਸਤ ਅਤੇ ਗਿਆਨ ਦਾ ਕੇਂਦਰ ਰਹੀ ਹੈ। ਧਰਤੀ ਹੇਠਲੇ ਲੱਭੇ ਤੇਲ ਭੰਡਾਰਾਂ ਨੇ ਇਸ ਨੂੰ ਹੋਰ ਲੁਭਾਉਣਾ ਬਣਾ ਦਿੱਤਾ। ਭਾਰਤ ਤੇ ਚੀਨ ਨੂੰ ਛੱਡ ਕੇ ਇਹ ਸਾਰਾ ਖਿੱਤਾ ਮੁਸਲਿਮ ਬਹੁਲ ਹੈ।

ਸੋ ਅਮਰੀਕਾ ਇੰਗਲੈਂਡ ਨੇ ਯੂ.ਐੱਨ. ਰਾਹੀਂ ਜੁਗਾੜ ਕਰ ਕੇ ਮੁਸਲਿਮ ਬਹੁਲ ਫ਼ਲਸਤੀਨ ਨੂੰ ਤਕਰੀਬਨ ਅੱਧਾ-ਅੱਧਾ ਵੰਡ ਕੇ 1948 ਵਿਚ ਯਹੂਦੀ ਮੁਲਕ ਇਜ਼ਰਾਈਲ ਬਣਾ ਦਿੱਤਾ ਅਤੇ ਉਸ ਦੇ ਸਰਪ੍ਰਸਤ ਬਣ ਗਏ। ਹੌਲੀ-ਹੌਲੀ ਬਹਾਨੇ ਬਣਾ-ਬਣਾ ਕੇ ਫ਼ਲਸਤੀਨੀਆਂ ਨੂੰ ਇਕ ਤਰ੍ਹਾਂ ਗੁਲਾਮ ਬਣਾ ਕੇ ਸਾਰੇ ਦੇਸ਼ ਉੱਤੇ ਕਬਜ਼ਾ ਕਰ ਲਿਆ, ਉਜਾੜਾ ਕੀਤਾ, ਜ਼ੁਲਮ ਕੀਤੇ, ਜੇਲ੍ਹੀਂ ਡੱਕਿਆ। ਅੱਜ ਫ਼ਲਸਤੀਨ ਨਾਮ ਦਾ ਕੋਈ ਆਜ਼ਾਦ ਦੇਸ਼ ਨਹੀਂ। 2012 ਤੋਂ ਫ਼ਲਸਤੀਨ ਦੀ ਯੂ.ਐੱਨ ਵਿਚ ਕੋਈ ਨੁਮਾਇੰਦਗੀ ਨਹੀਂ। ਉੱਜੜੇ ਲੱਖਾਂ ਫ਼ਲਸਤੀਨੀ ਦੂਜੇ ਮੁਲਕਾਂ ਵਿਚ ਸ਼ਰਨਾਰਥੀ ਹਨ। ਮਗਰੋਂ ਯੂ.ਐੱਨ. ਨੇ ਸੈਂਕੜੇ ਮਤੇ ਫ਼ਲਸਤੀਨ ਦੇ ਹੱਕ ਵਿਚ ਪਾਸ ਕੀਤੇ ਜੋ ਅਮਰੀਕਾ ਨੇ ਵੀਟੋ ਕੀਤੇ ਅਤੇ ਇਜ਼ਰਾਈਲ ਨੇ ਨਹੀਂ ਮੰਨੇ। ਇਹ ਹਾਲਾਤ ਸਾਰੀ ਪੁਆੜੇ ਦੀ ਜੜ੍ਹ ਹਨ। ਇੰਝ ਫ਼ਲਸਤੀਨ ਦਾ ਇਜ਼ਰਾਈਲ ਨਾਲ ਲੜਾਈ ਝਗੜਾ ਪਿਛਲੇ ਸਾਲ ਹਮਾਸ ਦੇ ਹਮਲੇ ਤੋਂ ਸ਼ੁਰੂ ਨਹੀਂ ਹੋਇਆ ਜਿਵੇਂ ਸਾਡਾ ਮੀਡੀਆ ਪ੍ਰਚਾਰਨ 'ਤੇ ਤੁਲਿਆ ਹੋਇਆ ਹੈ।



ਯੂ.ਐੱਨ. ਨੇ ਜੂਨ 2024 ਵਿਚ ਵੀ ਮਤਾ ਪਾਸ ਕੀਤਾ ਹੈ ਕਿ ਫ਼ਲਸਤੀਨ ਪ੍ਰਭੂਸੱਤਾ ਵਾਲਾ ਦੇਸ਼ ਹੈ। 193 ਵਿਚੋਂ 146 ਮੈਂਬਰਾਂ ਇਸ ਦੇ ਹੱਕ ਵਿਚ ਵੋਟ ਪਾਈ। ਤਾਜ਼ੇ 17 ਸਤੰਬਰ ਨੂੰ ਪਾਸ ਕੀਤੇ ਮਤੇ ਵਿਚ ਵੀ ਇਕ ਸਾਲ ਅੰਦਰ ਫ਼ਲਸਤੀਨ ਦਾ ਕਬਜ਼ਾ ਛੱਡਣ ਦਾ ਇਜ਼ਰਾਈਲ ਨੂੰ ਨਿਰਦੇਸ਼ ਦਿੱਤਾ ਹੈ ਜਿਸ ਨੂੰ ਮੰਨਣ ਤੋਂ ਉਸ ਨੇ ਇਨਕਾਰ ਕਰ ਦਿੱਤਾ ਹੈ।

ਕਿਸੇ ਵੇਲੇ ਅਰਬ ਲੀਗ ਅਤੇ ਗੁੱਟ ਨਿਰਲੇਪ ਮੁਲਕਾਂ ਦੇ ਸੰਗਠਨ ਸਨ ਜੋ ਅਮਰੀਕੀ ਅਤੇ 'ਨਾਟੋ' ਫੌਜੀ ਧੌਂਸ ਕਾਰਨ ਮਰ ਮੁੱਕ ਗਏ। ਸੋਵੀਅਤ ਯੂਨੀਅਨ ਦੇ ਪਤਨ ਮਗਰੋਂ ਅਮਰੀਕਾ ਨੇ ਸਗੋਂ 'ਨਾਟੋ' ਦਾ ਹੋਰ ਬੇਲੋੜਾ ਵਿਸਥਾਰ ਕਰਦਿਆਂ ਆਪਣੇ ਨਾਲ ਅਸਹਿਮਤ ਦੇਸ਼ਾਂ ਨੂੰ ਫੌਰੀ ਮਸਲਣ ਦੀ ਨੀਤੀ ਫੜੀ। ਝੂਠੇ ਖੋਖਲੇ ਬਹਾਨੇ ਬਣਾ ਕੇ ਇਰਾਕ ਅਤੇ ਲਿਬੀਆ ਮਸਲ ਸੁੱਟੇ। ਇਰਾਕੀ ਰਾਸ਼ਟਰਪਤੀ ਸੱਦਾਮ ਹੁਸੈਨ ਅਰਬ ਏਕਤਾ ਦਾ ਨਾਅਰਾ ਦਿੰਦਾ ਸੀ। ਪਹਿਲਾਂ ਕਿਹਾ ਕਿ ਇਰਾਕ ਕੋਲ ਰਸਾਇਣਕ ਹਥਿਆਰਾਂ ਦੇ ਭੰਡਾਰ ਹਨ, ਉਸ ਦੇ ਘਰ ਦੀ ਵੀ ਤਲਾਸ਼ੀ ਲਈ। ਕੁਝ ਨਾ ਮਿਲਿਆ। ਫਿਰ ਨਾਦਰਸ਼ਾਹੀ ਫ਼ਰਮਾਨ ਦਿੱਤਾ ਕਿ ਤਿੰਨ ਦਿਨਾਂ 'ਚ ਗੱਦੀ ਛੱਡੇ, ਤੇ ਫਿਰ ਹਮਲਾ ਕਰ ਦਿੱਤਾ। ਸੱਦਾਮ ਹੁਸੈਨ ਨੂੰ ਫਾਹੇ ਟੰਗ ਦਿੱਤਾ। ਅੱਜ ਤਕ ਪੰਜ ਲੱਖ ਇਰਾਕੀ ਮਾਰੇ ਜਾ ਚੁੱਕੇ ਹਨ, ਦੇਸ਼ ਖਿੱਲਰ ਗਿਆ ਹੈ ਤੇ ਹੁਣ ਇਰਾਕ ਵਿਚ ਪੱਕਾ ਅਮਰੀਕੀ ਫ਼ੌਜੀ ਅੱਡਾ ਹੈ। ਲਿਬੀਆ ਦਾ ਰਾਸ਼ਟਰਪਤੀ ਕਰਨਲ ਗੱਦਾਫੀ 'ਗਰੀਨ ਬੁੱਕ' ਲਿਖ ਕੇ ਪੱਛਮੀ ਤਰਜ਼ ਦੇ ਵਿਕਾਸ ਮਾਡਲ ਦੀ ਬਜਾਇ ਸਥਾਨਕ ਹਿੱਤਾਂ ਅਨੁਕੂਲ ਵਿਕਾਸ ਮਾਡਲ ਪ੍ਰਚਾਰਦਾ ਸੀ ਪਰ ਅਮਰੀਕਾ ਆਖਦਾ ਸੀ ਕਿ ਲਿਬੀਆ 'ਚ ਤਾਨਾਸ਼ਾਹੀ ਹੈ। ਫਿਰ ਗੱਦਾਫੀ ਨੂੰ ਬਹਾਨੇ ਬਣਾ ਕੇ ਮਾਰ ਮੁਕਾਇਆ। ਉੱਥੇ ਖਾਨਾਜੰਗੀ ਹੋਈ ਤੇ ਅੱਜ ਲਿਬੀਅਨ ਸ਼ਰਨਾਰਥੀ ਮੰਗਤੇ ਬਣੇ ਬੈਠੇ ਹਨ। ਤਾਨਾਸ਼ਾਹੀ ਵਾਲਾ ਬਹਾਨਾ ਲਾ ਕੇ ਰੂਸ ਪੱਖੀ ਮੁਲਕ ਸੀਰੀਆ ਦੀ ਸਰਕਾਰ ਡੇਗਣ ਲਈ ਧਾਵਾ ਬੋਲਿਆ ਪਰ ਵਿਚ ਰੂਸ ਆ ਖਲੋਤਾ। ਉੱਤਰੀ ਕੋਰੀਆ, ਇਰਾਨ ਅਤੇ ਕਿਊਬਾ ਬਚ ਨਿਕਲੇ ਭਾਵੇਂ ਅੱਜ ਸਖ਼ਤ ਆਰਥਿਕ ਪਾਬੰਦੀਆਂ ਦੀ ਮਾਰ ਹੇਠ ਹਨ।

1979 ਤਕ ਇਰਾਨ ਦਾ ਸ਼ਾਸਕ ਮੁਹੰਮਦ ਰਜ਼ਾ ਪਹਿਲਵੀ ਅਮਰੀਕਾ ਇਜ਼ਰਾਈਲ ਪੱਖੀ ਸੀ ਜਿਸ ਨੂੰ ਆਇਤੁਲਾ ਖੁਮੈਨੀ ਦੀ ਅਗਵਾਈ ਵਿਚ ਗੱਦੀ ਤੋਂ ਲਾਹ ਕੇ ਇਸਲਾਮੀ ਸਰਕਾਰ ਬਣੀ। ਇਰਾਨ ਉੱਤੇ ਸਖ਼ਤ ਅਮਰੀਕੀ ਪਾਬੰਦੀਆਂ ਲੱਗੀਆਂ। ਇਰਾਨ ਨੇ ਫ਼ਲਸਤੀਨ ਦੀ ਥਾਂ ਵਸਾਏ ਯਹੂਦੀ ਮੁਲਕ ਇਜ਼ਰਾਈਲ ਦੀ ਹੋਂਦ ਨੂੰ ਅਸਵੀਕਾਰ ਕੀਤਾ। ਇੰਝ ਵਧਦਾ ਵਧਦਾ ਕਲੇਸ਼ ਅੱਜ ਵਾਲੀ ਜੰਗ ਤਕ ਪੁੱਜ ਗਿਆ। ਅੱਜ ਇਜ਼ਰਾਈਲ ਅਮਰੀਕਾ ਦਾ ਲੈਫਟੀਨੈਂਟ ਅਤੇ ਪੱਕੀ ਠਾਹਰ ਹੈ। ਕਈ ਵਾਰ ਅਮਰੀਕਾ ਨਾਲ ਰਲ ਕੇ ਇਰਾਕ ਇਰਾਨ ਦੇ ਪਰਮਾਣੂ ਕੇਂਦਰਾਂ ਉੱਤੇ ਸਿੱਧਾ ਹਮਲਾ ਕਰ ਚੁੱਕਾ ਹੈ।

ਫ਼ਲਸਤੀਨੀਆਂ ਨੂੰ ਉਨ੍ਹਾਂ ਦੀ ਬਣਦੀ ਅੱਧੀ ਭੂਮੀ ਦੇ ਕੇ ਪ੍ਰਭੂਤਾ ਵਾਲੇ ਮੁਲਕ ਵਜੋਂ ਮਾਨਤਾ ਦੇਣ ਤੋਂ ਬਿਨਾ ਮਸਲੇ ਦਾ ਕੋਈ ਹੋਰ ਫੌਜੀ ਹੱਲ ਹੰਢਣਸਾਰ ਨਹੀਂ ਲਗਦਾ। ਫ਼ਲਸਤੀਨ ਨੂੰ ਹੱਕ ਦਿਵਾਉਣ ਦੀ ਚਰਚਾ ਨਹੀਂ ਹੋ ਰਹੀ। ਮੁੱਦਾ ਲਾਂਭੇ ਕਰ ਦਿੱਤਾ ਗਿਆ ਹੈ। ਚਰਚਾ ਇਹ ਫੈਲਾ ਦਿੱਤੀ ਹੈ ਕਿ ਇਹ ਤਾਂ ਕੋਈ ਹਮਾਸ ਅਤੇ ਹਿਜ਼ਬੁਲਾ ਵਰਗੇ ਅਤਿਵਾਦੀ ਜਥੇਬੰਦੀਆਂ ਨੂੰ ਕਾਬੂ ਕਰਨ ਦਾ ਮੁੱਦਾ ਹੈ। ਕੈਦੀਆਂ ਦੇ ਵਟਾਂਦਰੇ ਨਾਲ ਇਜ਼ਰਾਈਲੀ ਬੰਦੀ ਛੁਡਾਏ ਜਾ ਰਹੇ ਸਨ, ਬਾਕੀ ਵੀ ਛੁਡਾਏ ਜਾ ਸਕਦੇ ਸਨ ਪਰ ਰੋਕ ਕੇ ਗੱਲ ਲੜਾਈ ਵਧਾਉਣ ਵਾਲੇ ਬੰਨੇ ਤੋਰ ਕੇ ਗਾਜ਼ਾ ਦਾ ਮੁਕੰਮਲ ਉਜਾੜਾ, ਇਰਾਨ ਦੇ ਪਰਮਾਣੂ ਫੌਜੀ ਅਤੇ ਤੇਲ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣ ਦਾ ਅਸਲ ਗੁੱਝਾ ਟੀਚਾ ਹਾਸਲ ਕਰਨ ਉੱਤੇ ਕੇਂਦਰਿਤ ਕੀਤੀ ਜਾ ਰਹੀ ਹੈ।

ਅਮਰੀਕਾ ਦੇ ਇਸ ਖਿੱਤੇ ਵਿਚ ਇਜ਼ਰਾਈਲ ਤੋਂ ਇਲਾਵਾ ਤੁਰਕੀ, ਇਰਾਕ, ਸੀਰੀਆ, ਬਹਿਰੀਨ, ਸਊਦੀ ਅਰਬ, ਕਤਰ, ਯੂ.ਏ.ਈ., ਓਮਾਨ, ਕੁਵੈਤ ਵਿਚ ਪੱਕੇ ਫੌਜੀ ਅੱਡੇ ਹਨ ਜਿੱਥੇ ਉਨ੍ਹਾਂ ਅਨੁਸਾਰ, 40 ਹਜ਼ਾਰ ਫੌਜੀ ਤਾਇਨਾਤ ਹਨ। ਇਹ ਇਸ ਤੇਲ ਖਿੱਤੇ ਉੱਤੇ ਜ਼ੋਰਾਵਰੀ ਕਾਬੂ ਕਬਜ਼ੇ ਲਈ ਹਨ।

ਯੂਕਰੇਨ, ਫ਼ਲਸਤੀਨ, ਤਾਈਵਾਨ, ਉੱਤਰੀ ਕੋਰੀਆ ਆਦਿ ਸਭ ਕਲੇਸ਼ਖਾਨਿਆਂ ਵਿਚ ਹਰ ਥਾਂ ਇਕ ਪਾਸਿਉਂ ਅਮਰੀਕਾ ਮੋਹਰੀ ਹੈ। ਅੱਜ ਬੰਗਲਾਦੇਸ਼ ਵਿਚ ਜੋ ਹਾਲਾਤ ਹਨ, ਇਸ ਵਿਚ ਹੋਰ ਕਾਰਨਾਂ ਦੇ ਨਾਲ-ਨਾਲ ਅਮਰੀਕਾ ਦਾ ਹੱਥ ਹੋਣ ਦੇ ਇਲਜ਼ਾਮ ਵੀ ਲੱਗੇ ਹਨ। ਇਹ ਸਭ ਵਪਾਰਕ ਤੇ ਆਰਥਿਕ ਹਿੱਤਾਂ ਲਈ ਹੋ ਰਿਹਾ ਹੈ ਪਰ ਇਹ ਆਮ ਅਮਰੀਕੀ ਲੋਕਾਂ ਦੇ ਹਿੱਤ ਵਿਚ ਨਹੀਂ। ਵੱਡੀ ਜੰਗ ਭੜਕੀ ਤਾਂ ਵਪਾਰੀਆਂ ਨੇ ਤਾਂ ਨਹੀਂ ਮਰਨਾ, ਨਾ ਕਦੀ ਪਹਿਲਾਂ ਮਰੇ; ਇਹ ਦੇਸ਼ ਭਗਤੀ ਦਾ ਡੌਰੂ ਖੜਕਾ ਕੇ ਰੋਟੀ ਖ਼ਾਤਿਰ ਭਰਤੀ ਹੋਏ ਮਾਵਾਂ ਦੇ ਫੌਜੀ ਪੁੱਤਾਂ ਦਾ ਖੂਨ ਹੀ ਵਹਾਉਣਗੇ। ਫਿਰ ਪਹਿਲਾਂ ਵਾਂਗ ਬੈਠ ਕੇ ਸਮਝੌਤਾ ਕਰ ਲੈਣਗੇ ਜਿਵੇਂ ਦੂਜੀ ਸੰਸਾਰ ਜੰਗ ਵਾਲੇ ਅਮਰੀਕਾ, ਜਪਾਨ, ਜਰਮਨ, ਇੰਗਲੈਂਡ, ਫਰਾਂਸ, ਇਟਲੀ ਜੱਫੀਆਂ ਪਾ ਰਹੇ ਨੇ। ਦੇਸ਼ ਭਗਤੀ ਖ਼ਾਤਿਰ ਮਰੇ ਫੌਜੀ ਫਿਰ ਕਿਹੜੇ ਖਾਤੇ ਗਏ? ਇਹੀ ਕੁਝ ਹੁਣ ਹੋਣਾ।

ਦੁਨੀਆ ਦੇ ਲੋਕਾਂ ਨੂੰ ਸਮਝਣਾ ਪਵੇਗਾ ਕਿ ਅਮਰੀਕਾ ਇੰਗਲੈਂਡ ਵਰਗੇ 32 ਦੇਸ਼ਾਂ ਨੇ ਰਲ ਕੇ 'ਨਾਟੋ' ਫੌਜੀ ਗਠਜੋੜ ਮਾੜੇ ਮੁਲਕਾਂ ਨੂੰ ਲੁੱਟਣ ਤੇ ਕੁੱਟਣ ਲਈ ਬਣਾਇਆ ਹੈ। ਇਹ ਵਿਕਾਸਸ਼ੀਲ ਦੇਸ਼ਾਂ ਲਈ ਵੱਡਾ ਖ਼ਤਰਾ ਹੈ। ਅੱਜ ਬੇਭਰੋਸਗੀ ਇੰਨੀ ਹੈ ਕਿ ਹਥਿਆਰਾਂ ਦੀ ਦੌੜ ਕਦੀ ਨਹੀਂ ਜੇ ਰੁਕਣੀ। ਇਹ ਗੱਲ ਬਾਕੀ ਮੁਲਕਾਂ ਨੇ ਨਹੀਂ ਮੰਨਣੀ (ਭਾਰਤ ਨੇ ਵੀ ਨਹੀਂ ਸੀ ਮੰਨੀ) ਕਿ 8-10 ਮੁਲਕਾਂ ਕੋਲ ਪਰਮਾਣੂ ਹਥਿਆਰਾਂ ਦੀ ਕਾਨੂੰਨੀ ਧੌਂਸ ਹੋਵੇ ਅਤੇ ਬਾਕੀਆਂ ਨੂੰ ਵਰਜਿਆ ਜਾਵੇ ਕਿ ਇੰਝ ਕਰਨਾ ਗੈਰ-ਕਾਨੂੰਨੀ ਹੈ। ਜੇ ਇਹ ਸੱਚ ਹੈ ਤਾਂ ਕਿਸੇ ਨਾ ਕਿਸੇ ਦਿਨ ਤਬਾਹੀ ਅਟੱਲ ਹੈ। ਅਮੀਰਾਂ ਨੇ ਲੁਕ ਜਾਣਾ ਤੇ ਮਰਨਾ ਆਮ ਲੋਕਾਂ ਨੇ ਹੈ। ਇਸ ਲਈ ਆਮ ਲੋਕਾਂ ਨੂੰ ਇਸ ਧਰਤੀ/ਇਨਸਾਨੀਅਤ ਵਿਰੋਧੀ ਰੁਝਾਨ ਵਿਰੁੱਧ ਫੌਰੀ ਉੱਠ ਖਲੋਣਾ ਚਾਹੀਦਾ ਹੈ।

ਦੁਖੀ ਯਹੂਦੀਆਂ ਦਾ ਮੁਸਲਿਮ ਖਿੱਤੇ ਵਿਚ ਜਬਰੀ ਕਬਜ਼ੇ ਵਾਲਾ ਘਰ (ਇਜ਼ਰਾਈਲ) ਬਣਵਾ ਕੇ ਸਾਮਰਾਜੀਆਂ ਨੇ ਆਪਣੇ ਗਲੋਂ ਬਲਾ ਲਾਹੁਣ ਲਈ ਮੁਸਲਮਾਨਾਂ ਤੇ ਯਹੂਦੀਆਂ, ਦੋਹਾਂ ਨਾਲ ਧ੍ਰੋਹ ਕੀਤਾ। ਖੁਸ਼ਹਾਲ ਯਹੂਦੀ ਹੁਣ ਹਮੇਸ਼ਾ ਤਣਾਅ ਅਤੇ ਬੇਯਕੀਨੀ ਦਾ ਸ਼ਿਕਾਰ ਰਹਿਣਗੇ। ਮਰਦੇ ਮਾਰਦੇ ਰਹਿਣਗੇ। ਉਂਝ, ਧੱਕਾ ਸਦਾ ਨਹੀਂ ਚੱਲਦਾ ਹੁੰਦਾ। ਇਸ ਲਈ ਜੇ ਮੋੜਾ ਕੱਟਣ ਤਾਂ ਚੰਗੇ ਰਹਿਣਗੇ। ਅਮੀਰ ਤਾਂ ਹਨ ਹੀ, ਸਿਆਣੇ ਬਣ ਕੇ ਆਪਣੇ ਬੱਚਿਆਂ ਦਾ ਹਿੱਤ ਸੋਚਣ। ਚੁੱਕਣ ਚੁਕਾਉਣ ਵਾਲਿਆਂ ਦਾ ਅਸਲੀ ਚਿਹਰਾ ਪਛਾਨਣ।

ਇਰਾਨ ਨੂੰ ਦਿਸਦਾ ਸੱਚ ਸਵੀਕਾਰਦਿਆਂ ਇਜ਼ਰਾਈਲ ਦੀ ਹੋਂਦ ਮੰਨਣੀ ਹੋਵੇਗੀ। ਸ਼ਾਂਤੀ ਲਈ ਇਹ ਜ਼ਰੂਰੀ ਹੈ। ਇਜ਼ਰਾਈਲ ਨੂੰ ਵੀ ਹੰਕਾਰ ਛੱਡ ਕੇ ਦੂਰ ਦੀ ਸੋਚਦਿਆਂ ਫ਼ਲਸਤੀਨ ਨੂੰ ਆਜ਼ਾਦ ਦੇਸ਼ ਸਵੀਕਾਰਨਾ ਪਵੇਗਾ। ਬਾਕੀ ਸਭ ਰਸਤੇ ਤਬਾਹੀ ਵੱਲ ਜਾਂਦੇ ਹਨ। ਸਮਾਂ ਹੱਥੋਂ ਨਿਕਲਣ ਵਾਲਾ ਹੈ। ਹੁਣ ਸਾਰਾ ਕੁਝ ਲੀਡਰਾਂ ਦੀ ਅਕਲ 'ਤੇ ਨਿਰਭਰ ਹੈ।

# ਫ਼ਲਸਤੀਨ ਜ਼ਖ਼ਮ: ਅਰੁੰਧਤੀ ਰਾਏ

*(ਪਿਛਲੇ ਸਫੇ ਦੀ ਬਾਕੀ)*

ਮਾਰੇ ਗਏ ਦਹਿ-ਹਜ਼ਾਰਾਂ ਲੋਕਾਂ ਤੋਂ ਇਲਾਵਾ, ਇਜ਼ਰਾਈਲ ਨੇ ਗਾਜ਼ਾ ਦੀ ਬਹੁਗਿਣਤੀ ਆਬਾਦੀ ਨੂੰ ਕਈ ਵਾਰ ਉਜਾੜਿਆ ਹੈ। ਇਸ ਨੇ ਹਸਪਤਾਲਾਂ ਉੱਪਰ ਬੰਬ ਸੁੱਟੇ। ਜਾਣਬੁੱਝ ਕੇ ਡਾਕਟਰਾਂ, ਸਹਾਇਤਾ ਕਰਮਚਾਰੀਆਂ ਤੇ ਪੱਤਰਕਾਰਾਂ ਨੂੰ ਨਿਸ਼ਾਨਾ ਬਣਾਇਆ ਅਤੇ ਮਾਰਿਆ। ਪੂਰੀ ਆਬਾਦੀ ਭੁੱਖ ਨਾਲ ਮਰ ਰਹੀ ਹੈ - ਉਨ੍ਹਾਂ ਦੇ ਇਤਿਹਾਸ ਨੂੰ ਮਿਟਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਦੁਨੀਆ ਦੀਆਂ ਸਭ ਤੋਂ ਅਮੀਰ, ਸਭ ਤੋਂ ਤਾਕਤਵਰ ਸਰਕਾਰਾਂ ਇਸ ਸਭ ਕਾਸੇ ਦੀ ਨੈਤਿਕ ਤੇ ਪਦਾਰਥਕ ਮਦਦ ਕਰ ਰਹੀਆਂ ਹਨ; ਤੇ ਉਨ੍ਹਾਂ ਦਾ ਮੀਡੀਆ ਵੀ (ਇਸ ਵਿਚ ਮੈਂ ਆਪਣੇ ਮੁਲਕ, ਭਾਰਤ ਨੂੰ ਵੀ ਸ਼ਾਮਲ ਕਰਦੀ ਹੈ ਜੋ ਇਜ਼ਰਾਈਲ ਨੂੰ ਹਥਿਆਰ ਸਪਲਾਈ ਕਰਨ ਦੇ ਨਾਲ-ਨਾਲ ਹਜ਼ਾਰਾਂ ਕਾਮੇ ਵੀ ਭੇਜ ਰਿਹਾ ਹੈ)। ਇਨ੍ਹਾਂ ਮੁਲਕਾਂ ਅਤੇ ਇਜ਼ਰਾਈਲ ਦਰਮਿਆਨ ਕੋਈ ਫ਼ਰਕ ਨਹੀਂ। ਪਿਛਲੇ ਸਾਲ ਵਿਚ ਹੀ ਅਮਰੀਕਾ ਨੇ ਇਜ਼ਰਾਈਲ ਦੀ ਫ਼ੌਜੀ ਮਦਦ 'ਚ 17.9 ਅਰਬ ਡਾਲਰ ਖ਼ਰਚ ਕੀਤੇ। ਇਸ ਲਈ ਆਓ ਆਪਾਂ ਅਮਰੀਕਾ ਬਾਰੇ ਇਸ ਝੂਠ ਤੋਂ ਹਮੇਸ਼ਾ-ਹਮੇਸ਼ਾ ਲਈ ਖਹਿੜਾ ਛੁਡਾ ਲਈਏ ਕਿ ਇਸ ਦੀ ਭੂਮਿਕਾ ਵਿਚੋਲਗੀ ਕਰਨ ਵਾਲੇ, ਰੋਕਣ ਵਾਲੇ ਰਸੂਖ਼ਵਾਨ ਜਾਂ 'ਜੰਗਬੰਦੀ ਲਈ ਅਣਥੱਕ ਮਿਹਨਤ ਕਰਨ' ਦੀ ਹੈ ਜਿਵੇਂ ਅਲੈਗਜ਼ੈਂਡਰੀਆ ਓਕਾਸੀਓ-ਕੋਰਟੇਜ ਨੇ ਕਿਹਾ (ਜਿਸ ਨੂੰ ਮੁੱਖਧਾਰਾ ਦੀ ਅਮਰੀਕੀ ਰਾਜਨੀਤੀ ਦਾ ਅਤਿ ਖੱਬੇ ਪੱਖੀ ਮੰਨਿਆ ਜਾਂਦਾ ਹੈ)। ਨਸਲਕੁਸ਼ੀ ਦਾ ਹਿੱਸਾ ਇਕ ਧਿਰ ਵਿਚੋਲੀ ਨਹੀਂ ਹੋ ਸਕਦੀ।

ਕੁਲ ਤਾਕਤ ਤੇ ਧਨ, ਧਰਤੀ ਉੱਪਰਲੇ ਸਾਰੇ ਹਥਿਆਰ ਅਤੇ ਪ੍ਰਚਾਰ ਹੁਣ ਜ਼ਖ਼ਮ ਨੂੰ ਲੁਕੋ ਨਹੀਂ ਸਕਦੇ ਜੋ ਫ਼ਲਸਤੀਨ ਹੈ। ਉਹ ਜ਼ਖ਼ਮ ਜਿਸ ਵਿਚੋਂ ਇਜ਼ਰਾਈਲ ਸਮੇਤ ਪੂਰੀ ਦੁਨੀਆ ਲਹੂ ਵਹਾਉਂਦੀ ਹੈ। ਸਰਵੇਖਣ ਦਰਸਾਉਂਦੇ ਹਨ ਕਿ ਜਿਨ੍ਹਾਂ ਮੁਲਕਾਂ ਦੀਆਂ ਸਰਕਾਰਾਂ ਨੇ ਇਜ਼ਰਾਈਲ ਨੂੰ ਨਸਲਕੁਸ਼ੀ ਕਰਨ ਦੇ ਸਮਰੱਥ ਬਣਾਇਆ ਹੈ, ਉਨ੍ਹਾਂ ਦੇ ਬਹੁਗਿਣਤੀ ਨਾਗਰਿਕਾਂ ਨੇ ਸਪਸ਼ਟ ਕਰ ਦਿੱਤਾ ਕਿ ਉਹ ਇਸ ਨਾਲ ਸਹਿਮਤ ਨਹੀਂ। ਅਸੀਂ ਲੱਖਾਂ ਲੋਕਾਂ ਦੇ ਜਲੂਸ ਦੇਖੇ ਹਨ ਜਿਨ੍ਹਾਂ ਵਿਚ ਯਹੂਦੀਆਂ ਦੀ ਨੌਜਵਾਨ ਪੀੜ੍ਹੀ ਵੀ ਸ਼ਾਮਲ ਹੈ ਜੋ ਵਰਤੇ ਜਾਣ ਤੋਂ, ਝੂਠ ਬੋਲਣ ਤੋਂ ਅੱਕ ਗਈ ਹੈ। ਕਿਸ ਨੇ ਕਲਪਨਾ ਕੀਤੀ ਹੋਵੇਗੀ ਕਿ ਅਸੀਂ ਉਹ ਦਿਨ ਦੇਖਣ ਲਈ ਜਿਉਂਦੇ ਰਹਾਂਗੇ ਜਦੋਂ ਜਰਮਨ ਪੁਲਿਸ ਇਜ਼ਰਾਈਲ ਅਤੇ ਜ਼ਿਓਨਿਜ਼ਮ ਦਾ ਵਿਰੋਧ ਕਰਨ ਬਦਲੇ ਯਹੂਦੀ ਨਾਗਰਿਕਾਂ ਨੂੰ ਗ੍ਰਿਫ਼ਤਾਰ ਕਰੇਗੀ ਅਤੇ ਉਨ੍ਹਾਂ ਉੱਪਰ ਯਹੂਦੀ ਵਿਰੋਧੀ ਹੋਣ ਦਾ ਦੋਸ਼ ਲਗਾਏਗੀ? ਕਿਸ ਨੇ ਸੋਚਿਆ ਹੋਵੇਗਾ ਕਿ ਅਮਰੀਕਨ ਸਰਕਾਰ ਇਜ਼ਰਾਇਲੀ ਸਟੇਟ ਦੀ ਸੇਵਾ 'ਚ, ਫ਼ਲਸਤੀਨ ਪੱਖੀ ਨਾਅਰਿਆਂ 'ਤੇ ਪਾਬੰਦੀ ਲਾ ਕੇ ਸੁਤੰਤਰ ਭਾਸ਼ਣ ਦੇ ਆਪਣੇ ਮੂਲ ਸਿਧਾਂਤ ਨੂੰ ਕਮਜ਼ੋਰ ਕਰ ਦੇਵੇਗੀ? ਕੁਝ ਅਪਵਾਦਾਂ ਨੂੰ ਛੱਡ ਕੇ ਪੱਛਮੀ ਲੋਕਤੰਤਰਾਂ ਦਾ ਅਖੌਤੀ ਨੈਤਿਕ ਢਾਂਚਾ ਬਾਕੀ ਦੁਨੀਆ ਵਿਚ ਮਜ਼ਾਕ ਬਣ ਗਿਆ ਹੈ।

ਜਦੋਂ ਬੈਂਜਾਮਿਨ ਨੇਤਨਯਾਹੂ ਮੱਧ ਪੂਰਬ ਦਾ ਨਕਸ਼ਾ ਪੇਸ਼ ਕਰਦਾ ਹੈ ਜਿਸ ਵਿਚ ਫ਼ਲਸਤੀਨ ਨੂੰ ਮਿਟਾ ਦਿੱਤਾ ਗਿਆ ਹੈ ਅਤੇ ਇਜ਼ਰਾਈਲ ਨਦੀ ਤੋਂ ਸਮੁੰਦਰ ਤੱਕ ਫੈਲਿਆ ਹੋਇਆ ਹੈ ਤਾਂ ਉਸ ਨੂੰ ਅਜਿਹੇ ਦੂਰਅੰਦੇਸ਼ ਵਜੋਂ ਵਡਿਆਇਆ ਜਾਂਦਾ ਹੈ ਜੋ ਯਹੂਦੀ ਵਤਨ ਦਾ ਸੁਪਨਾ ਸਾਕਾਰ ਕਰਨ ਲਈ ਕੰਮ ਕਰ ਰਿਹਾ ਹੈ ਪਰ ਜਦੋਂ ਫ਼ਲਸਤੀਨੀ ਅਤੇ ਉਨ੍ਹਾਂ ਦੇ ਹਮਾਇਤੀ 'ਨਦੀ ਤੋਂ ਲੈ ਕੇ ਸਮੁੰਦਰ ਤੱਕ, ਫ਼ਲਸਤੀਨ ਹੋਵੇਗਾ ਆਜ਼ਾਦ' ਦਾ ਨਾਅਰਾ ਲਾਉਂਦੇ ਹਨ ਤਾਂ ਉਨ੍ਹਾਂ ਉੱਪਰ ਯਹੂਦੀਆਂ ਦੀ ਨਸਲਕੁਸ਼ੀ ਦਾ ਖੁੱਲ੍ਹੇਆਮ ਸੱਦਾ ਦੇਣ ਦਾ ਦੋਸ਼ ਲਗਾਇਆ ਜਾਂਦਾ ਹੈ।



*ਪੈੱਨ ਪਿੰਟਰ ਪੁਰਸਕਾਰ ਦੇ ਸਹਿ-ਜੇਤੂ ਆਲਾ ਅਬਦ ਅਲ-ਫ਼ਤਹ ਦੇ ਪਰਿਵਾਰ ਨਾਲ ਅਰੁੰਧਤੀ ਰਾਏ।*

ਕੀ ਉਹ ਸੱਚਮੁੱਚ ਹਨ? ਜਾਂ ਕੀ ਇਹ ਰੋਗੀ ਕਲਪਨਾ ਹੈ ਜੋ ਆਪਣਾ ਹਨੇਰਾ ਦੂਜਿਆਂ ਉੱਪਰ ਪਾ ਰਹੀ ਹੈ? ਕਲਪਨਾ ਜੋ ਵੰਨ-ਸਵੰਨਤਾ ਨੂੰ ਸਵੀਕਾਰ ਨਹੀਂ ਕਰ ਸਕਦੀ, ਉਹ ਬਰਾਬਰ ਹੱਕਾਂ ਤਹਿਤ ਹੋਰ ਲੋਕਾਂ ਦੇ ਨਾਲ ਇਕ ਮੁਲਕ ਵਿਚ ਰਹਿਣ ਦੇ ਵਿਚਾਰ ਨੂੰ ਸਵੀਕਾਰ ਨਹੀਂ ਕਰ ਸਕਦੀ। ਜਿਵੇਂ ਦੁਨੀਆ ਵਿਚ ਹਰ ਕੋਈ ਸਵੀਕਾਰ ਕਰਦਾ ਹੈ। ਅਜਿਹੀ ਕਲਪਨਾ ਜੋ ਇਹ ਸਵੀਕਾਰ ਕਰਨ ਜੋਗੀ ਨਹੀਂ ਹੈ ਕਿ ਫ਼ਲਸਤੀਨੀ ਆਜ਼ਾਦ ਹੋਣਾ ਚਾਹੁੰਦੇ ਹਨ, ਦੱਖਣੀ ਅਫਰੀਕਾ ਵਾਂਗ, ਭਾਰਤ ਵਾਂਗ, ਹੋਰ ਸਾਰੇ ਮੁਲਕਾਂ ਵਾਂਗ ਜਿਨ੍ਹਾਂ ਨੇ ਬਸਤੀਵਾਦ ਦਾ ਜੂਲਾ ਲਾਹ ਸੁੱਟਿਆ ਹੈ। ਜਦੋਂ ਦੱਖਣੀ ਅਫਰੀਕੀ ਆਪਣਾ ਹਰਮਨਪਿਆਰਾ ਇਕਜੁੱਟਤਾ ਨਾਅਰਾ 'ਅਮੰਡਲਾ! ਸੱਤਾ ਲੋਕਾਂ ਨੂੰ' ਲਗਾ ਰਹੇ ਸਨ, ਕੀ ਉਹ ਗੋਰੇ ਲੋਕਾਂ ਦੀ ਨਸਲਕੁਸ਼ੀ ਦਾ ਸੱਦਾ ਦੇ ਰਹੇ ਸਨ? ਨਹੀਂ। ਉਹ ਨਸਲੀ ਰੰਗਭੇਦੀ ਰਾਜ ਖ਼ਤਮ ਕਰਨ ਦੀ ਮੰਗ ਕਰ ਰਹੇ ਸਨ; ਜਿਵੇਂ ਫ਼ਲਸਤੀਨੀ ਕਰ ਰਹੇ ਹਨ।

ਹੁਣ ਜੋ ਯੁੱਧ ਸ਼ੁਰੂ ਹੋ ਚੁੱਕਾ ਹੈ, ਉਹ ਭਿਆਨਕ ਹੋਵੇਗਾ ਪਰ ਆਖ਼ਿਰਕਾਰ ਇਹ ਇਜ਼ਰਾਈਲ ਦੇ ਰੰਗਭੇਦ ਨੂੰ ਖ਼ਤਮ ਕਰ ਦੇਵੇਗਾ। ਸਾਰੀ ਦੁਨੀਆ ਸਾਰਿਆਂ ਲਈ ਕਿਤੇ ਜ਼ਿਆਦਾ ਸੁਰੱਖਿਅਤ ਹੋਵੇਗੀ (ਜਿਸ ਵਿਚ ਯਹੂਦੀ ਲੋਕ ਵੀ ਸ਼ਾਮਲ ਹਨ) ਅਤੇ ਕਿਤੇ ਜ਼ਿਆਦਾ ਨਿਆਂਪੂਰਨ ਵੀ। ਇਹ ਸਾਡੇ ਜ਼ਖ਼ਮੀ ਦਿਲ 'ਚੋਂ ਤੀਰ ਕੱਢਣ ਸਮਾਨ ਹੋਵੇਗਾ।

ਜੇ ਅਮਰੀਕੀ ਸਰਕਾਰ ਇਜ਼ਰਾਈਲ ਨੂੰ ਦਿੱਤੀ ਜਾ ਰਹੀ ਹਮਾਇਤ ਵਾਪਸ ਲੈ ਲੈਂਦੀ ਹੈ ਤਾਂ ਯੁੱਧ ਅੱਜ ਹੀ ਬੰਦ ਹੋ ਸਕਦਾ ਹੈ। ਇਸੇ ਪਲ ਹੀ ਦੁਸ਼ਮਣੀਆਂ ਖ਼ਤਮ ਹੋ ਸਕਦੀਆਂ ਹਨ। ਇਜ਼ਰਾਈਲੀ ਬੰਦੀਆਂ ਨੂੰ ਰਿਹਾ ਕਰਾਇਆ ਜਾ ਸਕਦਾ ਹੈ, ਫ਼ਲਸਤੀਨੀ ਕੈਦੀਆਂ ਨੂੰ ਰਿਹਾ ਕਰਾਇਆ ਜਾ ਸਕਦਾ ਹੈ। ਹਮਾਸ ਤੇ ਹੋਰ ਫ਼ਲਸਤੀਨੀ ਹਿੱਸੇਦਾਰਾਂ ਨਾਲ ਜੋ ਗੱਲਬਾਤ ਯੁੱਧ ਤੋਂ ਬਾਅਦ ਲਾਜ਼ਮੀ ਤੌਰ 'ਤੇ ਹੋਣੀ ਹੈ, ਉਹ ਹੁਣ ਹੋ ਸਕਦੀ ਹੈ ਅਤੇ ਲੱਖਾਂ ਲੋਕਾਂ ਦੇ ਸੰਤਾਪ ਨੂੰ ਰੋਕ ਸਕਦੀ ਹੈ। ਕਿੰਨੇ ਦੁੱਖ ਦੀ ਗੱਲ ਹੈ ਕਿ ਜ਼ਿਆਦਾਤਰ ਲੋਕ ਇਸ ਨੂੰ ਸਿੱਧੜ, ਹਾਸੋਹੀਣੀ ਤਜਵੀਜ਼ ਮੰਨਣਗੇ।

ਆਲਾ ਅਬਦ ਅਲ-ਫਤਹ, ਆਪਣੀ ਗੱਲ ਸਮੇਟਦੇ ਹੋਏ ਮੈਨੂੰ ਆਪਣੀ ਜੇਲ੍ਹ 'ਚ ਲਿਖੀ ਕਿਤਾਬ 'ਯੂ ਹੈਵ ਨੌਟ ਯੈੱਟ ਬਿਨ ਡਿਫੀਟਡ' (ਤੁਸੀਂ ਅਜੇ ਤੱਕ ਹਾਰੇ ਨਹੀਂ ਹੋ) ਦੇ ਸ਼ਬਦਾਂ ਵੱਲ ਮੁੜਨ ਦੀ ਇਜਾਜ਼ਤ ਦਿਓ। ਮੈਂ ਜਿੱਤ ਅਤੇ ਹਾਰ ਦੇ ਅਰਥ (ਤੇ ਅੱਖਾਂ ਵਿਚ ਇਮਾਨਦਾਰੀ ਨਾਲ) ਨਿਰਾਸ਼ਾ ਨੂੰ ਦੇਖਣ ਦੀ ਰਾਜਨੀਤਕ ਜ਼ਰੂਰਤ ਬਾਰੇ ਅਜਿਹੇ ਖ਼ੂਬਸੂਰਤ ਸ਼ਬਦ ਘੱਟ ਹੀ ਪੜ੍ਹੇ ਹਨ। ਮੈਂ ਅਜਿਹਾ ਲਿਖਿਆ ਘੱਟ ਹੀ ਦੇਖਿਆ ਹੈ ਜਿਸ ਵਿਚ ਕੋਈ ਨਾਗਰਿਕ ਆਪਣੇ ਆਪ ਨੂੰ ਰਾਜ ਤੋਂ, ਜਨਰੈਲਾਂ ਤੋਂ, ਇੱਥੋਂ ਤੱਕ ਕਿ ਚੌਕ ਦੇ ਨਾਅਰਿਆਂ ਤੋਂ ਟੱਲੀ ਵਰਗੀ ਟੁਣਕਾਰ ਨਾਲ ਵੱਖ ਕਰਦਾ ਹੈ:

ਕੇਂਦਰ ਵਿਸ਼ਵਾਸਘਾਤ ਹੈ ਕਿਉਂਕਿ ਇਸ ਵਿਚ ਜਗ੍ਹਾ ਸਿਰਫ਼ ਜਰਨੈਲ ਲਈ ਹੈ... ਕੇਂਦਰ ਵਿਸ਼ਵਾਸਘਾਤ ਹੈ ਅਤੇ ਮੈਂ ਕਦੇ ਵੀ ਗ਼ੱਦਾਰ ਨਹੀਂ ਰਿਹਾ। ਉਹ ਸੋਚਦੇ ਹਨ ਕਿ ਉਨ੍ਹਾਂ ਨੇ ਸਾਨੂੰ ਹਾਸ਼ੀਏ 'ਤੇ ਧੱਕ ਦਿੱਤਾ ਹੈ। ਉਨ੍ਹਾਂ ਨੂੰ ਇਹ ਅਹਿਸਾਸ ਨਹੀਂ ਹੁੰਦਾ ਕਿ ਅਸੀਂ ਇਸ ਨੂੰ ਕਦੇ ਵੀ ਨਹੀਂ ਛੱਡਿਆ, ਬਸ ਥੋੜ੍ਹੇ ਚਿਰ ਲਈ ਇਹ ਸਾਡੇ ਤੋਂ ਖੁੱਸ ਗਿਆ। ਨਾ ਵੋਟ ਬਕਸੇ, ਨਾ ਮਹਿਲ, ਨਾ ਮੰਤਰਾਲੇ, ਨਾ ਹੀ ਜੇਲ੍ਹਾਂ, ਇੱਥੋਂ ਤੱਕ ਕਿ ਕਬਰਾਂ ਵੀ ਸਾਡੇ ਸੁਪਨਿਆਂ ਨੂੰ ਪੂਰਾ ਕਰਨ ਲਈ ਕਾਫ਼ੀ ਵੱਡੀਆਂ ਹਨ। ਅਸੀਂ ਕਦੇ ਵੀ ਕੇਂਦਰ ਨਹੀਂ ਚਾਹਿਆ ਕਿਉਂਕਿ ਇਸ ਵਿਚ ਸੁਪਨਾ ਤਿਆਗ ਦੇਣ ਵਾਲਿਆਂ ਤੋਂ ਸਿਵਾਇ ਹੋਰ ਕਿਸੇ ਲਈ ਜਗ੍ਹਾ ਨਹੀਂ ਹੈ। ਇੱਥੋਂ ਤੱਕ ਕਿ ਚੌਕ ਵੀ ਸਾਡੇ ਲਈ ਏਨਾ ਵੱਡਾ ਨਹੀਂ ਸੀ, ਇਸ ਲਈ ਇਨਕਲਾਬ ਦੀਆਂ ਜ਼ਿਆਦਾਤਰ ਲੜਾਈਆਂ ਇਸ ਦੇ ਬਾਹਰ ਹੋਈਆਂ, ਤੇ ਜ਼ਿਆਦਾਤਰ ਨਾਇਕ ਫਰੇਮ ਤੋਂ ਬਾਹਰ ਰਹੇ।

ਜੋ ਭਿਆਨਕਤਾ ਅਸੀਂ ਗਾਜ਼ਾ ਅਤੇ ਹੁਣ ਲਿਬਨਾਨ ਵਿਚ ਦੇਖ ਰਹੇ ਹਾਂ, ਉਹ ਤੇਜ਼ੀ ਨਾਲ ਖੇਤਰੀ ਯੁੱਧ 'ਚ ਬਦਲ ਰਹੀ ਹੈ, ਇਸ ਦੇ ਅਸਲ ਨਾਇਕ ਫਰੇਮ ਤੋਂ ਬਾਹਰ ਹਨ ਪਰ ਉਹ ਲੜਨਾ ਜਾਰੀ ਰੱਖਦੇ ਹਨ ਕਿਉਂਕਿ ਉਹ ਜਾਣਦੇ ਹਨ ਕਿ ਇਕ ਦਿਨ:

ਨਦੀ ਤੋਂ ਸਮੁੰਦਰ ਤੱਕ
ਫ਼ਲਸਤੀਨ ਆਜ਼ਾਦ ਹੋਵੇਗਾ।
ਇਹ ਹੋਵੇਗਾ।
ਨਜ਼ਰ ਆਪਣੇ ਕੈਲੰਡਰ 'ਤੇ ਰੱਖੋ,
ਆਪਣੀ ਘੜੀ 'ਤੇ ਨਹੀਂ।
ਜਰਨੈਲ ਨਹੀਂ
ਲੋਕ
ਆਪਣੀ ਮੁਕਤੀ ਲਈ ਲੜ ਰਹੇ ਲੋਕ
ਸਮੇਂ ਨੂੰ ਇਸ ਤਰ੍ਹਾਂ ਮਾਪਦੇ ਹਨ।

# ਚਾਰਵਾਕ ਦਰਸ਼ਨ – ਸੱਚੇ ਸੁੱਚੇ ਧਰਮ ਦਾ ਆਧਾਰ

ਚਾਰਵਾਕ ਦਰਸ਼ਨ ਆਪਣੇ ਦੇਸ ਦਾ ਇੱਕ ਪੁਰਾਣਾ ਦਰਸ਼ਨ ਜਾਣਿਆ ਜਾਂਦਾ ਹੈ, ਪ੍ਰੰਤੂ ਸਾਡੇ ਕੋਲ ਚਾਰਵਾਕ ਸਬੰਧੀ ਕੋਈ ਵੀ ਸਹੀ ਜਾਣਕਾਰੀ ਨਹੀਂ ਹੈ। ਭਾਵ ਇਹ ਦਰਸ਼ਨ ਕਦੋਂ ਸ਼ੁਰੂ ਹੋਇਆ, ਇਸ ਨੂੰ ਕਿਸ ਮਹਾਂਪੁਰਸ਼ ਨੇ ਸ਼ੁਰੂ ਕੀਤਾ ਅਤੇ ਇਸਦੇ ਗ੍ਰੰਥ ਕਿਥੇ ਹਨ ਜਾਂ ਇਸਦੇ ਕਿਹੜੇ-ਕਿਹੜੇ ਮੁਖ ਸਿਧਾਂਤ ਹਨ। ਇਸ ਦਰਸ਼ਨ ਦੇ ਸਿਧਾਂਤਾਂ ਸਬੰਧੀ ਜੇ ਕੋਈ ਜਾਣਕਾਰੀ ਮਿਲਦੀ ਵੀ ਹੈ ਤਾਂ ਉਹ ਸਿਰਫ ਇਸ ਦਰਸ਼ਨ ਦੀ ਨਿੰਦਿਆ ਅਤੇ ਵਿਰੋਧ ਕਰਨ ਵਾਲੇ ਪੁਜਾਰੀਆਂ ਅਤੇ ਉਨ੍ਹਾਂ ਦੀ ਹਰ ਜਾਇਜ-ਨਜਾਇਜ ਕਾਰਵਾਈ ਨੂੰ ਹਮਾਇਤ ਦੇਣ ਵਾਲੇ ਹਾਕਮਾਂ ਦੇ ਕੀਤੇ ਜਾਂਦੇ ਵਿਰੋਧ ਅਤੇ ਨਿੰਦਿਆ ਤੋਂ ਅੰਦਾਜਾ ਲਗਾ ਕੇ ਮਿਲਦੀ ਹੈ।



**ਨੰਦ ਸਿੰਘ ਬਰਾੜ**
**ਫੋਨ: (916) 501-3974**

ਜਿਵੇਂ: ਜਦੋਂ ਪੁਜਾਰੀ ਤੇ ਹਾਕਮ ਇਸ ਦਰਸ਼ਨ ਦੀ ਨਿੰਦਿਆ ਕਰਦੇ ਹੋਏ ਪ੍ਰਚਾਰਦੇ ਹਨ ਕਿ ਇਸ ਦਰਸ਼ਨ ਨੂੰ ਮੰਨਣ ਵਾਲੇ ਸਿਰਫ ਆਪਣੇ ਖਾਣ-ਪੀਣ ਦਾ ਹੀ ਫਿਕਰ ਕਰਦੇ ਹਨ। ਇਨ੍ਹਾਂ ਅਨੁਸਾਰ ਚਾਰਵਾਕ ਦਰਸ਼ਨ ਵਾਲੇ ਕਹਿਣਗੇ ਕਿ ਹਰ ਤਰ੍ਹਾਂ ਦਾ ਵਧੀਆ ਤੇ ਰਿਸ਼ਟ-ਪੁਸ਼ਟ ਖਾਣਾ ਖਾਓ ਭਾਵੇਂ ਉਸ ਵਾਸਤੇ ਉਧਾਰ ਹੀ ਕਿਓਂ ਨਾ ਚੁੱਕਣਾ ਪਵੇ ਤੇ ਉਧਾਰ ਮੋੜਨ ਦੀ ਪ੍ਰਵਾਹ ਵੀ ਨਾ ਕਰੋ। ਇਸ ਦਰਸ਼ਨ ਦੀ ਨਿੰਦਿਆ ਕਰਨ ਵਾਲੇ ਪ੍ਰਚਾਰਦੇ ਹਨ ਕਿ ਇਸ ਤਰ੍ਹਾਂ ਕਰਨ ਨਾਲ ਸਮਾਜ ਵਿਚ ਬੇਭਰੋਸਗੀ ਤੇ ਆਪਸੀ ਮਿਲਵਰਤਨ ਤਹਿਸ-ਨਹਿਸ ਹੋ ਜਾਵੇਗਾ ਤੇ ਸਮਾਜ ਬਿਖਰ ਜਾਵੇਗਾ।

ਇਸ ਤਰ੍ਹਾਂ ਦੀ ਨਿੰਦਿਆ ਤੋਂ ਇਹ ਅੰਦਾਜਾ ਲਾਇਆ ਜਾ ਸਕਦਾ ਹੈ ਕਿ ਚਾਰਵਾਕ ਦਰਸ਼ਨ ਵਾਲੇ ਮਨੁੱਖ ਨੂੰ ਸਮਝਾਉਂਦੇ ਹੋਣਗੇ;

1. ਹਰ ਮਨੁੱਖ ਨੂੰ ਇੱਕ ਸਿਹਤਮੰਦ ਤੇ ਅਨੰਦਮਈ ਜੀਵਨ ਜਿਉਣ ਨੂੰ ਆਪਣਾ ਉਦੇਸ਼ ਮਿਥਣਾ ਚਾਹੀਦਾ ਹੈ ਅਤੇ ਇਸਦੀ ਪ੍ਰਾਪਤੀ ਵਾਸਤੇ ਹਰ ਤਰ੍ਹਾਂ ਦੀ ਮਿਹਨਤ ਤੇ ਉਦਮ ਕਰਨਾ ਚਾਹੀਦਾ ਹੈ।

ਉਪਰੋਕਤ ਪੈਰੇ ਦੇ ਅਖੀਰ ਵਿੱਚ ਨਿੰਦਿਆ ਕਰਨ ਵਾਲਿਆਂ ਵਲੋਂ ਸਮਾਜ ਨੂੰ ਬਿਖੇਰਨ ਬਾਰੇ ਚਾਰਵਾਕ ਦਰਸ਼ਨ ਵਾਲੇ ਮਨੁੱਖ ਨੂੰ ਇਸ ਤਰ੍ਹਾਂ ਸਮਝਾਉਂਦੇ ਹੋਣਗੇ ਕਿ;

2. ਮਨੁੱਖ ਇੱਕ ਸਮਾਜਕ ਜੀਵ ਹੈ ਉਹ ਦੂਸਰਿਆਂ ਨੂੰ ਦੁਖੀ ਕਰਕੇ ਅਨੰਦਮਈ ਨਹੀਂ ਰਹਿ ਸਕਦਾ। ਇਸ ਵਾਸਤੇ ਹਰ ਇਨਸਾਨ ਨੂੰ ਦੂਸਰਿਆਂ ਦੇ ਅਨੰਦਮਈ ਜੀਵਨ ਵਾਸਤੇ ਵੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਅਗਲੀ ਨਿੰਦਿਆ ਉਹ ਇਹ ਕਰਦੇ ਹਨ ਕਿ ਚਾਰਵਾਕ ਵਾਲੇ ਨਾ ਰੱਬ ਨੂੰ ਮੰਨਦੇ ਹਨ ਨਾ ਆਤਮਾ ਨੂੰ। ਉਹ ਤਾਂ ਕਰਮਫਲ ਦੇ ਸਿਧਾਂਤ ਨੂੰ ਵੀ ਨਹੀਂ ਮੰਨਦੇ, ਇਥੋਂ ਤੱਕ ਕਿ ਉਹ ਤਾਂ ਦੂਸਰੇ ਜਨਮ ਨੂੰ ਵੀ ਨਹੀਂ ਮੰਨਦੇ। ਇਸ ਤਰ੍ਹਾਂ ਸਮਝਣ ਨਾਲ ਤਾਂ ਕਿਸੇ ਨੂੰ ਕੋਈ ਵੀ ਡਰ-ਭਉ ਨਹੀਂ ਰਹੇਗਾ ਤੇ ਹਰੇਕ ਮਨ-ਮਾਨੀਆਂ ਕਰਨ ਲਗੇਗਾ ਤੇ ਸਾਰੇ ਅਵਾਰਾ ਹੋ ਜਾਣਗੇ। ਇਸ ਤਰ੍ਹਾਂ ਹੋਣ ਨਾਲ ਸਮਾਜਕ ਜੀਵਨ ਦਾ ਕੀ ਬਣੇਗਾ?

ਨਿੰਦਿਆ ਕਰਨ ਵਾਲਿਆਂ ਦੀਆਂ ਉਪਰੋਕਤ ਨਿੰਦਾਵਾਂ ਤੋਂ ਅੰਦਾਜਾ ਲਗਾਇਆ ਜਾ ਸਕਦਾ ਕਿ ਚਾਰਵਾਕ ਵਾਲੇ ਮਨੁੱਖ ਨੂੰ ਸਮਝਾਉਂਦੇ ਹੋਣਗੇ;

3. ਚਾਰਵਾਕ ਦਰਸ਼ਨ ਅਨੁਸਾਰ ਪੁਜਾਰੀਆਂ ਵਲੋਂ ਪ੍ਰਚਾਰੇ ਜਾਂਦੇ ਆਤਮਾ, ਪਰਮਾਤਮਾ, ਭਟਕੀਆਂ ਰੂਹਾਂ, ਭੂਤ-ਪ੍ਰੇਤ, ਆਦਿ ਸਭ ਕੁਝ ਕਾਲਪਨਿਕ ਹਨ ਭਾਵ ਅਸਲੀਅਤ ਵਿੱਚ ਇਨ੍ਹਾਂ ਦੀ ਕੋਈ ਹੋਂਦ ਨਹੀਂ ਹੁੰਦੀ। ਇਹ ਦਿਸਦਾ ਸੰਸਾਰ ਹੀ ਅਸਲੀ ਸਚਾਈ ਹੈ। ਚਾਰਵਾਕ ਦਰਸ਼ਨ ਦ੍ਰਿੜ ਹੈ ਕਿ ਨਾ ਕੋਈ ਕਰਮਫਲ ਹੁੰਦਾ ਹੈ ਤੇ ਨਾਂ ਹੀ ਕੋਈ ਦੂਸਰਾ ਜਨਮ, ਇਸ ਵਾਸਤੇ ਚਾਰਵਾਕ ਦਰਸ਼ਨ ਮਨੁੱਖ ਨੂੰ ਸਮਝਾਉਂਦਾ ਹੈ ਕਿ ਇਹ ਜੀਵਨ ਹੀ ਉਸਦਾ ਅਸਲੀ ਜੀਵਨ ਹੈ। ਇਸ ਵਾਸਤੇ ਮਨੁੱਖ ਨੂੰ ਇਸੇ ਜੀਵਨ ਨੂੰ ਸੁਖੀ ਅਤੇ ਅਨੰਦਮਈ ਬਣਾਉਣ ਵਾਸਤੇ ਯਤਨ ਕਰਨਾ ਚਾਹੀਦਾ ਹੈ।

ਨਿੰਦਿਆ ਕਰਨ ਵਾਲਿਆਂ ਅਨੁਸਾਰ ਚਾਰਵਾਕ ਵਾਲੇ ਤਾਂ ਰਾਜੇ ਨੂੰ ਰੱਬ ਦਾ ਦੂਤ ਹੀ ਨਹੀਂ ਸਮਝਦੇ, ਜਿਸ ਨੂੰ ਰੱਬ ਨੇ ਲੋਕਾਂ ਨੂੰ ਕੰਟਰੋਲ ਕਰਕੇ ਰਾਜ ਭਾਗ ਨੂੰ ਸਹੀ ਢੰਗ ਨਾਲ ਚਲਾਉਣਾ ਹੁੰਦਾ ਹੈ। ਇਹ ਤਾਂ ਰਾਜੇ ਨੂੰ ਵੀ ਦੂਸਰੇ ਮਨੁਖਾਂ ਵਰਗਾ ਹੀ ਸਮਝਦੇ ਹਨ। ਇਸ ਤਰ੍ਹਾਂ ਕਰਨ ਨਾਲ ਤਾਂ ਸਾਰੇ ਪਾਸੇ ਹਫੜਾ-ਦਫੜੀ ਹੀ ਮੱਚ ਜਾਵੇਗੀ।

ਨਿੰਦਿਆ ਕਰਨ ਵਾਲਿਆਂ ਵਲੋਂ ਕੀਤੀ ਜਾਂਦੀ ਇਸ ਨਿੰਦਿਆ ਤੋਂ ਅੰਦਾਜਾ ਲਗਾਇਆ ਜਾ ਸਕਦਾ ਕਿ;

4. ਚਾਰਵਾਕ ਦਰਸ਼ਨ ਵਾਲੇ ਮਨੁੱਖ ਨੂੰ ਜਾਗ੍ਰਤ ਕਰਦੇ ਹੋਣਗੇ ਕਿ ਸਮੁੱਚੇ ਸਮਾਜ ਵਿਚ ਸ਼ਾਂਤੀ, ਸਦਭਾਵਨਾ, ਤੇ ਇਕਸੁਰਤਾ ਕਾਇਮ ਰੱਖਣ ਤੇ ਮਨੁੱਖਤਾ ਦੀ ਭਲਾਈ ਵਾਸਤੇ ਪ੍ਰਬੰਧਕ ਜਾਂ ਹਾਕਮ ਨਿਰਪੱਖ, ਸੰਵੇਦਨਸ਼ੀਲ, ਇਖਲਾਕੀ ਤੇ ਦ੍ਰਿੜ ਇਰਾਦੇ ਵਾਲੇ ਹੋਣ ਜੋ ਸਹੀ ਸਹੀ ਨਿਆਂ ਕਰਨ ਅਤੇ ਦੋਸ਼ੀ ਨੂੰ ਸਜਾ ਦੇਣ ਦੇ ਸਮਰਥ ਹੋਣ। ਜੇ ਹਾਕਮ ਨਿਆਂ ਪੂਰਵਕ ਨਹੀਂ ਰਹਿੰਦਾ ਤਾਂ ਸਮਾਜ ਅਜਿਹੇ ਹਾਕਮ ਨੂੰ ਬਦਲਣ ਵਾਸਤੇ ਯੋਗ ਤੇ ਦ੍ਰਿੜ ਸੰਕਲਪਿਤ ਹੋਣਾ ਚਾਹੀਦਾ ਹੈ।

ਇਸ ਦਰਸ਼ਨ ਬਾਰੇ ਵਿਦਵਾਨਾਂ ਦੇ ਵਿਖਿਆਨ ਸਪਸ਼ਟ ਕਰਦੇ ਹਨ ਕਿ ਚਾਰਵਾਕ ਦਰਸ਼ਨ ਦੇ ਕੋਈ ਵੀ ਗ੍ਰੰਥ ਜਾਂ ਲਿਖਤਾਂ ਉਪਲਭਤ ਨਹੀਂ ਹਨ, ਭਾਵ ਉਨ੍ਹਾਂ ਨੂੰ ਪੂਰੀ ਤਰ੍ਹਾਂ ਨਸ਼ਟ ਕਰ ਦਿੱਤਾ ਗਿਆ ਹੈ। ਮੇਰਾ ਆਪਣਾ ਖਿਆਲ ਹੈ ਕਿ ਕਿਸੇ ਵੀ ਲੋਕਾਂ ਵਿੱਚ ਪ੍ਰਚਲਤ ਦਰਸ਼ਨ ਦੀਆਂ ਲਿਖਤਾਂ ਨੂੰ ਪੂਰੀ ਤਰ੍ਹਾਂ ਖਤਮ ਨਹੀਂ ਕੀਤਾ ਜਾ ਸਕਦਾ। ਮੈਨੂੰ ਮਹਿਸੂਸ ਹੁੰਦਾ ਹੈ ਕਿ ਸ਼ਾਇਦ ਚਾਰਵਾਕ ਦਰਸ਼ਨ ਕਿਸੇ ਵੱਖਰੇ ਦਰਸ਼ਨ ਦੇ ਤੌਰ 'ਤੇ ਸ਼ੁਰੂ ਹੀ ਨਾ ਹੋਇਆ ਹੋਵੇ। ਮੇਰਾ ਇਹ ਖਿਆਲ ਮੇਰੇ ਤੇ ਹੋਰ ਭਾਰੂ ਹੁੰਦਾ ਜਾਪਦਾ ਹੈ ਜਦੋਂ ਕੁਝ ਵਿਦਵਾਨਾਂ ਵਲੋਂ ਇਸ ਦਰਸ਼ਨ ਦੀ ਸ਼ੁਰੂਆਤ ਬ੍ਰਹਿਸਪਤਿ ਦੇਵਤੇ ਵਲੋਂ ਕੀਤੀ ਗਈ ਦੱਸੀ ਜਾਂਦੀ ਹੈ। ਮੇਰੀ ਇਨ੍ਹਾਂ ਵਿਦਵਾਨਾਂ ਦੇ ਮੁਕਾਬਲੇ ਕੋਈ ਹੈਸੀਅਤ ਨਹੀਂ ਹੈ ਫਿਰ ਵੀ ਮੈ ਆਪਣੇ ਆਪਨੂੰ ਇਨ੍ਹਾਂ ਦੀ ਇਸ ਗੱਲ ਨਾਲ ਸਹਿਮਤ ਨਹੀਂ ਕਰ ਸਕਿਆ। ਕਿਉਂਕਿ ਚਾਰਵਾਕ ਦਰਸ਼ਨ ਤਾਂ ਕਿਸੇ ਕਾਲਪਨਿਕ ਦੇਵੀ-ਦੇਵਤੇ ਨੂੰ ਮੰਨਦਾ ਹੀ ਨਹੀਂ, ਫਿਰ ਇਸਨੂੰ ਕਿਸੇ ਦੇਵਤੇ ਵਲੋਂ ਸ਼ੁਰੂ ਹੋਇਆ ਕਿਵੇਂ ਮੰਨਣ 'ਚ' ਆ ਸਕਦਾ ਹੈ। ਇਸਤੋਂ ਬਿਨਾਂ ਭਾਰਤ ਤੋਂ ਬਾਹਰ ਸੰਸਾਰ ਦੇ ਸਾਰੇ ਭਾਗਾਂ ਵਿੱਚ ਅਨੇਕਾਂ ਅਜਿਹੇ ਮਹਾਂਪੁਰਸ਼ ਹੁੰਦੇ ਰਹੇ ਹਨ ਜਿਨ੍ਹਾਂ ਦੇ ਸੰਦੇਸ਼ ਚਾਰਵਾਕ ਨਾਲ ਮਿਲਦੇ-ਜੁਲਦੇ ਰਹੇ ਹਨ, ਪ੍ਰੰਤੂ ਇਨ੍ਹਾਂ ਨੂੰ ਕਿਸੇ ਦਰਸ਼ਨ ਨਾਲ ਨਹੀਂ ਜੋੜਿਆ ਜਾਂਦਾ। ਇਹ ਗੱਲ ਵੀ ਮੇਰੀ ਉਸ ਸੋਚ ਨੂੰ ਬਲ ਬਖਸ਼ਦੀ ਹੈ ਜਿਸ ਅਨੁਸਾਰ ਚਾਰਵਾਕ ਦਰਸ਼ਨ ਕਿਸੇ ਨੇ ਸ਼ੁਰੂ ਨਾ ਕੀਤਾ ਹੋਵੇ ਅਤੇ ਇਹ ਸਿਰਫ ਪੁਜਾਰੀਆਂ ਤੇ ਹਾਕਮਾਂ ਦੀ ਕੋਝੀ ਮਿਲੀਭੁਗਤ ਨਾਲ ਮਾਨਵਵਾਦੀ ਮਹਾਂਪੁਰਖਾਂ ਦੀ ਮਾਨਵਵਾਦੀ ਸੋਚ ਨੂੰ ਬਦਨਾਮ ਕਰਨ ਦਾ ਢੰਗ ਹੀ ਬਣਾਇਆ ਗਿਆ ਹੋਵੇ। ਇਸ ਲਈ ਮੈਨੂੰ ਇੰਝ ਲਗਦਾ ਹੈ ਤੇ ਮੇਰਾ ਯਕੀਨ ਵੀ ਹੈ ਕਿ ਚਾਰਵਾਕ ਦਰਸ਼ਨ ਭਾਵੇਂ ਇੱਕ ਵੱਖਰਾ ਦਰਸ਼ਨ ਨਾ ਵੀ ਹੋਵੇ, ਪ੍ਰੰਤੂ ਇਹ ਇੱਕ ਸੱਚੇ-ਸੁੱਚੇ ਧਰਮ ਦਾ ਮਜ਼ਬੂਤ ਅਧਾਰ ਜ਼ਰੂਰ ਹੈ।

ਇੱਕ ਸੱਚਾ ਸੁੱਚਾ-ਧਰਮ ਸਮੁੱਚੀ ਮਾਨਵਤਾ ਦੇ ਲਈ ਸਰਬ ਸਾਂਝਾ ਹੁੰਦਾ ਹੈ। ਅਸਲ ਵਿੱਚ ਇਹ ਇਕ ਸੱਚੇ-ਸੁੱਚੇ ਜਜ਼ਬੇ ਦਾ ਅਹਿਸਾਸ ਹੈ, ਜੋ ਸਮੁੱਚੀ ਦੁਨੀਆ ਦੇ ਹਰ ਮਨੁੱਖ ਵਿਚ ਜਮਾਂਦਰੂ ਹੁੰਦਾ ਹੈ। ਇਹ ਜਜ਼ਬਾ ਸਾਡੀ ਜ਼ਮੀਰ ਦੀ ਅਵਾਜ ਹੁੰਦਾ ਹੈ। ਇਸ ਅਨੁਸਾਰ ਧਰਮ ਇਕ ਅਜੇਹੀ ਜੀਵਨ-ਜਾਚ ਦਾ ਸੰਕਲਪ ਹੈ ਜੋ ਸਮੁੱਚੀ ਮਾਨਵਤਾ ਦੇ ਭਲੇ ਲਈ ਹੁੰਦਾ ਹੈ ਭਾਵ ਸੱਚ ਬੋਲਣਾ ਅਤੇ ਹਮੇਸ਼ਾਂ ਸੱਚੇ ਰਹਿਣਾ, ਕਿਸੇ ਦਾ ਹੱਕ ਨਾ ਮਾਰਨਾ, ਹਮੇਸ਼ਾਂ ਸਰਬਤ ਦਾ ਭਲਾ ਚਾਹੁਣਾ, ਨੇਕ ਕਮਾਈ ਕਰਨੀ, ਕਿਸੇ ਨਾਲ ਧੋਖਾ ਫਰੇਬ ਨਾ ਕਰਨਾ, ਹਰ ਇਕ ਨੂੰ ਬਰਾਬਰ ਸਮਝਦਿਆਂ ਭਿੰਨ-ਭੇਦ ਨਾ ਕਰਨਾ ਆਦਿ। ਇਸ ਤਰ੍ਹਾਂ ਦੇ ਜਜ਼ਬੇ ਵਾਸਤੇ ਮਨੁੱਖ ਦੀ ਨਸਲ, ਕੌਮ, ਦੇਸ, ਧਰਮ, ਮਜ਼ਬ, ਰੰਗ, ਲਿੰਗ, ਆਦਿ ਦਾ ਕੋਈ ਸਬੰਧ ਨਹੀਂ ਹੁੰਦਾ। ਇਥੋਂ ਤੱਕ ਕਿ ਉਸਦੇ ਰੱਬ ਦੀ ਹੋਂਦ ਵਿਚ ਵਿਸ਼ਵਾਸ ਰੱਖਣ ਜਾਂ ਨਾਂ ਰੱਖਣ ਨਾਲ ਵੀ ਇਸ ਜਜ਼ਬੇ ਤੇ ਕੋਈ ਪ੍ਰਭਾਵ ਨਹੀਂ ਪੈਂਦਾ। ਹਰ ਮਨੁੱਖ ਦੀ ਅੰਤਰ ਆਤਮਾ ਦੀ ਅਵਾਜ ਵਾਲਾ ਇਹ ਸੱਚਾ ਧਰਮ ਉਨੀਂ ਦੇਰ ਸਹੀ ਅਰਥਾਂ ਵਿਚ ਧਰਮ ਰਹਿੰਦਾ ਹੈ ਜਿੰਨੀ ਦੇਰ ਉਹ ਕਿਸੇ ਇਕ ਵਰਗ ਨਾਲ ਸਬੰਧਤ ਇਕ ਖਾਸ ਨਾਂ ਵਾਲੇ ਧਰਮ: ਜਿਵੇਂ ਈਸਾਈ, ਮੁਸਲਮਾਨ, ਹਿੰਦੂ , ਸਿੱਖ ਆਦਿ ਧਰਮ ਦਾ ਹਿੱਸਾ ਨਹੀਂ ਬਣ ਜਾਂਦਾ।

ਸਥਾਪਤ ਧਰਮ ਕਿਸੇ ਇਕ ਜਾਂ ਦੂਜੇ ਵਰਗ ਜਾਂ ਸੱਭਿਆਚਾਰ ਲਈ ਹੁੰਦਾ ਹੈ ਅਤੇ ਇਹ ਉਸ ਵਰਗ ਦੀ ਅੰਦਰੂਨੀ ਤੇ ਬਾਹਰੀ ਸ਼ੈਲੀ ਨੂੰ ਦਰਸਾਉਂਦਾ ਹੈ, ਜਿਵੇਂ ਉਸ ਸਥਾਪਤ ਧਰਮ ਦੇ ਪ੍ਰਾਣੀਆਂ ਨੇ ਕਿਵੇਂ ਰਹਿਣਾ ਹੈ, ਕੀ ਖਾਣਾ ਹੈ, ਕਿਸ ਤਰ੍ਹਾਂ ਦਾ ਪਹਿਰਾਵਾ ਕਰਨਾ ਹੈ, ਕਿਸ ਤਰ੍ਹਾਂ ਆਪਣੇ ਜੀਵਨ ਦੇ ਬਾਕੀ ਕਾਰ ਵਿਹਾਰ ਅਤੇ ਸੰਸਕਾਰ ਕਰਨੇ ਐ, ਕਿਸ ਤਰ੍ਹਾਂ ਆਪਣੇ ਇਸ਼ਟ ਦੀ ਪੂਜਾ ਅਰਚਨਾ ਕਰਨੀ ਹੈ, ਅਤੇ ਸਭ ਤੋਂ ਮਹਤੱਵਪੂਰਨ, ਕਿਸ ਤਰ੍ਹਾਂ ਬਾਕੀ ਸੰਸਾਰ ਨਾਲੋਂ ਆਪਣੀ ਵੱਖਰੀ ਹੋਂਦ ਬਣਾ ਕੇ ਰੱਖਣੀ ਹੈ। ਸੋ ਜਿਥੇ ਨਿਰੋਲ ਧਰਮ ਸਮੁੱਚੀ ਮਾਨਵਤਾ ਵਿਚ ਪ੍ਰੇਮ ਪਿਆਰ ਅਤੇ ਇਕਸੁਰਤਾ ਬਣਾ ਕੇ ਸਮੁੱਚੇ ਸੰਸਾਰ ਨੂੰ ਬੇਗ਼ਮਪੁਰਾ ਬਣਿਆ ਲੋਚਦਾ ਹੈ, ਉਥੇ ਸਥਾਪਤ ਧਰਮ ਮਾਨਵਤਾ ਨੂੰ ਧੜਿਆਂ ਵਿਚ ਵੰਡਦਾ ਹੈ। ਸਮੁੱਚੀ ਦੁਨੀਆਂ ਦੇ ਸਾਰੇ ਸਥਾਪਤ ਧਰਮਾਂ ਦੇ ਸਿਧਾਂਤ ਭਾਵੇਂ ਉਪਰੋਂ ਦੇਖਣ ਨੂੰ ਸੱਚੇ-ਸੁੱਚੇ ਧਰਮ ਵਾਲੇ ਹੀ ਲਗਦੇ ਐ, ਪਰ ਹਕੀਕਤ ਵਿਚ ਓਹ ਓਦਾਂ ਦੇ ਬਣ ਜਾਂਦੇ ਹੈ ਜਿਵੇਂ ਪੁਜਾਰੀ ਕਹਿੰਦਾ ਹੈ ਅਤੇ ਹੌਲੀ ਹੌਲੀ ਪੁਜਾਰੀ ਹੀ ਧਰਮ ਦਾ ਸੱਭ ਕੁੱਝ ਬਣ ਜਾਂਦਾ ਹੈ (ਪੁਜਾਰੀ ਦਾ ਨਾਂ ਕੋਈ ਵੀ ਹੋ ਸਕਦਾ ਹੈ ਜੋ ਸਥਾਪਤ ਧਰਮ ਦੇ ਅਨੁਸਾਰ ਬਦਲਦਾ ਰਹਿੰਦਾ ਹੈ) ਧਰਮ ਜਦੋਂ ਪੂਰੀ ਤਰ੍ਹਾਂ ਸਥਾਪਤ ਹੋ ਜਾਂਦਾ ਤਾਂ ਪੈਰੋਕਾਰ ਤੇ ਆਮ ਲੋਕ, ਜਿਨ੍ਹਾਂ ਵਾਸਤੇ ਮਹਾਂਪੁਰਖਾਂ ਨੇ ਕੁਰਬਾਨੀਆਂ ਕੀਤੀਆਂ ਹੁੰਦੀਆਂ ਐ, ਅਣਗੌਲੇ ਹੋ ਜਾਂਦੇ ਐ। ਇਸ ਤੋਂ ਵੀ ਅੱਗੇ ਜਦੋਂ ਮੌਕੇ ਦੀ ਹਕੂਮਤ ਦੀ ਮਿਲੀਭੁਗਤ ਨਾਲ, ਸਥਾਪਤ ਧਰਮ ਇਕ ਸੰਸਥਾਗਤ ਧਰਮ ਬਣ ਜਾਂਦਾ ਹੈ ਤਾਂ ਆਮ ਲੋਕ ਉਸ ਵਿਚੋਂ ਲਗਪਗ ਮਨਫ਼ੀ ਹੋ ਜਾਂਦੇ ਹੈ ਅਤੇ ਸੰਸਥਾਗਤ ਧਰਮ ਦੀ ਸਾਰੀ ਤਾਕਤ ਸਿਰਫ ਕੁਝ ਇਕ ਲੋਕਾਂ ਦੇ ਹੱਥ ਵਿਚ ਕੇਂਦਰਤ ਹੋ ਜਾਂਦੀ ਹੈ।

ਯੁਗਾਂ-ਯੁਗਾਂਤਰ੍ਹਾਂ ਤੋਂ ਵੱਖ ਵੱਖ ਧਰਮਾਂ ਦੇ ਪੁਜਾਰੀ ਇਸ ਸਮੁੱਚੇ ਸੰਸਾਰ ਦੀ ਪੈਦਾਇਸ਼ ਆਪੋ-ਆਪਣੇ ਕਾਲਪਨਿਕ ਰੱਬਾਂ ਦੁਆਰਾ ਕੀਤੀ ਹੋਈ ਦੱਸ ਕੇ ਅਤੇ ਅਨੇਕ ਕਾਲਪਨਿਕ ਦੈਵੀ ਸ਼ਕਤੀਆਂ ਦੇ ਖੌਫ ਦਿਖਾ ਕੇ ਲੋਕਾਂ ਨੂੰ ਅੰਧ-ਵਿਸ਼ਵਾਸਾਂ, ਫੋਕੇ ਵਹਿਮਾਂ-ਭਰਮਾਂ ਅਤੇ ਕਰਮਕਾਂਢਾਂ ਵਿੱਚ ਫਸਾ ਕੇ ਉਨ੍ਹਾਂ ਦੇ ਤਨ, ਮਨ ਤੇ ਧਨ ਦੀ ਲੁੱਟ ਕਰ ਕਰਦੇ ਰਹੇ ਹਨ। ਇਸ ਦੇ ਨਾਲ ਹੀ ਹਰ ਪੁਜਾਰੀ ਆਪੋ-ਆਪਣੇ ਧਰਮ ਨੂੰ ਸੱਭ ਤੋਂ ਸੱਚਾ-ਸੁੱਚਾ ਤੇ ਉੱਤਮ ਗਰਦਾਨ ਕੇ ਅਤੇ ਆਪੋ-ਆਪਣੇ ਪੈਰੋਕਾਰਾਂ ਨੂੰ ਦੂਸਰਿਆਂ ਤੋਂ ਆਪੋ-ਆਪਣੀ ਵੱਖਰੀ ਹੋਂਦ ਰੱਖ ਕੇ ਮਨੁੱਖਤਾ ਵਿੱਚ ਵੰਡੀਆਂ ਪਾਉਂਦੇ ਰਹੇ ਹਨ। ਮਨੁੱਖਤਾ ਵਿੱਚ ਇਹ ਵਖਰੇਵੇਂ ਬਹੁਤ ਵਾਰੀ ਖੂੰਨੀ ਝੜਪਾਂ ਦਾ ਕਾਰਨ ਵੀ ਬਣਦੇ ਰਹੇ ਹਨ। ਲੋਕਾਂ ਦੀ ਏਸ ਲੁੱਟ ਘਸੁੱਟ ਵਿੱਚ ਹਾਕਮ ਵੀ ਪੁਜਾਰੀਆਂ ਦਾ ਪੱਖ ਪੂਰਦੇ ਅਤੇ ਲੋੜ ਪੈਣ ਤੇ ਰਾਜਸੀ ਤਾਕਤ ਦੀ ਵਰਤੋਂ ਵੀ ਕਰਦੇ ਰਹੇ ਹਨ ਕਿਉਂਕਿ ਲੋਕਾਂ ਨੂੰ ਅੰਧਵਿਸ਼ਵਾਸਾਂ ਵਿੱਚ ਫਸਾਉਣਾ ਅਤੇ ਉਨ੍ਹਾਂ ਨੂੰ ਆਪਸ ਵਿੱਚ ਵੰਡ ਕੇ ਰੱਖਣਾ ਹਾਕਮਾਂ ਨੂੰ ਉਨ੍ਹਾਂ ਦੀ ਲੁੱਟ ਅਤੇ ਉਨ੍ਹਾਂ ਉੱਪਰ ਧੌਂਸ ਬਣਾ ਕੇ ਰੱਖਣ ਲਈ ਸਹਾਈ ਹੁੰਦਾ ਹੈ। ਆਮ ਜਨਤਾ ਦਾ ਇਸ ਦੂਹਰੀ ਮਾਰ ਨਾਲ ਜਿਉਣਾ ਦੁੱਭਰ ਹੋਣਾ ਕੁਦਰਤੀ ਗੱਲ ਹੈ। ਸਮੇਂ ਸਮੇਂ ਤੇ ਕਈ ਵਾਰੀ ਤਾਂ ਆਮ ਲੋਕਾਈ ਆਪਣੇ ਆਪ ਨੂੰ ਬੇ ਸਹਾਰਾ ਅਤੇ ਸਾਹ-ਸਤਹੀਣ ਹੋਈ ਹੀ ਸਮਝਦੀ ਹੈ। ਉਸ ਵਿੱਚ ਆਪਣੇ ਉੱਪਰ ਹੋ ਰਹੇ ਜ਼ੁਲਮੋਂ ਸਿਤਮ ਵਿਰੁੱਧ ਬੋਲਣ ਦੀ ਹਿੰਮਤ ਹੀ ਖਤਮ ਹੋ ਜਾਂਦੀ ਰਹੀ ਹੈ। ਅਜਿਹੇ ਮਹੌਲ ਵਿੱਚ, ਇਨ੍ਹਾਂ ਲੁਟੇਰਿਆਂ ਦੀ ਦੂਹਰੀ, ਧਾਰਮਿਕ ਤੇ ਹਾਕਮੀ, ਮਾਰ ਤੋਂ ਮੁਕਤੀ ਦਿਵਾਉਣ ਵਾਸਤੇ ਲੋਕਾਂ ਵਿੱਚ ਆਤਮ ਵਿਸ਼ਵਾਸ ਭਰਨ, ਉਨ੍ਹਾਂ ਵਿੱਚ ਭਰਾਤਰੀ ਭਾਵ ਪੈਦਾ ਕਰਨ ਅਤੇ ਉਨ੍ਹਾਂ ਨੂੰ ਕਾਲਪਨਿਕ ਦੈਵੀ ਸ਼ਕਤੀਆਂ ਦੇ ਖੌਫ ਤੋਂ ਮੁਕਤ ਕਰਵਾਉਣ ਵਾਸਤੇ ਮਾਨਵਵਾਦੀ ਫਿਲਾਸਫਰ ਪੈਦਾ ਹੁੰਦੇ ਰਹੇ ਹਨ, ਜਿਨ੍ਹਾਂ ਦੇ ਮੁੱਖ ਸਿਧਾਂਤ, ਉਦੇਸ਼ ਅਤੇ ਸਿਖਿਆਵਾਂ ਉਪਰੋਕਤ ਚਾਰਵਾਕ ਦਰਸ਼ਨ ਦੇ ਸਿਧਾਂਤਾਂ ਨਾਲ ਬਹੁਤ ਮੇਲ ਖਾਂਦੇ ਲਗਦੇ ਹਨ। ਜਿਵੇਂ ਕਿ ਇਹ ਫਿਲਾਸਫਰ ਆਪਣੇ ਸਮੇਂ ਦੇ ਪੁਜਾਰੀਆਂ (ਪੁਜਾਰੀ ਦਾ ਨਾਂ ਕੋਈ ਵੀ ਹੋ ਸਕਦਾ ਹੈ) ਵਲੋਂ ਅੰਧਵਿਸ਼ਵਾਸ ਫੈਲਾ ਕੇ ਮਨੁੱਖਤਾ ਦੀ ਲੁੱਟ ਕਰਨ ਅਤੇ ਉਨ੍ਹਾਂ ਵਿੱਚ ਵੰਡੀਆਂ ਪਾ ਕੇ ਭਰਾ ਮਾਰੂ ਜੰਗ ਕਰਾਉਣ ਆਦਿ ਨੂੰ ਜੱਗ ਜਾਹਰ ਕਰਕੇ ਸਹੀ ਤੇ ਸੱਚ ਦਾ ਮਾਰਗ ਦਰਸਾਉਂਦੇ ਰਹੇ ਹਨ। ਇਸ ਦੇ ਨਾਲ ਹੀ ਪੁਜਾਰੀਆਂ ਤੇ ਹਾਕਮਾਂ ਵਿੱਚ ਕੋਝੀ ਮਿਲੀਭੁਗਤ ਨੂੰ ਜਾਹਰ ਕਰਕੇ ਹਾਕਮਾਂ ਵਲੋਂ ਲੋਕਾਂ ਦੀ ਹੋ ਰਹੀ ਲੁੱਟ ਅਤੇ ਉਨ੍ਹਾਂ ਵਲੋਂ ਲੋਕਾਂ ਉਪਰ ਕੀਤੇ ਜਾ ਰਹੇ ਜ਼ੁਲਮੋਂ-ਸਿਤਮ ਨੰਗੇ ਕਰਕੇ ਮਨੁੱਖਤਾ ਨੂੰ ਹਰ ਤਰ੍ਹਾਂ ਦੀ ਬੇਇਨਸਾਫ਼ੀ ਵਿਰੁੱਧ ਖੜ੍ਹੇ ਹੋਣ ਲਈ ਆਤਮਵਿਸ਼ਵਾਸ਼ੀ ਬਣਾਉਣ ਦਾ ਹਰ ਸੰਭਵ ਯਤਨ ਕਰਦੇ ਰਹੇ ਹਨ। ਇਹ ਸਭ ਕੁਝ ਵੀ ਚਾਰਵਾਕ ਦਰਸ਼ਨ ਨਾਲ ਮੇਲ ਖਾਂਦਾ ਲਗਦਾ ਹੈ। ਹਾਕਮ ਤੇ ਪੁਜਾਰੀ ਲੋਕ ਵੀ ਇਨ੍ਹਾਂ ਮਹਾਂਪੁਰਖਾਂ ਦਾ ਵਿਰੋਧ ਉਸੇ ਤਰ੍ਹਾਂ ਕਰਦੇ ਰਹੇ ਹਨ ਜਿਸ ਤਰ੍ਹਾਂ ਉਹ ਚਾਰਵਾਕ ਦਾ ਕਰਦੇ ਐ ਅਤੇ ਬਦਨਾਮ ਕਰਨ ਵਾਸਤੇ ਕਹਿੰਦੇ ਹਨ ਕਿ ਇਹ ਲੋਕਾਂ ਨੂੰ ਕੰਮਚੋਰ, ਸੁਆਰਥੀ, ਨਾਸਤਿਕ, ਧਰਮ ਨੂੰ ਨਸ਼ਟ ਕਾਰਨ ਵਾਲੇ ਤੇ ਰਾਜਿਆਂ ਪ੍ਰਤੀ ਬੇਵਿਸ਼ਵਾਸੀ ਪੈਦਾ ਕਰਕੇ ਸਮਾਜ ਵਿੱਚ ਉਥਲ-ਪੁਥਲ ਪੈਦਾ ਕਰਨੀ ਚਾਹੁੰਦੇ ਹਨ।

ਇਹ ਇਕ ਸਚਾਈ ਹੈ ਕਿ ਸਮੁੱਚੇ ਸੰਸਾਰ ਦੇ ਮਹਾਂਪੁਰਖਾਂ ਨੇ ਕਦੇ ਵੀ ਕੋਈ ਸਥਾਪਤ ਧਰਮ ਸ਼ੁਰੂ ਨਹੀਂ ਕੀਤਾ, ਜਿਨ੍ਹਾਂ ਨਾਲ ਉਨ੍ਹਾਂ ਦਾ ਨਾਂ ਜੁੜਦਾ ਹੈ। ਵੱਖ ਵੱਖ ਸਥਾਪਤ ਧਰਮ ਤਾਂ ਉਨ੍ਹਾਂ ਮਹਾਂਪੁਰਖਾਂ ਦੇ ਇਸ ਸੰਸਾਰ ਤੋਂ ਚਲੇ ਜਾਣ ਤੋਂ ਸੈਂਕੜੇ ਸਾਲ ਮਗਰੋਂ ਹੋਂਦ ਵਿਚ ਆਏ। ਸਥਾਪਤ ਧਰਮਾਂ ਦੇ ਹੋਂਦ ਵਿੱਚ ਆਉਣ ਅਤੇ ਵਿਕਾਸ ਕਰਨ ਦੀ ਕਹਾਣੀ ਲਗਭਗ ਮਿਲਦੀ ਜੁਲਦੀ ਹੈ। ਇਸਨੂੰ ਸਮਝਣ ਵਾਸਤੇ ਅਸੀਂ ਪਿਛਲੇ ਸਮੇਂ ਦਾ ਇਤਿਹਾਸ ਦੇਖ ਸਕਦੇ ਹਾਂ। ਜਦੋਂ ਜਦੋਂ ਹਾਕਮਾਂ ਤੇ ਪੁਜਾਰੀਆਂ ਦੀ ਨਾਪਾਕ ਮਿਲੀਭੁਗਤ ਨਾਲ ਲੋਕਾਂ ਤੇ ਰਾਜਸੀ, ਧਾਰਮਿਕ, ਸਮਾਜਿਕ ਤੇ ਆਰਥਿਕ ਲੁੱਟ ਦੀ ਸਿਖਰ ਹੁੰਦੀ ਰਹੀ ਹੈ ਤਾਂ ਲੋਕਾਈ ਨੂੰ ਉਨ੍ਹਾਂ ਦੀ ਲੁੱਟ ਤੋਂ ਮੁਕਤੀ ਦਵਾਉਣ ਵਾਸਤੇ ਅਨੇਕਾਂ ਧਾਰਮਿਕ ਅਤੇ ਸਮਾਜ ਸੁਧਾਰਕ ਲਹਿਰਾਂ ਹੋਂਦ ਵਿੱਚ ਆਉਂਦੀਆਂ ਰਹੀਆਂ ਹਨ। ਪੁਜਾਰੀਆਂ ਤੇ ਹਾਕਮਾਂ ਵਲੋਂ ਪੂਰੀ ਮਿਲੀਭੁਗਤ ਨਾਲ ਧਰਮ ਤੇ ਸਮਾਜ ਵਿਰੋਧੀ ਪ੍ਰਚਾਰ ਕੇ ਇਨ੍ਹਾਂ ਲਹਿਰਾਂ ਨੂੰ ਖਤਮ ਕੀਤਾ ਜਾਂਦਾ ਰਿਹਾ ਹੈ। ਲਹਿਰਾਂ ਨੂੰ ਦਬਾਉਣ ਵਾਸਤੇ ਇਨ੍ਹਾਂ ਦੇ ਮੁਖੀਆਂ ਤੇ ਕਾਰਕੁਨਾਂ ਤੇ ਅਨੇਕਾਂ ਪ੍ਰਕਾਰ ਦੇ ਜ਼ੁਲਮ ਢਾਹ ਕੇ ਤੇ ਬਹੁਤੇ ਵਾਰ ਇਨ੍ਹਾਂ ਨੂੰ ਜਾਨੋਂ ਮਾਰਕੇ ਖਤਮ ਕਰਨ ਦੀ ਹਰ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ। ਫੇਰ ਵੀ ਹਾਕਮਾਂ ਅਤੇ ਪੁਜਾਰੀਆਂ ਦੇ ਇੰਤਹਾ ਜਬਰੋ ਜੁਲਮਾਂ ਦੇ ਬਾਵਜੂਦ ਕੁਝ ਇਕ ਲੋਕ ਲਹਿਰਾਂ ਆਪਣੇ ਲੋਕ ਪੱਖੀ ਅਤੇ ਸਪਸ਼ਟ ਸਿਧਾਂਤਾਂ ਕਰਕੇ ਐਨੀਆਂ ਪ੍ਰਚੰਡ ਹੋ ਜਾਂਦੀਆਂ ਰਹੀਆਂ, ਜੋ ਹਾਕਮਾਂ ਅਤੇ ਪੁਜਾਰੀਆਂ ਦੀਆਂ ਸਭ ਰੋਕਾਂ ਤੋੜ ਕੇ ਰਾਜ ਸੱਤਾ 'ਤੇ ਵੀ ਕਾਬਜ ਹੋ ਜਾਂਦੀਆਂ ਰਹੀਆਂ ਹਨ। ਪਿੱਛਲੇ ਸਮੇਂ ਦੌਰਾਨ ਆਏ ਅਜਿਹੇ ਇਨਕਲਾਬਾਂ ਨੇ ਪੁਜਾਰੀਆਂ ਅਤੇ ਹਾਕਮਾਂ ਦੇ ਨਾਪਾਕ ਗਠਜੋੜ ਪੂਰੀ ਤਰ੍ਹਾਂ ਤਬਾਹ ਕਰਨ ਦੇ ਨਾਲ ਨਾਲ ਰਾਜਨੀਤਕ, ਆਰਥਿਕ, ਅਤੇ ਸਮਾਜਕ ਖੇਤਰ੍ਹਾਂ ਵਿਚ ਅਨੇਕਾਂ ਇਨਕਲਾਬੀ ਤਬਦੀਲੀਆਂ ਲਿਆਂਦੀਆਂ ਹੋਣੀਆਂ ਨੇ, ਪਰ ਅਫਸੋਸ ਇਸ ਗੱਲ ਦਾ ਹੈ ਕਿ ਅਸਹਿ ਤੇ ਅਕਹਿ ਜੁਲਮ ਸਹਿ ਕੇ ਅਤੇ ਅਨੇਕਾਂ ਕੁਰਬਾਨੀਆਂ ਦੇ ਕੇ ਪ੍ਰਾਪਤ ਕੀਤੀਆਂ ਇਹ ਅਜਾਦੀਆਂ ਲੰਬਾ ਸਮਾਂ ਕਾਇਮ ਨਾ ਰਹਿ ਸਕੀਆਂ। ਰਾਜ ਸੱਤਾ 'ਤੇ ਕਬਜੇ ਤੋਂ ਸਿਰਫ਼ ਕੁਝ ਇਕ ਦਹਾਕਿਆਂ ਬਾਅਦ ਹੀ ਨਵੇਂ ਬਣੇ ਹਾਕਮਾਂ ਨੂੰ ਰਾਜ ਗੱਧੀ ਦੀ ਚਕਾਚੌਂਧ ਅਤੇ ਐਸ਼ੋ ਅਰਾਮ ਨੇ ਲੋਕ ਸੇਵਾ ਦੇ ਸੰਕਲਪ ਤੋਂ ਥਿੜਕਾ ਕੇ ਰਾਜਗੱਧੀ ਨੂੰ ਕਾਇਮ ਰੱਖਣ ਵੱਲ ਪ੍ਰੇਰਤ ਕਰ ਦਿੱਤਾ ਹੋਵੇਗਾ ਜਿਸ ਵਾਸਤੇ ਉਨ੍ਹਾਂ ਨੂੰ ਫੇਰ ਤੋਂ ਪੁਜਾਰੀਆਂ ਦੀ ਲੋੜ ਪਈ ਹੋਵੇਗੀ। ਇਸ ਤਰ੍ਹਾਂ ਪੁਰਾਣੇ ਧਰਮ ਦੇ ਪੁਜਾਰੀਆਂ ਅਤੇ ਉਸ ਵੇਲੇ ਦੇ ਹਾਕਮਾਂ ਦੇ ਨਾਪਾਕ ਗੱਠਜੋੜ ਦੇ ਵਿਰੋਧ ਵਿਚ ਆਏ ਇਹ ਇਨਕਲਾਬ ਨਵੇਂ ਹਾਕਮਾਂ ਅਤੇ ਨਵੇਂ ਪੁਜਾਰੀਆਂ ਦੀ ਮਿਲੀਭੁਗਤ ਨਾਲ ਹਰ ਵਾਰ ਇਕ ਨਵੇਂ ਨਾਂ ਵਾਲੇ ਨਵੇਂ ਸਥਾਪਤ ਧਰਮ ਦੇ ਹੋਂਦ ਵਿਚ ਆਉਣ ਦਾ ਸਬੱਬ ਬਣਦੇ ਰਹੇ ਲਗਦੇ ਹਨ।

ਜਦੋਂ ਇਕ ਵਾਰ ਨਵਾਂ ਧਰਮ ਸਥਾਪਤ ਹੋ ਗਿਆ, ਉਸ ਵਿੱਚ ਵੀ ਉਹ ਸਾਰੀਆਂ ਕੁਰੀਤੀਆਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਨੇ, ਜੋ ਉਸਤੋਂ ਪਹਿਲਾਂ ਵਾਲੇ ਧਰਮਾਂ ਵਿੱਚ ਮੌਜੂਦ ਹੁੰਦੀਆਂ ਨੇ। ਇਸ ਤਰ੍ਹਾਂ ਅੰਤ ਵਿੱਚ ਇਹ ਨਵਾਂ ਸਥਾਪਤ ਧਰਮ ਵੀ ਭ੍ਰਿਸ਼ਟ-ਕਰਮਾਂਕਾਂਡਾਂ ਦਾ ਰੂਪ ਧਾਰ ਲੈਂਦਾ ਹੈ। ਇਹ ਨਵਾਂ ਸਥਾਪਤ ਧਰਮ ਇਸਦੇ ਪੁਜਾਰੀਆਂ ਵਾਸਤੇ ਅੰਤਾਂ ਦੀ ਅੰਨ੍ਹੀ ਕਮਾਈ ਦਾ ਸੋਮਾਂ ਤਾਂ ਬਣਦਾ ਹੀ ਹੈ, ਹਾਕਮਾਂ ਵਾਸਤੇ ਵੀ ਲੋਕਾਂ ਨੂੰ ਕਾਬੂ ਵਿੱਚ ਰੱਖ ਕੇ ਲੁੱਟਣ ਅਤੇ ਕੁੱਟਣ ਦਾ ਵਧੀਆ ਅਤੇ ਸਸਤਾ ਹਥਿਆਰ ਸਾਬਤ ਹੁੰਦਾ ਹੈ। ਪੂਜਾ ਦੀ ਅੰਤਾਂ ਦੀ ਅੰਨੀ ਕਮਾਈ ਦੇ ਕਾਰਨ ਕਾਬਜ ਪੁਜਾਰੀਆਂ ਦਾ ਭ੍ਰਿਸ਼ਟ ਅਤੇ ਆਚਰਣਹੀਣ ਹੋ ਜਾਣਾ ਇਕ ਆਮ ਵਰਤਾਰਾ ਲਗਦਾ ਹੈ। ਉਨ੍ਹਾਂ ਦਾ ਠਾਠ-ਬਾਠ ਵਾਲਾ ਸ਼ਾਹੀ ਰਹਿਣ-ਸਹਿਣ ਦੂਜੇ ਪੁਜਾਰੀਆਂ ਨੂੰ ਲਲਚਾਉਂਦਾ ਹੈ। ਇਸ ਵਾਸਤੇ ਕਾਬਜ ਪੁਜਾਰੀਆਂ ਦੇ ਭ੍ਰਿਸ਼ਟ ਅਤੇ ਆਚਰਣਹੀਣ ਕਾਰਨਾਮੇ ਪ੍ਰਚਾਰ ਕੇ ਉਨ੍ਹਾਂ ਤੋਂ ਧਾਰਮਿਕ ਕੇਂਦਰਾਂ ਨੂੰ ਅਜਾਦ ਕਰਵਾਉਣ ਅਤੇ ਸੁਧਾਰਾਂ ਦੇ ਨਾਂ 'ਤੇ ਆਪਣਾ-ਆਪਣਾ ਕਬਜਾ ਕਰਨ ਦੇ ਮੁਕਾਬਲੇ ਚਲਦੇ ਹੈ, ਕਦੇ ਉਹ ਅੱਗੇ ਅਤੇ ਕਦੇ ਉਹ, ਭਾਵ ਪੁਜਾਰੀ ਬਦਲਦੇ ਰਹਿੰਦੇ ਐ। ਕੁੱਝ ਪੁਜਾਰੀ ਕਿਸਮ ਦੇ ਲੋਕ ਜੋ ਪਹਿਲਾਂ ਤੋਂ ਕਾਬਜ ਪੁਜਾਰੀਆਂ ਦਾ ਮੁਕਾਬਲਾ ਕਰਨ ਜੋਗੇ ਨਹੀਂ ਹੁੰਦੇ, ਉਹ ਆਪਣੇ ਆਪਣੇ ਫਿਰਕੇ ਜਾਂ ਸੰਸਥਾਂਵਾਂ ਬਣਾ ਕੇ ਕੰਮ ਚਲਾ ਲੈਂਦੇ ਹਨ। ਏਸ ਤਰ੍ਹਾਂ ਕਿਸੇ ਵੀ ਧਰਮ ਦੇ ਸਥਾਪਤ ਹੋਣ 'ਤੇ ਛੇਤੀ ਹੀ ਉਸਦੇ ਅਨੇਕਾਂ ਧੜੇ ਬਣ ਜਾਂਦੇ ਹਨ ਅਤੇ ਹਰ ਧੜਾ ਆਪਣੇ ਆਪ ਨੂੰ ਧਰਮ ਦਾ ਅਸਲੀ ਵਾਰਸ ਗਰਦਾਨਦਾ ਹੈ। ਸਥਾਪਤ ਧਰਮਾਂ ਦੀ ਅਖੌਤੀ ਪਵਿੱਤਰਤਾ ਬਰਕਰਾਰ ਰੱਖਣ ਅਤੇ ਸੁਧਾਰ ਲਿਆਉਣ ਦੇ ਨਾਂ 'ਤੇ ਅਣਗਿਣਤ ਕੁਰਬਾਨੀਆਂ ਤਾਂ ਆਮ ਲੋਕਾਂ ਨੂੰ ਦੇਣੀਆਂ ਪੈਂਦੀਆਂ ਹਨ, ਪਰ ਇਨ੍ਹਾਂ ਨਾਲ ਉਨ੍ਹਾਂ ਦੇ ਆਪਣੇ ਜੀਵਨ ਪੱਧਰ ਵਿੱਚ ਕੋਈ ਸੁਧਾਰ ਨਹੀਂ ਹੁੰਦਾ। ਉਹ ਤਾਂ ਸਗੋਂ, ਸਾਹਨਾਂ ਦੇ ਭੇੜ ਵਿੱਚ ਵਾੜਾਂ ਦੀ ਕੁਵਖਤੀ ਅਨੁਸਾਰ, ਸਿਰਫ ਬਲੀ ਦੇ ਬੱਕਰੇ ਹੀ ਬਣਦੇ ਰਹਿੰਦੇ ਹਨ।

ਉਪਰੋਕਤ ਚਰਚਾ ਅਨੁਸਾਰ ਮੇਰਾ ਇਹ ਮੰਨਣਾ ਹੈ ਕਿ ਚਾਹੇ ਚਾਰਵਾਕ ਦਰਸ਼ਨ ਅਸਲ ਵਿੱਚ ਕੋਈ ਦਰਸ਼ਨ ਹੈ ਜਾਂ ਨਹੀਂ, ਪ੍ਰੰਤੂ ਇਸ ਸਬੰਧੀ ਦੱਸੇ ਜਾਂਦੇ ਸਿਧਾਂਤ ਹਰ ਸੱਚੇ-ਸੁੱਚੇ ਧਰਮ ਦਾ ਆਧਾਰ ਜ਼ਰੂਰ ਹੈ। ਇਸੇ ਕਰਕੇ ਹਰ ਮਾਨਵਵਾਦੀ ਮਹਾਂਪੁਰਖ ਨੇ ਮਨੁੱਖਤਾ ਦੀ ਭਲਾਈ ਵਾਸਤੇ ਲਗਪਗ ਇਨ੍ਹਾਂ ਸਿਧਾਂਤਾਂ ਅਨੁਸਾਰ ਮਨੁੱਖਤਾ ਨੂੰ ਸਮਝਾਉਣ ਦਾ ਯਤਨ ਕੀਤਾ ਹੈ। ਇਹ ਗੱਲ ਵੀ ਠੀਕ ਹੈ ਕਿ ਕਾਫੀ ਵਿਦਵਾਨ ਮੇਰੀ ਇਸ ਧਾਰਨਾ ਨੂੰ ਸਹੀ ਨਹੀਂ ਮੰਨਦੇ। ਉਨ੍ਹਾਂ ਅਨੁਸਾਰ ਉਹ ਸਾਰੇ ਮਹਾਂਪੁਰਖ ਇੱਕ ਰੱਬ ਨੂੰ ਮੰਨਦੇ ਰਹੇ ਹਨ ਜਦੋਂ ਕਿ ਚਾਰਵਾਕ ਦਰਸ਼ਨ ਕਿਸੇ ਰੱਬ ਦੀ ਹੋਂਦ ਨੂੰ ਮੰਨਦਾ ਹੀ ਨਹੀਂ। ਇਨ੍ਹਾਂ ਵਿਦਵਾਨਾਂ ਦੀ ਵਿਦਵਤਾ ਦੇ ਮੁਕਾਬਲੇ ਮੇਰਾ ਗਿਆਨ ਬਹੁਤ ਥੋੜ੍ਹਾ ਹੈ ਫਿਰ ਭੀ ਮੇਰਾ ਮਨ ਨਹੀਂ ਮੰਨਦਾ ਕਿ ਉਸ ਵੇਲੇ ਦੇ ਪੁਜਾਰੀਆਂ ਤੇ ਹਾਕਮਾਂ ਦੁਆਰਾ ਰੱਬ ਅਤੇ ਹੋਰ ਕਾਲਪਨਿਕ ਸ਼ਕਤੀਆਂ ਦੀ ਵਰਤੋਂ ਕਰਕੇ ਮਨੁੱਖਤਾ ਤੇ ਅਸਿਹ ਤੇ ਅਕਿਹ ਜ਼ੁਲਮ ਹੁੰਦੇ ਵੇਖ ਕੇ ਕਿਸੇ ਮਾਨਵਵਾਦੀ ਮਹਾਂਪੁਰਖ ਨੇ ਕੋਈ ਨਵੀਆਂ ਕਾਲਪਨਿਕ ਸ਼ਕਤੀਆਂ ਦਾ ਸਕੰਲਪ ਕੀਤਾ ਹੋਵੇ।

ਅੰਤ ਵਿਚ ਕਹਿਣਾ ਚਾਹੁੰਦਾ ਹਾਂ ਕਿ ਚਰਵਾਕ ਨੂੰ ਇੱਕ ਪੁਰਾਣਾ ਅਤੇ ਅਣਗੌਲਿਆ ਦਰਸ਼ਨ ਨਾਂ ਸਮਝਿਆ ਜਾਵੇ, ਕਿਉਂਕਿ ਇਸ ਨਾਲ ਜੋੜੇ ਜਾਂਦੇ ਸਿਧਾਂਤ ਮਨੁੱਖਤਾ ਦੇ ਭਲੇ ਵਾਸਤੇ ਸਭ ਤੋਂ ਉੱਤਮ ਸਿਧਾਂਤ ਹਨ। ਇਨ੍ਹਾਂ ਲੋਕ ਪੱਖੀ ਸਿਧਾਂਤਾਂ ਕਰਕੇ ਹੀ ਇਸ ਦਰਸ਼ਨ ਨੂੰ ਲੋਕਾਇਤ ਭਾਵ ਲੋਕਾਂ ਵਾਸਤੇ ਦਰਸ਼ਨ ਵੀ ਕਿਹਾ ਜਾਂਦਾ ਹੈ। ਸੋ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਨੂੰ ਇਨ੍ਹਾਂ ਸਿਧਾਂਤਾਂ ਨੂੰ ਆਪਣੇ ਜੀਵਨ ਵਿਚ ਅਪਣਾਉਣਾ ਚਾਹੀਦਾ ਹੈ ਅਤੇ ਮਨੁੱਖਤਾ ਦੀ ਭਲਾਈ ਵਾਸਤੇ ਦੂਜਿਆਂ ਨੂੰ ਵੀ ਅਪਨਾਉਣ ਵਾਸਤੇ ਪ੍ਰੇਰਤ ਕਰਨਾ ਚਾਹੀਦਾ ਹੈ।

## ਨਾਕਾਮ ਟੱਕਰਾਂ




ਪਾਇਆਂ ਬਾਲਣ ਅੱਗ ਨਾ ਰੱਜਦੀ ਏ, ਇਹਦੀ ਤ੍ਰਿਖਾ ਨਾ ਬੁਝਾਈ, ਲੱਕੜਾਂ ਨੇ।
ਰੇਹ ਪਾਈ ਨਾ ਕਿਸੇ ਕੰਮ ਆਉਣੀ, ਕਿਹੜੇ ਬੋਹਲ ਨੇ ਭਰਨੇ, ਰੱਕੜਾਂ ਨੇ।
ਮੂੰਹ ਆਇਆ ਜੋ ਓਹੀ ਕਹਿ ਦਿੱਤਾ, ਦਿਲ ਆਇਆ ਸੋ ਲਿਖ ਦਿੱਤਾ, ਫੱਕਰਾਂ ਨੇ।
ਕਵਿਤਾ ਲਿਖਣੀ ਨਾ ਬੱਚੇ ਦੀ ਖੇਡ ਜਾਣੀਂ, ਇਹ ਮਾਰੀਆਂ ਨਾਕਾਮ ਨੇ, ਟੱਕਰਾਂ ਨੇ।

*–ਗੁਰਬਖਸ਼ ਸਿੰਘ 'ਨਾਕਾਮ'*
*+1 864 318 5500*

# ਟਾਟਾ ਕਿ ਤੱਤਾ?



ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਪਿਛਲੇ ਦਿਨੀਂ ਟਾਟਾ ਉਦਯੋਗ ਗਰੁੱਪ ਦੇ ਕਰਤਾ-ਧਰਤਾ ਰਤਨ ਟਾਟਾ ਦਾ ਦਿਹਾਂਤ ਹੋ ਗਿਆ। ਖੱਬੀ ਵਿਚਾਰਧਾਰਾ ਨਾਲ ਜੁੜੇ ਰਹਿਣ ਕਾਰਨ ਆਪਣੇ ਵੇਲਿਆਂ ਵਿਚ ਅਸੀਂ ਜਲੂਸਾਂ ਜਲਸਿਆਂ ਵਿਚ ਇਜਾਰੇਦਾਰੀ ਦੇ ਅਲੰਬਰਦਾਰ ਟਾਟਾ ਬਿਰਲਾ ਦੇ ਖ਼ਿਲਾਫ ਮੁਰਦਾਬਾਦ ਦੇ ਨਾਹਰੇ ਲਾਉਂਦੇ ਨਹੀਂ ਸਾਂ ਥੱਕਦੇ। ਪਰ ਜਿਉਂ ਹੀ ਅਦਾਨੀ ਅੰਬਾਨੀ ਨੇ ਦੋਵਾਂ ਨੂੰ ਇਜਾਰੇਦਾਰੀ ਦੀ ਦੌੜ ਵਿਚ ਬਹੁਤ ਪਛਾੜ ਦਿੱਤਾ ਅਤੇ ਕਾਰਪੋਰੇਟ ਸਰਮਾਏਦਾਰੀ ਅਗਲੇ ਪੜਾਅ 'ਤੇ ਪੁੱਜ ਗਈ ਤਾਂ ਟਾਟਾ ਬਿਰਲਾ ਦੇ ਨਾਂ ਲੋਕ ਨਜ਼ਰਾਂ ਵਿਚ ਧੁੰਦਲੇ ਪੈ ਗਏ। ਪਾਰਸੀ ਪੁਰਸ਼ਾਰਥ ਦੀਆਂ ਕਦਰਾਂ-ਕੀਮਤਾਂ ਨਾਲ ਪ੍ਰਣਾਏ ਟਾਟਾ ਪਰਿਵਾਰ ਦੇ ਮੈਂਬਰ ਬਹੁਤਾ ਲੋਕ ਰੋਹ ਦਾ ਸ਼ਿਕਾਰ ਨਹੀਂ ਬਣੇ। ਨਿੱਜੀ ਪੱਧਰ 'ਤੇ ਪਰਿਵਾਰ ਮੈਂਬਰ ਨਿਮਰਤਾ ਦੇ ਪੁੰਜ ਸਨ। ਹਥਲੀ ਪੋਸਟ ਵਿਚ ਅਸੀਂ ਇਸ ਗਰੁੱਪ ਦੇ ਉਦਯੋਗਕ ਤੰਤਰ ਦੀ ਗੱਲ ਨਹੀਂ ਕਰਨੀ ਤਾਂ ਵੀ ਵਿਸ਼ੇ ਨਾਲ ਸਬੰਧਤ ਕੁਝ ਪਰਿਵਾਰਕ ਪਿਛੋਕੜ ਦਾ ਵੇਰਵਾ ਦਰਕਾਰ ਹੈ।

ਟਾਟਾ ਪਰਿਵਾਰ ਦੇ ਵਡੇਰੇ ਪਾਰਸ (ਹੁਣ ਇਰਾਨ) ਵਿਚ ਅਗਨੀ-ਪੂਜ ਜ਼ਰਦੁਸਤ ਧਰਮ ਤੇ ਇਸੇ ਨਾਂ ਦੇ ਬਾਨੀ ਨਾਲ ਸਬੰਧ ਰੱਖਦੇ ਸਨ। ਮਧ ਯੁੱਗ ਵਿਚ ਪੱਛਮੀ ਏਸ਼ੀਆ ਵਿਚ ਅਰਬਾਂ ਨੇ ਇਸ ਖਿੱਤੇ ਵਿਚ ਇਸਲਾਮੀਕਰਣ ਦੀ ਹਿੰਸਕ ਹਨੇਰੀ ਝੁਲਾਈ ਤਾਂ ਫਾਰਸ (ਪਾਰਸ ਦਾ ਅਰਬੀਕਰਣ) ਬੁਰੀ ਤਰ੍ਹਾਂ ਇਸ ਦੀ ਲਪੇਟ ਵਿਚ ਆ ਗਿਆ। ਅਰਬੀ-ਇਸਲਾਮਿਕ ਹਾਕਮਾਂ ਤੇ ਫੌਜਾਂ ਵਲੋਂ ਅਗਨੀ-ਪੂਜਕਾਂ ਦਾ ਉਤਪੀੜਨ ਸ਼ੁਰੂ ਹੋਇਆ। ਬਹੁ-ਗਿਣਤੀ ਨੇ ਤਾਂ ਦਹਿਸ਼ਤ ਕਾਰਨ ਇਸਲਾਮ ਕਬੂਲ ਲਿਆ, ਕਈ ਮਾਰੇ ਗਏ, ਕੁਝ ਹਠੀ ਤੇ ਸਿਦਕੀ ਲੋਕ ਧਰਮ ਖਾਤਰ ਦੇਸ਼ ਛੱਡ ਕੇ ਹੋਰ ਦੇਸ਼ਾਂ, ਖਾਸ ਤੌਰ 'ਤੇ ਭਾਰਤ ਵਿਚ ਸ਼ਰਨ ਲਈ ਦੌੜੇ। ਭਾਰਤ ਵਿਚ ਉਹ ਅਜੋਕੇ ਗੁਜਰਾਤ-ਮਹਾਰਾਸ਼ਟਰ ਦੇ ਖੇਤਰ ਆਏ ਜੋ ਉਨ੍ਹਾਂ ਨੂੰ ਨਜ਼ਦੀਕ ਪੈਂਦਾ ਸੀ। ਉਹ ਪਹਿਲਾਂ ਸੰਜਾਣ ਨਾਂ ਦੇ ਸਥਾਨ 'ਤੇ ਆਏ ਜਿਥੋਂ ਦੇ ਰਾਜੇ ਨੇ ਇਨ੍ਹਾਂ ਸ਼ਰਨਾਰਥੀਆਂ ਨੂੰ ਪਨਾਹ ਦਿੱਤੀ। ਪਰਦੇਸਾਂ ਵਿਚ ਆ ਕੇ ਇਹ ਲੋਕ ਆਪਣੀ ਭਾਸ਼ਾ ਤੇ ਦੇਸ਼ ਦੇ ਪਿਛੋਕੜ ਕਾਰਨ ਪਾਰਸੀ ਅਖਵਾਏ ਕਿਉਂਕਿ ਉਦੋਂ ਇਰਾਨ ਪਾਰਸ ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਹੁਣ ਘੱਟੋ-ਘੱਟ ਭਾਰਤ ਵਿਚ ਪਾਰਸੀ ਸ਼ਬਦ ਜ਼ਰਦੁਸਤ ਧਰਮ ਦਾ ਸਮਾਨਅਰਥਕ ਸ਼ਬਦ ਬਣ ਗਿਆ ਹੈ।

ਪਾਰਸੀ ਰਵਾਂ ਰਵੀਂ ਭਾਰਤੀ ਸਭਿਅਤਾ ਵਿਚ ਰਚ-ਮਿਚ ਗਏ। ਉਨ੍ਹਾਂ ਵਲੋਂ ਬੋਲੀ ਜਾਂਦੀ ਭਾਸ਼ਾ ਫਾਰਸੀ ਰਲੀ ਗੁਜਰਾਤੀ ਨੂੰ ਵੀ ਪਾਰਸੀ ਕਿਹਾ ਜਾਣ ਲੱਗਾ। ਉਂਞ ਵੀ ਵਿਸ਼ਾਲ ਹਿੰਦ-ਯੂਰਪੀ ਸੰਸਕ੍ਰਿਤੀ ਤੇ ਭਾਸ਼ਾ ਦੇ ਵੰਸ਼ਜ ਹੋਣ ਕਾਰਨ ਹਿੰਦ ਇਰਾਨੀ ਸਾਂਝ ਹੈ ਭਾਵੇਂ ਇਹ ਦੋਨੋਂ ਵੀ ਇਕ ਸਮੇਂ ਵਿੱਖਰ ਗਏ। ਜ਼ਰਦੁਸਤ ਧਰਮ ਦੇ ਧਾਰਮਿਕ ਗ੍ਰੰਥ ਅਵੇਸਤਾ ਦੀ ਵੇਦਾਂ ਨਾਲ ਭਾਸ਼ਾਈ ਸਾਂਝ ਹੈ, ਦੋਨੋਂ ਅਗਨੀ ਪੂਜਕ ਵੀ ਹਨ। ਬਾਰ੍ਹਵੀਂ ਸਦੀ ਦੀ ਪਹਿਲੀ ਚੌਥਾਈ ਸਮੇਂ ਟਾਟਾ ਦੇ ਵਡੇਰੇ ਤੇ ਹੋਰ ਬਹੁਤ ਪਾਰਸੀ ਪਹਿਲਾਂ ਸੰਜਾਣ ਨਾਂ ਦੇ ਥਾਂ 'ਤੇ, ਫਿਰ ਅੱਜ ਜਾਣੇ ਜਾਂਦੇ ਨਵਸਾਰੀ ਨਗਰ ਵਿਚ ਵਸ ਗਏ। ਦੱਸਿਆ ਜਾਂਦਾ ਹੈ ਕਿ ਇਸ ਨਗਰ ਦਾ ਪਹਿਲਾ ਨਾਂ ਨਵਸਾਰਿਕਾ ਸੀ ਪਰ ਨਵੇਂ ਵਸੇ ਪਾਰਸੀਆਂ ਨੇ ਇਸ ਦਾ ਨਾਂ ਬਦਲ ਕੇ ਨਵਸਾਰੀ ਰੱਖ ਦਿੱਤਾ। ਉਹ ਆਪਣੀ ਸਰਜ਼ਮੀਨ ਵਿਚ ਸਾਰੀ ਨਾਂ ਦੇ ਸਥਾਨ 'ਤੇ ਰਹਿ ਚੁੱਕੇ ਸਨ ਇਸ ਲਈ ਉਸ ਦੀ ਸਿਮ੍ਰਤੀ ਕਾਇਮ ਰੱਖਣ ਲਈ ਉਨ੍ਹਾਂ ਨਵਸਾਰਿਕਾ ਨਾਂ ਵਿਚੋਂ 'ਸਾਰਿਕਾ' ਉਡਾ ਕੇ 'ਸਾਰੀ' ਭਰ ਦਿੱਤਾ। ਇਸ ਤਰ੍ਹਾਂ ਬਣੇ ਨਾਂ ਦਾ ਮਤਲਬ ਨਿਕਲਿਆ ਨਵਾਂ ਸਾਰੀ। ਦੁਨੀਆ ਭਰ ਦੇ ਪਰਵਾਸੀਆਂ ਨੂੰ ਜੇਕਰ ਦੂਜੇ ਥਾਂ 'ਤੇ ਜਾ ਕੇ ਨਵਾਂ ਨਗਰ ਖੇੜਾ ਵਸਾਉਣ ਦਾ ਮੌਕਾ ਮਿਲੇ ਤਾਂ ਉਹ ਅਕਸਰ ਅਜਿਹਾ ਹੀ ਕਰਦੇ ਹਨ। ਅਮਰੀਕਾ ਕੈਨੇਡਾ ਜਾਂ ਹੋਰ ਦੇਸ਼ਾਂ ਵਿਚ ਵਸੇ ਯੂਰਪੀਅਨਾਂ ਨੇ ਤਮਾਮ ਪਿੰਡਾਂ, ਕਸਬਿਆਂ, ਸ਼ਹਿਰਾਂ, ਗਲੀਆਂ ਆਦਿ ਦੇ ਨਾਂ ਆਪਣੇ ਦੇਸ਼ਾਂ ਵਾਲੇ ਹੀ ਰੱਖੇ ਹਨ। ਨਿਊ ਯਾਰਕ ਸ਼ਹਿਰ ਹੀ ਇਸ ਦੀ ਮਿਸਾਲ ਹੈ। ਇਹ ਪਹਿਲਾਂ ਡੱਚਾਂ ਦੀ ਬਸਤੀ ਹੁੰਦਾ ਸੀ ਤਾਂ ਉਨ੍ਹਾਂ ਇਸ ਦਾ ਨਾਂ ਰੱਖ ਦਿੱਤਾ ਨਿਊ ਨੀਦਰਲੈਂਡ, ਫਿਰ ਅੰਗਰੇਜ਼ਾਂ ਨੇ ਕਬਜ਼ਾ ਕੀਤਾ ਤਾਂ ਉਤਰੀ ਇੰਗਲੈਂਡ ਦੇ ਸ਼ਹਿਰ ਯਾਰਕ ਦੇ ਨਾਂ 'ਤੇ ਨਿਊ ਯਾਰਕ ਨਾਂ ਧਰ ਦਿੱਤਾ।

ਟਾਟਾ ਪਰਿਵਾਰ ਦੇ ਪੁਰਖੇ ਧਾਰਮਿਕ ਬਿਰਤੀ ਵਾਲੇ ਸਨ। ਉਹ ਬ੍ਰਾਹਮਣਾਂ ਵਾਂਗ ਜੱਦੀ-ਪੁਸ਼ਤੀ ਆਪਣੇ ਧਰਮ ਦੇ ਉਚਤਮ ਪੁਰੋਹਤ ਸਨ ਜਿਸ ਲਈ ਦਸਤੂਰ ਸ਼ਬਦ ਵਰਤਿਆ ਜਾਂਦਾ ਹੈ। ਉਨ੍ਹਾਂ ਅਗਨੀ ਮੰਦਿਰ ਬਣਾ ਕੇ ਦਸਤੂਰਪੁਣੇ ਦਾ ਕੰਮ ਜਾਰੀ ਰੱਖਿਆ ਭਾਵੇਂ ਬਾਅਦ ਵਿਚ ਕਾਰੋਬਾਰੀ ਵੀ ਬਣ ਗਏ। ਨਵਸਾਰੀ ਇੱਕ ਤਰ੍ਹਾਂ ਏਧਰ ਵੱਸ ਗਏ ਪਾਰਸੀਆਂ ਦਾ ਧਾਰਮਿਕ ਕੇਂਦਰ ਬਣ ਗਿਆ। ਜਿਸ ਇਲਾਕੇ ਵਿਚ ਜਮਸ਼ੈਦ ਜੀ ਦਾ ਜਨਮ ਹੋਇਆ, ਉਸ ਦਾ ਨਾਂ ਹੀ ਦਸਤੂਰਵਾਦ ਪੈ ਗਿਆ। ਦਸਤੂਰ ਸ਼ਬਦ ਨੂੰ ਫਾਰਸੀ ਭਾਸ਼ਾ ਦੇ ਦਸਤ+ਊਰ ਤੋਂ ਬਣਿਆ ਦੱਸਿਆ ਜਾਂਦਾ ਹੈ। ਦਸਤ ਦਾ ਅਰਥ ਹੈ ਹੱਥ ਜੋ ਸੰਸਕ੍ਰਿਤ ਵਲੋਂ ਹਸਤ (ਪੰਜਾਬੀ ਹੱਥ) ਦਾ ਸਜਾਤੀ ਹੈ ਤੇ ਊਰ ਦਾ ਮਤਲਬ ਹੈ ਮੁੱਕਾ। ਇਸ ਤਰ੍ਹਾਂ ਬਣੇ ਸ਼ਬਦ ਦਸਤੂਰ ਦਾ ਅਰਥ ਹੋਇਆ ਹੱਥ ਦਾ ਮੁੱਕਾ। ਸ਼ਾਇਦ ਇਹ ਸ਼ਬਦ ਮੁਢਲੇ ਤੌਰ 'ਤੇ ਅਧਿਕਾਰੀ, ਸ਼ਕਤੀਧਾਰਕ, ਸੱਤਾਧਾਰੀ ਦਾ ਪ੍ਰਤੀਕ ਹੋਵੇ। ਪੁਜਾਰੀ ਵਰਗ ਪਾਸ ਆਦੇਸ਼ ਦੇਣ ਦਾ ਅਧਿਕਾਰ ਹੁੰਦਾ ਹੈ। ਧਿਆਨ ਦਿਓ ਸਿੱਖ ਧਰਮ ਦੇ ਹੁਕਮਨਾਮੇ ਵੱਲ। ਸੋ ਦਸਤੂਰ ਦਾ ਮੁਢਲਾ ਭਾਵ ਹੋਇਆ ਪਰੰਪਰਾ ਦੀ ਸ਼ਕਤੀ ਜਿਸ ਤੋਂ ਮਨੁਖੀ ਜੀਵਨ ਸੇਧ ਲੈਂਦਾ ਹੈ। ਇਹ ਸ਼ਬਦ ਹੋਰ ਗੁਆਂਢੀ ਭਾਸ਼ਾਵਾਂ ਵਿਚ ਵੀ ਵਿਸਤ੍ਰਿਤ ਅਰਥ ਧਾਰਨ ਕਰਦਾ ਦਾਖਿਲ ਹੋ ਗਿਆ ਜੋ ਇਸ ਪ੍ਰਕਾਰ ਹਨ: ਪ੍ਰਥਾ, ਰਿਵਾਜ, ਤਰੀਕਾ, ਆਚਾਰ, ਆਦਤ, ਨਿਯਮ, ਸ਼ੈਲੀ, ਸੱਤਾਧਾਰੀ, ਫੀਸ, ਕਮਿਸ਼ਨ, ਵਿਧੀ, ਵਿਧਾਨ, ਕਾਨੂੰਨ, ਵਜ਼ੀਰ ਆਦਿ। ਪੰਜਾਬੀ ਵਿਚ ਇਹ ਅੱਜ ਕਲ੍ਹ ਰੀਤੀ, ਰਿਵਾਜ, ਪਰੰਪਰਾ, ਪ੍ਰਿਤ ਆਦਿ ਦੇ ਅਰਥਾਂ ਵਿਚ ਪ੍ਰਚਲਤ ਹੈ,

ਤੁਸੀਂ ਅਕਲ ਦੇ ਕੋਟ ਇਆਲ ਹੁੰਦੇ,
ਲੁਕਮਾਨ ਹਕੀਮ ਦਸਤੂਰ ਹੈ ਜੀ- ਵਾਰਿਸ ਸ਼ਾਹ।

ਪਾਰਸੀਆਂ ਵਿਚ ਹਿੰਦੂਆਂ ਵਾਂਗ ਕੋਈ ਜਾਤੀ-ਆਧਾਰਤ ਗੋਤ ਨਹੀਂ ਹੁੰਦੇ। ਪਰ ਭਾਰਤ ਵਿਚ ਆ ਕੇ ਉਨ੍ਹਾਂ ਜਿਹੜੇ ਉਪਨਾਮ ਅਪਣਾਏ ਉਹ ਸਾਨੂੰ ਬੜੇ ਹਾਸੋਹੀਣੇ ਲਗਦੇ ਹਨ। ਉਨ੍ਹਾਂ ਜਾਂ ਤਾਂ ਆਪਣੇ ਨਵੇ ਚੁਣੇ ਪੇਸ਼ੇ ਵਾਲੇ ਜਾਂ ਆਪਣੇ ਰਿਹਾਇਸ਼ੀ ਸਥਾਨ ਵਾਲੇ ਉਪਨਾਮ ਚੁਣੇ। ਬਹੁਤੀਆਂ ਹਾਲਤਾਂ ਵਿਚ ਦੂਸਰੇ ਲੋਕਾਂ ਨੇ ਉਨ੍ਹਾਂ ਲਈ ਇੱਕ ਤਰ੍ਹਾਂ ਛੇੜ ਵਾਂਙੂੰ ਅਜਿਹੇ ਉਪਨਾਮ ਬਖਸ਼ੇ। ਕੁਝ ਕੁ ਗਿਣਾਉਂਦੇ ਹਾਂ: ਮਿਸਤਰੀ, ਬਾਟਲੀਵਾਲਾ, ਘਾਸਵਾਲਾ, ਘੀਅਵਾਲਾ, ਦਾਰੂਵਾਲਾ, ਇੰਜਨੀਅਰ, ਡਾਕਟਰ, ਵਕੀਲ, ਮੁਨਸ਼ੀ, ਇਰਾਨੀ, ਸੂਰਤ, ਖੰਬਾਟਾ ਆਦਿ। ਇਹ ਤਾਂ ਸਪੱਸ਼ਟ ਹੈ ਕਿ ਜਿਸ ਉਦਯੋਗਕ ਘਰਾਣੇ ਦੀ ਅਸੀਂ ਗੱਲ ਕਰ ਰਹੇ ਹਾਂ ਉਨ੍ਹਾ ਦੇ ਵਡੇਰਿਆਂ ਨੇ ਆਪਣਾ ਉਪਨਾਮ ਟਾਟਾ ਰੱਖਿਆ ਹੋਵੇਗਾ। ਇਕ ਸੁਝਾਅ ਅਨੁਸਾਰ ਉਨ੍ਹਾਂ ਨੂੰ ਤਾਤਾ ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਗੁਜਰਾਤੀ ਵਿਚ ਤਾਤਾ ਦਾ ਇੱਕ ਮਤਲਬ ਪਿਤਾ ਹੁੰਦਾ ਹੈ ਤੇ ਲੋਕ ਉਨ੍ਹਾਂ ਨੂੰ ਪਿਤਾ ਸਮਾਨ ਸਮਝਦੇ ਸਨ। ਤਾਤਾ ਸ਼ਬਦ ਵਿਚ 'ਵਡੇਰੇ, ਸਤਿਕਾਰਯੋਗ' ਦਾ ਭਾਵ ਹੈ, ਪੰਜਾਬੀ ਤਾਇਆ, ਹਰਿਆਣਵੀ ਤਾਊ ਇਸੇ ਦੇ ਭੇਦ ਹਨ। ਹਰਪਾਲ ਪੰਨੂ ਹੁਰਾਂ ਦੀ ਜਾਣਕਾਰੀ ਅਨੁਸਾਰ ਆਇਰਨ ਸਟੀਲ ਕੰਪਨੀ ਦੀ ਨੀਂਹ ਰੱਖਣ ਵਾਲੇ ਜਮਸ਼ੇਦ ਜੀ ਨੌਸ਼ੈਰਵਾਂ (ਨੁਸਰਵਾਂਜੀ) ਦੇ ਮਜ਼ਦੂਰਾਂ ਨੇ ਦੇਖਿਆ ਕਿ ਜਮਸ਼ੇਦ ਜੀ ਕ੍ਰੋਧ ਵਿਚ ਨਹੀਂ ਸੀ ਆਉਂਦੇ ਬਲਕਿ ਮਿੱਠ ਬੋਲੜੇ ਸਨ ਇਸ ਲਈ ਉਨ੍ਹਾਂ ਇਹ ਸੋਚ ਕੇ ਕਿ ਮਾਲਕ ਨੂੰ ਨਜ਼ਰ ਨਾ ਲੱਗ ਜਾਵੇ, ਨਾਂ ਤੱਤਾ ਜੀ ਰੱਖ ਦਿੱਤਾ ਜਿਸ ਦਾ ਗੁਜਰਾਤੀ ਵਿਚ ਅਰਥ ਕੌੜੇ ਸੁਭਾਅ ਵਾਲਾ ਹੁੰਦਾ ਹੈ।

ਪਰ ਏਥੇ ਖੀਰ ਕੁਝ ਟੇਢੀ ਹੈ। ਕੁਝ ਹਵਾਲਿਆਂ ਤੋਂ ਹਾਸਿਲ ਕੀਤੀ ਮੇਰੀ ਜਾਣਕਾਰੀ ਵੱਖਰੀ ਹੈ। ਮੈਂ ਸਭ ਤੋਂ ਵਧ ਟਾਟਾ ਦੇ ਪੂਰਵਜਾਂ ਦੇ ਮੁਢਲੇ ਵਸੇਬੇ ਵਾਲੇ ਸ਼ਹਿਰ ਨਵਸਾਰੀ ਦੇ ਇੱਕ ਵਸਨੀਕ, ਜੋ ਧਰਮ ਵਜੋਂ ਵੀ ਖੁਦ ਪਾਰਸੀ ਹਨ, ਟਾਟਾ ਪਰਿਵਾਰ ਦੇ ਪਿਛੋਕੜ ਨੂੰ ਚੰਗੀ ਤਰ੍ਹਾਂ ਜਾਣਦੇ ਹਨ ਤੇ ਜੋ ਭਾਰਤ ਦੀ ਘੱਟ ਗਿਣਤੀ ਕਮਿਸ਼ਨ ਦੇ ਵਰਤਮਾਨ ਉਪ-ਚੇਅਰਮੈਨ ਹਨ, ਦੀ ਕਥਨੀ 'ਤੇ ਯਕੀਨ ਕਰਦਾ ਹਾਂ। ਉਨ੍ਹਾਂ ਦਾ ਨਾਂ ਹੈ ਕੇਰਸੀ ਕੈਖਸ਼ਰੂ ਦੇਬੂ। ਉਨ੍ਹਾਂ ਹਾਲੀਆ ਵਿਚ ਇਕ ਇੰਟਰਵਿਊ ਦੌਰਾਨ ਦੱਸਿਆ ਕਿ ਜਮਸ਼ੇਦ ਜੀ ਦੇ ਪਿਤਾ ਬੜੇ ਗਰਮ ਮਿਜਾਜ਼ ਦੇ ਸਨ। ਗਰਮ ਮਿਜਾਜ਼ੀ ਬੰਦਿਆਂ ਨੂੰ ਗੁਜਰਾਤੀ ਵਿਚ 'ਤਾਤਾ' ਕਿਹਾ ਜਾਂਦਾ ਹੈ ਇਸ ਲਈ ਲੋਕ ਉਨ੍ਹਾਂ ਨੂੰ ਤਾਤਾ ਕਹਿਣ ਲੱਗ ਪਏ ਤੇ ਏਹੀ ਉਨ੍ਹਾਂ ਦੀ ਅੱਲ ਪੈ ਗਈ ਜੋ ਟਾਟਾ ਪਰਿਵਾਰ ਨੇ ਖੁਸ਼ੀ ਖੁਸ਼ੀ ਕਬੂਲ ਲਈ। ਅੰਗਰੇਜ਼ੀ ਵਿਚ ਕਿਉਂਕਿ 'ਤ' ਧੁਨੀ ਨਹੀਂ ਹੈ ਇਸ ਲਈ ਤਾਤਾ ਨੂੰ **tata** ਲਿਖਿਆ ਜਾਣ ਲੱਗਾ ਜੋ ਅੱਜ ਤੱਕ ਪ੍ਰਚੱਲਤ ਹੈ। ਬਰਤਾਨਵੀ ਸ਼ਾਸਨ ਦੌਰਾਨ ਫਿਰੰਗੀਆਂ ਨੇ ਆਪਣੀ ਸੌਖ ਕਾਰਨ ਤੇ ਰੋਮਨ ਵਰਣਮਾਲਾ ਵਲੋਂ ਭਾਰਤੀ ਸ਼ਬਦਾਂ ਦੇ ਉਚਾਰਣ ਦਾ ਸਟੀਕ ਲਿਪੀ ਅੰਤਰ ਨਾ ਕਰ ਸਕਣ ਕਾਰਨ ਬਹੁਤ ਸਾਰੇ ਭਾਰਤੀ ਸਥਾਨਾਂ, ਵਿਅਕਤੀਆਂ ਅਤੇ ਵਸਤੂਆਂ ਦੇ ਨਾਂ ਹੋਰ ਦੇ ਹੋਰ ਹੋ ਗਏ। ਕੁਝ ਮਿਸਾਲਾਂ ਲੈਂਦੇ ਹਾਂ, ਵਿਅਕਤੀ ਨਾਂ: ਠਾਕੁਰ > ਟੈਗੋਰ, ਚਟੋਪਾਧਿਆਇ> ਚੈਟਰਜੀ, ਮੁਖੋਪਾਧਿਅਇ> ਮੁਖਰਜੀ, ਗੰਗੋਪਾਧਿਆਇ > ਗੰਗੂਲੀ। ਸਥਾਨ ਨਾਂ : ਪੁਡੂਚੇਰੀ>ਪਾਂਡੀਚਰੀ, ਕੋਲਕਾਤਾ> ਕੈਲਕਟਾ, ਤਿਰੂਵੰਤਪੁਰਮ> ਟਰੀਵੈਂਡਰਮ; ਦਿੱਲੀ > ਡੇਲਹੀ। ਇਨ੍ਹਾਂ ਵਿਚੋਂ ਕਈਆਂ ਦੀ ਤਾਂ ਵਾਪਸੀ ਹੋ ਗਈ ਜਾਂ ਕਰ ਲਈ ਗਈ ਹੈ। ਮਜ਼ੇ ਵਾਲੀ ਗੱਲ ਹੈ ਕਿ ਗੋਰਿਆਂ ਦੁਆਰਾ ਵਿਗਾੜੇ ਹੋਏ ਨਾਂ ਸਾਨੂੰ ਠੀਕ ਪ੍ਰਤੀਤ ਹੁੰਦੇ ਹਨ ਕਿਉਂਕਿ ਅਸੀਂ ਇਨ੍ਹਾਂ ਨਾਲ ਗਿੱਝ ਗਏ ਹਾਂ। ਨਾਲੇ ਸਾਹਿਬ ਜੋ ਤੁਹਾਨੂੰ ਪਿਆਰ ਨਾਲ ਆਖਣ ਓਹੀ ਸਿਰ ਮੱਥੇ!

ਅਸੀਂ ਮੁੜ ਤਾਤਾ ਸ਼ਬਦ 'ਤੇ ਆਉਂਦੇ ਹਾਂ। ਇਹ ਭਾਰੋਪੀ ਖਾਸੇ ਵਾਲਾ ਸ਼ਬਦ ਹੈ ਤੇ ਲਗਭਗ ਸਾਰੀਆਂ ਹਿੰਦ-ਇਰਾਨੀ ਭਾਸ਼ਾਵਾਂ ਵਿਚ ਇਨ੍ਹਾਂ ਹੀ ਅਰਥਾਂ ਵਿਚ ਤੇ ਕੁਝ ਧੁਨੀ ਦੇ ਫਰਕ ਨਾਲ ਇਸ ਦੇ ਭਾਈਬੰਦ ਮਿਲਦੇ ਹਨ। ਗਰਮ ਅਰਥਾਂ ਵਾਲਾ ਪੰਜਾਬੀ 'ਤੱਤਾ' ਇਸੇ ਦਾ ਭਰਾ ਹੈ ਜਿਸ ਦਾ ਲਾਖਣਿਕ ਅਰਥ ਗਰਮ ਸੁਭਾਅ ਵਾਲਾ ਵੀ ਹੈ। ਪੰਜਾਬੀ ਵਿਚ ਤਾਂ 'ਤੱਤਿਆ' ਸੰਬੋਧਨ ਵਜੋਂ ਨਿਹੋਰੇ ਨਾਲ ਵੀ ਬੋਲਿਆ ਜਾਂਦਾ ਹੈ, ਡਾਢੇ ਦੇ ਅਰਥਾਂ ਵਿਚ। ਇਸ ਦਾ ਪ੍ਰਾਕ੍ਰਿਤ ਰੂਪ ਹੈ ਤੱਤ। ਹੋਰ ਭਾਸ਼ਾਵਾਂ ਵਿਚ ਇਸ ਦੇ ਰੂਪ ਹਨ ਤੱਤ, ਤੈਂਤ, ਤੱਤੂ, ਤਾਤੋਤਾਤ। ਇਸ ਸ਼ਬਦ ਦੇ ਹੋਰ ਦੂਰ ਦਰਾਜ਼ ਪਸਾਰੇ ਦੀ ਗੱਲ ਕਿਸੇ ਹੋਰ ਵੇਲੇ।

ਲਗਦੇ ਹੱਥ ਇੱਕ ਹੋਰ ਅੰਗਰੇਜ਼ੀ ਜਾਪਦੇ ਸ਼ਬਦ ਦੀ ਗੱਲ ਕਰ ਲਈਏ, ਜਿਸ ਦਾ ਪਿਛੋਕੜ ਦੇਸੀ ਹੈ ਤੇ ਜਿਸ ਨੂੰ ਨਵੇਂ ਅਰਥ ਦੇਣ ਵਿਚ ਜਹਾਂਗੀਰ ਟਾਟਾ ਦਾ ਯੋਗਦਾਨ ਹੈ। ਇਹ ਅਸਲ ਵਿਚ ਸ਼ਬਦ ਨਹੀਂ ਇੱਕ ਭਾਰਤੀ ਕਾਸਮੈਟਿਕ ਬਰਾਂਡ ਦਾ ਨਾਂ ਹੈ। ਮੇਰਾ ਇਸ਼ਾਰਾ ਲੈਕਮੇ ਵੱਲ ਹੈ ਜਿਸ ਨੂੰ ਹਿੰਦੁਸਤਾਨ ਯੂਨੀਲੀਵਰਜ਼ ਬਣਾਉਂਦੀ ਹੈ। ਇਸ ਦਾ ਇਹ ਨਾਂ ਇੱਕ ਫਰਾਂਸੀਸੀ ਓਪੇਰਾ 'ਲੈਕਮੇ' ਦੇ ਨਾਂ ਤੋਂ ਪ੍ਰਭਾਵਤ ਹੋ ਕੇ ਪਿਆ। ਫਰਾਂਸੀਸੀ ਸ਼ਬਦ ਸੁੰਦਰਤਾ ਦੀ ਪੁੰਜ ਭਾਰਤੀ ਦੇਵੀ ਲਕਸ਼ਮੀ ਦਾ ਫਰਾਂਸੀਸੀ ਰੁਪਾਂਤਰ ਹੈ ਤੇ ਇਸ ਓਪੇਰੇ ਵਿਚ ਲਕਸ਼ਮੀ ਦੀ ਹੀ ਕਹਾਣੀ ਹੈ। ਲੈਕਮੇ ਬਰਾਂਡ ਟਾਟਾ ਆਇਲ ਮਿਲਜ਼ ਦੀ ਸਹਾਇਕ ਕੰਪਨੀ ਸੀ ਜਿਸ ਦਾ ਉਦੋਂ ਭਾਈਵਾਲ ਵੀ ਇੱਕ ਫਰਾਂਸੀਸੀ ਉਦਯੋਗਪਤੀ ਸੀ। ਉਦੋਂ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਇਸ ਗੱਲ 'ਤੇ ਚਿੰਤਤ ਸਨ ਕਿ ਭਾਰਤੀ ਇਸਤਰੀਆਂ ਬਦੇਸ਼ਾਂ ਤੋਂ ਸ਼ਿੰਗਾਰ ਸਮੱਗਰੀ ਮੰਗਵਾਉਦੀਆਂ ਹਨ ਜਿਸ ਨਾਲ ਭਾਰਤ ਦੀ ਬਹੁਤ ਸਾਰੀ ਕੀਮਤੀ ਬਦੇਸ਼ੀ ਮੁਦਰਾ ਖਰਚ ਹੁੰਦੀ ਹੈ। ਉਨ੍ਹਾਂ ਜਹਾਂਗੀਰ ਟਾਟਾ ਨੂੰ ਇਹ ਸਮੱਗਰੀ ਭਾਰਤ ਵਿਚ ਹੀ ਬਣਾਉਣ ਲਈ ਪਰੇਰਿਆ। 1952 ਵਿਚ ਜਦੋਂ ਇਹ ਸਹਾਇਕ ਕੰਪਨੀ ਹੋਂਦ ਵਿਚ ਆਈ ਤਾਂ ਇਸ ਦੇ ਫਰਾਂਸੀਸੀ ਭਾਈਵਾਲ ਨੇ ਇਸ ਦਾ ਲੈਕਮੇ ਨਾਂ ਸੁਝਾਇਆ ਜੋ ਮੰਨ ਲਿਆ ਗਿਆ। ਇਸ ਤਰ੍ਹਾਂ ਭਾਰਤੀ ਇਸਤਰੀਆਂ ਨੂੰ ਇੱਕ ਤਰ੍ਹਾਂ ਠੱਗਿਆ ਵੀ ਗਿਆ। ਉਨ੍ਹਾਂ ਨੂੰ ਲੈਕਮੇ ਸ਼ਬਦ ਤੋਂ ਲੱਗਾ ਕਿ ਉਹ ਕੋਈ ਫਰਾਂਸੀਸੀ ਸੁਰਖੀਆਂ ਮਸਕਾਰੇ ਖਰੀਦ ਰਹੀਆਂ ਹਨ!

## ਯੁਗ ਕਵੀ ਪ੍ਰੋਫੈਸਰ ਮੋਹਨ ਸਿੰਘ ਨੂੰ ਯਾਦ ਕਰਦਿਆਂ...

### ਮਾਂ

ਮਾਂ ਵਰਗਾ ਘਣ ਛਾਵਾਂ ਬੂਟਾ,
ਮੈਨੂੰ ਨਜ਼ਰ ਨਾ ਆਏ।
ਲੈ ਕੇ ਜਿਸ ਤੋਂ ਛਾਂ ਉਧਾਰੀ,
ਰੱਬ ਨੇ ਸੁਰਗ ਬਣਾਏ।
ਬਾਕੀ ਕੁੱਲ ਦੁਨੀਆ ਦੇ ਬੂਟੇ,
ਜੜ੍ਹ ਸੁਕਿਆ ਮੁਰਝਾਂਦੇ,
ਐਪਰ ਫੁੱਲਾਂ ਦੇ ਮੁਰਝਾਇਆ,
ਇਹ ਬੂਟਾ ਸੁੱਕ ਜਾਏ।

---

### ਕਵਿਤਾ

ਆਪਣੀ ਜ਼ਾਤ ਵਿਖਾਲਣ ਬਦਲੇ
ਰੱਬ ਨੇ ਹੁਸਨ ਬਣਾਇਆ।
ਵੇਖ ਹੁਸਨ ਦੇ ਤਿੱਖੇ ਜਲਵੇ
ਜ਼ੋਰ ਇਸ਼ਕ ਨੇ ਪਾਇਆ।
ਫੁਰਿਆ ਜਦੋਂ ਇਸ਼ਕ ਦਾ ਜਾਦੂ,
ਦਿਲ ਵਿੱਚ ਕੁੱਦੀ ਮਸਤੀ।
ਇਹ ਮਸਤੀ ਜਦ ਬੋਲ ਉਠੀ,
ਤਾਂ ਹੜ੍ਹ ਕਵਿਤਾ ਦਾ ਆਇਆ।

### ਸਾਵੇ ਪੱਤਰ

ਅਸੀਂ ਨਿਮਾਣੇ ਸਾਵੇ ਪੱਤਰ,
ਸਾਨੂੰ ਕੌਣ ਖਿਆਲੇ।
ਦੋ ਦਿਨ ਛਾਂ ਫੁੱਲਾਂ ਦੀ ਸੁੱਤੇ,
ਜਾਗੇ ਸਾਡੇ ਤਾਲੇ।
ਸੋਹਣੇ ਦੇ ਗੁਲਦਸਤੇ ਖ਼ਾਤਰ,
ਜਾਣ ਜਦੋਂ ਉਹ ਲੱਗੇ,
ਖਾ ਕੇ ਤਰਸ ਅਸਾਂ ਉੱਤੇ ਵੀ,
ਲੈ ਗਏ ਸਾਨੂੰ ਨਾਲੇ।

---

### ਰੱਬ

ਰੱਬ ਇੱਕ ਗੁੰਝਲਦਾਰ ਬੁਝਾਰਤ
ਰੱਬ ਇਕ ਗੋਰਖ ਧੰਦਾ।
ਖੋਲਣ ਲੱਗਿਆ ਪੇਚ ਏਸ ਦੇ
ਕਾਫ਼ਰ ਹੋ ਜਾਏ ਬੰਦਾ।
ਕਾਫ਼ਰ ਹੋਣੋਂ ਡਰ ਕੇ ਜੀਵੇਂ
ਖੋਜੋ ਮੂਲ ਨ ਖੁੰਝੀ।
ਲਾਈ ਲੱਗ ਮੋਮਨ ਦੇ ਕੋਲੋਂ
ਖੋਜੀ ਕਾਫ਼ਰ ਚੰਗਾ।

ਪਿਆਰ-ਪੰਧ ਚੰਨ ਪੁੰਨਿਆ ਤੱਕ
ਹੱਸ ਹੱਸ ਵਧੇ, ਫੇਰ ਘਟੇ ਤੇ ਰੋਵੇ।
ਅਧ ਖਿੜਿਆ ਫੁੱਲ ਕੋਈ ਨਾ ਛੇੜੇ
ਖਿੜੇ ਤਾਂ ਹਰ ਕੋਈ ਖੋਹਵੇ।
ਪੂਰੀ ਸ਼ੈ ਨੂੰ ਡਰ ਘਾਟੇ ਦਾ,
ਡਰ ਨਾ ਅੱਧੀ ਤਾਈਂ,
ਰੱਬਾ! ਪਿਆਰ ਮੇਰੇ ਦੀ ਮੰਜ਼ਲ
ਪੂਰੀ ਕਦੀ ਨਾ ਹੋਵੇ।

---

### ਝਨਾਂ

ਮੇਰੇ ਫੁੱਲ ਝਨਾਂ ਵਿੱਚ ਪਾਣੇ।
ਮੈਂ ਸ਼ਾਇਰ ਮੇਰੇ ਫੁੱਲ ਸੁਹਾਵੇ,
ਕਦਮ ਇਹਨਾਂ ਦੀ ਕੋਈ ਆਸ਼ਕ ਪਾਵੇ।
ਗੰਗਾ ਬਾਹਮਣੀ ਕੀ ਜਾਣੇ,
ਮੇਰੇ ਫੁੱਲ ਝਨਾਂ ਵਿੱਚ ਪਾਣੇ।
ਰੂਹਾਂ ਹੀਰ ਤੇ ਸੋਹਣੀ ਦੀਆਂ,
ਫਿਰਨ ਝਨਾਂ ਦੇ ਅੰਦਰ ਪਈਆਂ,
ਪੈਰ ਦੋਹਾਂ ਦੇ ਵਾਹਣੇ,
ਮੇਰੇ ਫੁੱਲ ਝਨਾਂ ਵਿਚ ਪਾਣੇ।



ਸੇਵਾ ਸਿੰਘ ਨੂਰਪੁਰੀ

## ਫ਼ਲਸਤੀਨ ਦੇਸ਼

ਇਨਸਾਨ ਤੜਫ਼ ਰਿਹਾ ਹੈ, ਜੰਗ ਦੀ ਭਰਮਾਰ ਹੈ।
ਪਰ ਫਿਰ ਭੀ ਜੰਗਬਾਜ਼, ਹਾਲੇ ਨਹੀਂ ਸ਼ਰਮਸਾਰ ਹੈ।

ਨਿੱਤ ਬੰਦੂਕਾਂ ਚੱਲਦੀਆਂ, ਅੰਬਰੋਂ ਬੰਬ ਵਰਸਦਾ ਹੈ।
ਪਿਆਰੇ ਜਿਨ੍ਹਾਂ ਦੇ ਵਿੱਛੜੇ, ਨੈਣੋਂ ਨੀਰ ਛਲਕਦਾ ਹੈ।

ਬੱਚੇ ਅਨਾਥ ਮਾਂ ਵਿਧਵਾ, ਪੁੱਛਦਾ ਨ ਕੋਈ ਹਾਲ ਹੈ।
ਤੱਕੀਏ ਵਿੱਚ ਫ਼ਲਸਤੀਨ, ਭੁੱਖਮਰੀ ਦਾ ਸਵਾਲ ਹੈ।

ਢੇਰਾਂ 'ਚੋਂ ਖਾਣਾ ਲੱਭ ਰਹੇ, ਫ੍ਰੋਲ ਰਹੇ ਨਿੱਕੇ ਬਾਲ ਹੈ,
ਮਾਂਵਾਂ ਦੀ ਛਾਤੀ ਸੁੱਕ ਗਈ, ਵਿਲਕ ਰਿਹਾ ਬਾਲ ਹੈ।

ਬੱਸ ਪਿੰਜਰ ਨੇ ਦਿਖ ਰਹੇ, ਝਪਕਦੇ ਅੱਖਾਂ ਲਾਲ ਹੈ।
ਰਹਿਮ ਕਰੋ ਜੰਗਾਂ ਵਾਲਿ"! ਮਨੁੱਖਤਾ ਬੇ-ਹਾਲ ਹੈ।

ਬਾਰੂਦ ਢਿੱਡ ਨਾ ਭਰੇ, ਸਗੋਂ ਕਰਦਾ ਬਦਹਾਲ ਹੈ।
ਕਾਫ਼ਰਾਂ ਨੂੰ ਤਰਸ ਨਹੀਂ, ਸਮੇਂ ਭੀ ਬਦਲੀ ਚਾਲ ਹੈ।

# ਚਿੱਤਰਕਾਰ ਕਿਰਪਾਲ ਸਿੰਘ ਅਤੇ ਇਤਿਹਾਸਕ ਚਿੱਤਰ




ਚਿੱਤਰਕਾਰ ਕਿਰਪਾਲ ਸਿੰਘ ਦਾ ਬਣਾਇਆ ਭਾਈ ਘਨੁੱਈਆ ਦਾ ਚਿੱਤਰ।

## ਕਲਾ ਪਰਿਕਰਮਾ

ਚਿੱਤਰਕਲਾ ਰੰਗਾਂ, ਲੀਕਾਂ, ਖਾਕਿਆਂ ਤੇ ਕੈਨਵਸ ਦੀ ਸੀਮਾ ਵਿਚ ਅਰਥ ਸੰਚਾਰ ਕਰਨ ਵਾਲਾ ਵਿਲੱਖਣ ਜਗਤ ਹੋਣ ਕਰ ਕੇ ਚਿੱਤਰਾਂ ਦੀ ਵਿਆਖਿਆ ਕਈ ਦ੍ਰਿਸ਼ਟੀਆਂ ਤੋਂ ਕੀਤੀ ਜਾਂਦੀ ਹੈ। ਪੰਜਾਬੀ ਵਿਚ ਇਹ ਕੰਮ ਕਰਨ ਦਾ ਮੁੱਢ ਉੱਘੇ ਕਵੀ ਜਗਤਾਰਜੀਤ ਸਿੰਘ ਨੇ ਬੰਨ੍ਹਿਆ ਹੈ। ਉਸ ਨੇ ਹੱਥਲੀ ਕਿਤਾਬ 'ਚਿੱਤਰਕਾਰ ਕਿਰਪਾਲ ਸਿੰਘ' (ਕੀਮਤ 350 ਰੁਪਏ; ਭੁਜੰਗੀ ਪ੍ਰਕਾਸ਼ਨ, ਸ੍ਰੀ ਅੰਮ੍ਰਿਤਸਰ) ਵਿਚ ਉੱਘੇ ਚਿੱਤਰਕਾਰ ਸ. ਕਿਰਪਾਲ ਸਿੰਘ ਦੇ ਇਤਿਹਾਸਕ ਚਿੱਤਰਾਂ ਦੀ ਵਿਆਖਿਆ ਸਮੁੱਚੇ ਰੂਪ ਵਿਚ ਕਰਨ ਦਾ ਯਤਨ ਕੀਤਾ ਹੈ।

**ਪਰਮਜੀਤ ਢੀਂਗਰਾ**
**ਫੋਨ: +91-94173-58120**

ਕਿਰਪਾਲ ਸਿੰਘ ਸਵੈ-ਸਿੱਖਿਅਤ ਚਿੱਤਰਕਾਰ ਸੀ। ਰੰਗਾਂ, ਚਿੱਤਰਕਲਾ ਦੀਆਂ ਬਾਰੀਕੀਆਂ ਬਾਰੇ ਉਸ ਨੂੰ ਕੋਈ ਤਕਨੀਕੀ ਜਾਣਕਾਰੀ ਨਹੀਂ ਸੀ ਪਰ ਉਸ ਨੂੰ ਇਤਿਹਾਸ ਦੇ ਪਿਛੋਕੜ ਵਿਚੋਂ ਦ੍ਰਿਸ਼ ਨੂੰ ਫਰੀਜ਼ ਕਰ ਕੇ ਚਿੱਤਰਨ ਵਿਚ ਮੁਹਾਰਤ ਹਾਸਲ ਸੀ। ਸਿੱਖ ਅਰਦਾਸ ਵਿਚ ਸ਼ਹੀਦੀ ਸਾਕਿਆਂ, ਪੁਰਖਿਆਂ ਤੇ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਸਮੂਰਤ ਰੂਪ ਵਿਚ ਚਿਤਰਨ ਦਾ ਉਪਰਾਲਾ ਕਿਰਪਾਲ ਸਿੰਘ ਨੇ ਕੀਤਾ ਹੈ ਜੋ ਕਿਸੇ ਹੋਰ ਚਿੱਤਰਕਾਰ ਦੇ ਹਿੱਸੇ ਨਹੀਂ ਆਇਆ। ਉਸ ਬਾਰੇ ਲੇਖਕ ਲਿਖਦਾ ਹੈ: 'ਚਿੱਤਰਕਾਰ ਕਿਰਪਾਲ ਸਿੰਘ ਦਾ ਕੰਮ ਵਿਲੱਖਣ ਹੈ ਕਿਉਂਕਿ ਉਹਦਾ ਵਿਸ਼ਾ, ਚੋਣ ਤੇ ਨਿਭਾਅ ਵਿਲੱਖਣ ਹੈ। ਚੋਣ ਪ੍ਰਤੀ ਉਹਦੀ ਇਕਾਗਰਤਾ ਇਸ ਨੂੰ ਗੂੜ੍ਹਾ ਕਰਦੀ ਹੈ। ਸਿੱਖ ਗੁਰੂਆਂ, ਗੁਰਸਿੱਖਾਂ, ਸ਼ਹੀਦਾਂ, ਯੋਧਿਆਂ ਪ੍ਰਤੀ ਉਹਦੇ ਮਨ ਵਿਚ ਅਕੀਦਤ ਹੈ। ਇਸ ਦੀ ਖੁਸ਼ਬੋ ਚਿੱਤਰ ਦੇਖਦਿਆਂ ਹੀ ਆ ਜਾਂਦੀ ਹੈ। ਇਹਦੇ ਇਲਾਵਾ ਦੇਸ਼-ਕਾਲ ਤੇ ਚਿੱਤਰ ਦੇ ਲੋੜੀਂਦੇ ਨੇਮਾਂ ਨੂੰ ਉਸਨੇ ਆਪਣੀਆਂ ਅੱਖਾਂ ਤੋਂ ਓਹਲੇ ਨਹੀਂ ਹੋਣ ਦਿੱਤਾ। ਉਸਨੇ ਛੋਟੇ ਕੈਨਵਸ ਤੋਂ ਲੈ ਕੇ ਅਤਿ ਵੱਡੇ ਕੈਨਵਸ ਉਪਰ ਕੰਮ ਕੀਤਾ ਹੈ।'




ਪੁਸਤਕ ਦਾ ਸਰਵਰਕ।



ਪੁਸਤਕ ਲੇਖਕ ਜਗਤਾਰਜੀਤ ਸਿੰਘ।

ਕਿਰਪਾਲ ਸਿੰਘ ਦੀ ਕਲਾ ਵਿਚ ਨਿਖਾਰ ਉਸ ਸਮੇਂ ਆਇਆ ਜਦੋਂ ਉਹਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਮਿਊਜ਼ੀਅਮ ਲਈ ਪ੍ਰਮੁੱਖ ਸ਼ਹੀਦਾਂ, ਯੋਧਿਆਂ, ਸਿੱਖਾਂ ਦੇ ਚਿੱਤਰ ਪੇਂਟ ਕਰਨ ਲਈ ਸੱਦਾ ਮਿਲਿਆ। ਨਵੰਬਰ 1962 ਵਿਚ ਉਸ ਨੇ ਅਲਵਿਦਾ ਕਹਿ ਦਿੱਤੀ।

ਕਿਰਪਾਲ ਸਿੰਘ ਦੇ ਕਿਰਦਾਰ ਤਤਕਾਲੀ ਵਾਤਾਵਰਨ ਵਿਚੋਂ ਨਹੀਂ ਉਪਜੇ ਸਗੋਂ ਉਹ ਇਤਿਹਾਸਕ ਖਾਸੇ ਵਾਲੇ ਹਨ। ਉਸ ਨੇ ਸਿੱਖ ਇਤਿਹਾਸ ਦੇ ਚਿਹਰਿਆਂ ਨੂੰ ਬੜੀ ਬਾਰੀਕੀ ਨਾਲ ਚਿਤਰਦਿਆਂ ਉਨ੍ਹਾਂ ਵਿਚ ਚੜ੍ਹਦੀ ਕਲਾ ਤੇ ਸਰਬੱਤ ਦੇ ਭਲੇ ਵਾਲੇ ਸੰਕਲਪ ਨੂੰ ਅਚੇਤ ਰੂਪ ਵਿਚ ਪੇਸ਼ ਕੀਤਾ ਹੈ।

ਲੇਖਕ ਦਾ ਕਥਨ ਹੈ: 'ਕਿਰਪਾਲ ਸਿੰਘ ਦੀ ਵੱਡੀ ਪ੍ਰਾਪਤੀ ਕਿਰਦਾਰਾਂ ਨੂੰ ਮੰਨਣਯੋਗ ਤੇ ਭਰੋਸੇਯੋਗ ਰੂਪ ਦੇਣਾ ਹੈ। ਉਹ ਕਿਰਦਾਰਾਂ ਨੂੰ ਇੱਕ-ਰੰਗੀ ਨਹੀਂ ਬਣਾਉਂਦਾ, ਨਾ ਹੀ ਉਨ੍ਹਾਂ ਨੂੰ ਪੂਜਣਯੋਗ ਬਣਾਉਂਦਾ ਹੈ। ਉਹਦੇ ਕਿਰਦਾਰ ਤਗੜੇ ਜੁੱਸੇ ਵਾਲੇ ਬਲਸ਼ਾਲੀ ਹਨ। ਉਹ ਕਿਸੇ ਵੀ ਉਮਰ ਦੇ ਹੋਣ, ਇਹ ਮਾਇਨੇ ਨਹੀਂ ਰੱਖਦਾ। ਨਾਮ ਤੇ ਯੁੱਧ ਦਾ ਅਭਿਆਸ ਵਿਅਕਤੀ ਨੂੰ ਬੇਨੇਮੀ, ਅਧਰਮੀ ਚਾਲਾਂ ਖ਼ਿਲਾਫ਼ ਖੜ੍ਹੇ ਹੋਣ ਦੀ ਹਿੰਮਤ ਦਿੰਦਾ ਹੈ। ਹੱਕ, ਸੱਚ ਤੇ ਸਵੈਮਾਣ ਲਈ ਲੜਨਾ, ਲੜ ਕੇ ਮਰਨ ਦੀ ਪਿਰਤ ਸਿੱਖ ਧਰਮ ਦਾ ਅਹਿਮ ਹਿੱਸਾ ਹੈ।'

ਕਿਰਪਾਲ ਸਿੰਘ ਦੀ ਕਲਾ ਦਾ ਇੱਕ ਹੋਰ ਨਿਵੇਕਲਾ ਪੱਖ ਹੈ ਕਿ ਉਹ ਬਿਰਤਾਂਤ ਦੇ ਉਸ ਮਹੱਤਵਪੂਰਨ ਪਲ ਨੂੰ ਚੁਣਦਾ ਹੈ ਜੋ ਸਭ ਤੋਂ ਪ੍ਰਭਾਵਸ਼ਾਲੀ ਹੋ ਸਕਦਾ ਹੈ।

ਕਿਰਪਾਲ ਸਿੰਘ ਨੇ ਬਹੁ-ਕਥਾ ਚਿੱਤਰਨ ਦੀ ਥਾਂ ਇੱਕ ਚਿੱਤਰ ਵਿਚ ਇੱਕ ਕਥਾ 'ਤੇ ਫੋਕਸ ਕੀਤਾ ਹੈ। ਉਸ ਨੇ ਦਰਸ਼ਕ ਦੀ ਚੇਤਨਾ ਵਿਚ ਪਹਿਲਾਂ ਤੋਂ ਹੀ ਮੌਜੂਦ ਇਤਿਹਾਸਕ ਕਥਾ ਦੇ ਕੁਝ ਉਭਾਰ ਪੇਸ਼ ਕਰਕੇ ਕੁਝ ਲੁਕਾ ਲਏ ਹਨ। ਇਹੀ ਕਲਾ ਦਾ ਕਮਾਲ ਹੈ।

ਇਸ ਕਿਤਾਬ ਵਿਚ ਭਾਈ ਘਨੁੱਈਆ, ਸਾਕਾ ਸਰਹਿੰਦ, ਭਾਈ ਮਨੀ ਸਿੰਘ, ਭਾਈ ਤਾਰੂ ਸਿੰਘ, ਬਾਬਾ ਦੀਪ ਸਿੰਘ, ਬਾਬਾ ਬੰਦਾ ਸਿੰਘ ਬਹਾਦਰ, ਭਾਈ ਸੁਬੇਗ ਸਿੰਘ, ਭਾਈ ਸ਼ਹਿਬਾਜ਼ ਸਿੰਘ, ਨਵਾਬ ਕਪੂਰ ਸਿੰਘ, ਜੱਸਾ ਸਿੰਘ ਆਹਲੂਵਾਲੀਆ, ਜੱਸਾ ਸਿੰਘ ਰਾਮਗੜ੍ਹੀਆ ਤੇ ਹਰੀ ਸਿੰਘ ਨਲਵਾ ਦੇ ਚਿੱਤਰਾਂ ਦਾ ਵਿਸ਼ਲੇਸ਼ਣ ਤੇ ਵਿਆਖਿਆ ਹੈ। ਸਮੁੱਚੇ ਰੂਪ ਵਿਚ ਇਹ ਸ਼ਾਨਦਾਰ ਕਿਤਾਬ ਹੈ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 2 ਨਵੰਬਰ 2024 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-662



*ਬਾਪੂ ਦੇ ਸਿਰ 'ਤੇ ਬਾਦਸ਼ਾਹੀ ਦੀ ਇਹੋ ਨਿਸ਼ਾਨੀ ਹੈ,*
*ਬੇਫ਼ਿਕਰ ਹੋ ਮੋਢੇ 'ਤੇ ਚੜ੍ਹਨਾ ਕਰਾਮਾਤ ਲਾਸਾਨੀ ਹੈ।*
*ਧੀਆਂ ਯਾਦ ਕਰਦੀਆਂ ਨੇ ਸਦਾ ਤਾ ਉਮਰ ਦੁਲਾਰ,*
*ਬੱਸ ਪਰੀਤ ਸੱਚੀ ਬੇਸ਼ੁਮਾਰ ਤੇ ਦੁਨੀਆਂ ਦੀਵਾਨੀ ਹੈ।*

*ਫੋਨ: 98784-69639*

### ਕੈਪਸ਼ਨ ਮੁਕਾਬਲਾ-660



ਲੈ ਆਇਆ ਸੀ ਛੋਲੂਏ ਦਾ ਰੁੱਗ
ਬਈ, ਪੈਸੇ ਚਾਰ ਬਣਾਵਾਂਗੇ।
ਕਈ ਦਿਨਾਂ ਤੋਂ ਭੁੱਖਾ ਹੈ ਸੀ
ਚੱਲ, ਕੁੱਝ ਤਾਂ ਭੁੱਖ ਮਿਟਾਵਾਂਗੇ।
ਥੱਕੇ ਟੁੱਟੇ ਦਾ ਵੱਸ ਨਾ ਚੱਲਿਆ
ਨੀਂਦਰ ਨੇ ਆ ਘੇਰਾ ਪਾਇਆ।
ਸੜਕ ਕਿਨਾਰੇ ਟੇਢਾ ਹੋ ਗਿਆ
'ਵਿਸ਼ਵ-ਗੁਰੁ' ਦਾ ਬੇਵੱਸ ਜਾਇਆ।
***-ਜਗਮੀਤ ਸਿੰਘ ਪੰਧੇਰ***

---

ਭਾਰਤ ਵਿਚ ਸੜਕਾਂ 'ਤੇ
ਰੁਲਦੀ ਜ਼ਿੰਗਦੀ
ਗਰੀਬਾਂ ਨਾਲ ਹੁੰਦੀ ਦਰਿੰਦਗੀ
ਕੋਈ ਕਹੇ ਨਸ਼ਿਆਂ ਦੇ ਲੋਰ ਵਿਚ
ਕੋਈ ਕਹੇ ਕਰਮਾਂ ਦਾ ਮਾਰਿਆ
ਪਰਉਪਕਾਰੀ ਵੀ ਬਹੁੜੇ ਨਾ ਕੋਈ
ਉਨ੍ਹਾਂ ਵੀ ਬੇਰੁਖ਼ੀ ਦਾ ਰੂਪ ਧਾਰਿਆ
ਰੱਬ ਰਾਖਾ ਮਜ਼ਲੂਮਾਂ ਦਾ
ਤਰਸ ਕਿਸੇ ਨਾ ਆਇਆ
ਵਿਚਾਰੇ ਨੇ ਕੀਤੀ
ਬਹੁਤ ਹਾਲ ਪਾਹਰਿਆ
***-ਅਮਰਜੀਤ ਸਿੰਘ ਤੂਰ***
***ਕੁਲਬੁਰਛਾਂ (ਪਟਿਆਲਾ)***

---

ਸ਼ਰਮ ਕਰੇ ਉਹ ਸ਼ਾਸ਼ਕ ਨਾ-ਅਹਿਲ,
ਨਿਰਦਈ ਬੁਰਾ ਜਿਸ ਦਾ
ਇਹ ਨਿਜ਼ਾਮ ਹੈ।
ਬਚਪਨ ਰੁਲ਼ੇ ਜਿੱਥੇ
ਕੱਖਾਂ ਦੀ ਨਿਆਈਂ,
ਉਸਦਾ ਹੋਣਾ ਕੀ ਭਲਾ ਅੰਜਾਮ ਹੈ।
ਕਲਮਾਂ ਕਿਤਾਬਾਂ ਦੀ ਥਾਏਂ ਦੁੱਖ ਭੁੱਖ,
ਝੱਲਣ ਨੂੰ ਜਿੱਥੇ ਪੀੜ ਵੀ ਅਨਾਮ ਹੈ।
ਬਾਲਪਨ ਜੋਬਨ ਜਿੱਥੇ ਡਿੱਕੇ ਡੋਲ਼ੇ ਖਾਵੇ,
ਬੁਢਾਪਾ ਵੀ ਖਾਂਦਾ
ਜਿੱਥੇ ਧੱਕੇ ਸ਼ਰੇਆਮ ਹੈ।
ਨਹੀਂ ਰਹਿਣਾ ਮੈਂ ਐਸੇ ਨਗਰ ਗ੍ਰਾਮ ਹੈ।
ਛੱਡ ਹੀ ਜਾਣਾ ਮੈਂ ਇਹ ਨਗਰ ਗ੍ਰਾਮ ਹੈ।
***-ਗੁਰਬਖਸ਼ ਸਿੰਘ 'ਨਾਕਾਮ'***
***+1 864 318 5500***

---

ਨੀਂਦ ਦੂਜਾ ਨਾਂ ਹੈ ਬੇਸੁਰਤੀ
ਪਤਾ ਹੀ ਨਹੀਂ ਜਦ
ਕਿੱਥੇ ਹੈ ਕਿੱਥੇ ਨਹੀਂ
ਨੀਂਦ ਬੜੀ ਜ਼ਰੂਰੀ ਤੰਦਰੁਸਤੀ ਲਈ
ਪਰ ਘੋੜੇ ਵੇਚ ਕੇ
ਨਾ ਸੋਇਆਂ ਜਾਵੇ
ਪਾਇਆ ਨੀਂਦ ਨੇ ਐਸੇ ਜੱਫਾ
ਸੁਰਤ ਬੁੱਧ ਹੀ ਕੋਈ ਨਹੀਂ
ਢਹਿ ਢੇਰੀ ਹੋ ਡਿੱਗਿਆ
ਰੜ੍ਹੇ ਮੈਦਾਨ ਹੱਡ ਰਗੜੇ
ਚੱਪਲ ਕਿਤੇ, ਸਿਰ, ਧੜ ਕਿਤੇ
ਲੋੜੋਂ ਵੱਧ ਥੱਕਿਆ ਹੀ
ਡਿੱਗਦਾ ਇੰਝ
ਉਪਰੋਂ ਦਿਨ ਦਾ ਵੇਲਾ
ਹਰ ਲੰਘਦਾ ਸਵਾਲ ਉਠਾਵੇ
ਸੁਫ਼ਨੇ ਵੀ ਤਦੇ ਆਉਂਦੇ
ਜਦ ਥੋੜ੍ਹਾ ਸੁੱਤ ਅਨੀਂਦਾ ਹੋਵੇ।
***-ਦਰਸ਼ਨ ਪਾਲ ਦੋਸਾਂਝ***

# ਅਮਰੀਕਾ ਦੇ ਹੱਥਾਂ 'ਤੇ ਲੱਗਾ ਖ਼ੂਨ

***ਅਮਰੀਕਾ ਵੱਲੋਂ ਇਕ ਸਾਬਕਾ ਭਾਰਤੀ ਅਧਿਕਾਰੀ ਅਤੇ ਕੈਨੇਡਾ ਵੱਲੋਂ ਭਾਰਤੀ ਸਫੀਰਾਂ ਖਿਲਾਫ ਕਾਰਵਾਈ ਨੇ ਸੰਸਾਰ ਸਿਆਸਤ ਵਿਚ ਤਰਥੱਲੀ ਮਚਾ ਦਿੱਤੀ ਹੈ। ਭਾਰਤ ਵਿਚ ਇਸ ਦਾ ਤਿੱਖਾ ਪ੍ਰਤੀਕਰਮ ਹੋਇਆ ਹੈ। ਇਹ ਸਭ ਜਯੋਤੀ ਮਲਹੋਤਰਾ ਅਤੇ ਸੰਜੇ ਬਾਰੂ ਦੇ ਇਨ੍ਹਾਂ ਲੇਖਾਂ ਤੋਂ ਸਪਸ਼ਟ ਹੈ।***

ਦੁਨੀਆ ਭਰ ਵਿਚ ਹੋਏ ਗ਼ੈਰ-ਸੰਵਿਧਾਨਕ ਤੇ ਗ਼ੈਰ-ਨਿਆਂਇਕ ਕਾਰਵਾਈਆਂ ਵਿਚ ਅਮਰੀਕਾ ਦੀ ਸ਼ਮੂਲੀਅਤ ਦੇ ਅਣਗਿਣਤ ਕਿੱਸੇ ਹਨ। ਸੰਨ 2001 'ਚ ਅਫਗਾਨਿਸਤਾਨ, 2003 'ਚ ਇਰਾਕ, 2014 ਵਿਚ ਸੀਰੀਆ ਅਤੇ ਸਾਲ 2015 ਵਿਚ ਲਿਬੀਆ 'ਚ ਹੋਏ ਕੁਝ ਹਮਲੇ। ਅਮਰੀਕੀ ਕਾਂਗਰਸ ਖੋਜ ਸੇਵਾ ਮੁਤਾਬਿਕ, 1991 ਵਿਚ ਸੋਵੀਅਤ ਸੰਘ ਦੇ ਟੁੱਟਣ ਤੇ ਠੰਢੀ ਜੰਗ ਖਤਮ ਹੋਣ ਤੋਂ ਲੈ ਕੇ 2022 ਤੱਕ ਅਮਰੀਕਾ ਨੇ 251 ਵਾਰ ਸੈਨਿਕ ਕਾਰਵਾਈ ਰਾਹੀਂ ਵੱਖ-ਵੱਖ ਥਾਈਂ ਦਖ਼ਲ ਦਿੱਤਾ ਹੈ।


ਜਦੋਂ ਅਮਰੀਕੀਆਂ ਨੇ ਇਰਾਕ 'ਤੇ ਬੰਬਾਰੀ ਕੀਤੀ ਤਾਂ ਮੈਸੋਪੋਟਾਮੀਆ ਦੀ ਪ੍ਰਾਚੀਨ ਸੱਭਿਅਤਾ ਦੇ ਅੰਸ਼ਾਂ ਦਾ ਵੱਡਾ ਨੁਕਸਾਨ ਹੋਇਆ ਪਰ ਕਿਸੇ

**ਜਯੋਤੀ ਮਲਹੋਤਰਾ**

ਨੇ ਇੱਕ ਸ਼ਬਦ ਤੱਕ ਵੀ ਨਹੀਂ ਕਿਹਾ। ਅਮਰੀਕੀ ਫ਼ੌਜ ਨੇ ਜਦੋਂ ਸੱਦਾਮ ਹੁਸੈਨ ਨੂੰ ਫੜਿਆ ਜੋ ਤਾਨਾਸ਼ਾਹ ਬੇਸ਼ੱਕ ਸੀ ਪਰ ਉਸ ਕੋਲ ਸਮੂਹਿਕ ਤਬਾਹੀ ਦਾ ਕੋਈ ਹਥਿਆਰ ਨਹੀਂ ਸੀ, ਉਦੋਂ ਵੀ ਪੱਛਮੀ ਸੰਸਾਰ ਚੁੱਪ-ਚਾਪ ਸਭ ਕੁਝ ਦੇਖਦਾ ਰਿਹਾ; ਤੇ ਜਦੋਂ ਤੱਕ ਅਮਰੀਕੀਆਂ ਨੇ 21 ਸਾਲ ਬਾਅਦ ਅਖ਼ੀਰ ਵਿਚ ਅਫ਼ਗਾਨਿਸਤਾਨ ਛੱਡਿਆ, ਇਹ ਕਬਾਇਲੀ ਢਾਂਚਾ ਤਬਾਹ ਕਰਨ ਵਿਚ ਸਫ਼ਲ ਹੋ ਚੁੱਕੇ ਸਨ ਤੇ ਨਾਲ ਹੀ ਸਿਆਸੀ ਆਗੂਆਂ 'ਚ ਵੀ ਰੱਸਾਕਸ਼ੀ ਸ਼ੁਰੂ ਹੋ ਚੁੱਕੀ ਸੀ ਜਿਸ ਦਾ ਨਤੀਜਾ ਤਾਲਿਬਾਨ ਦੇ ਮੁੜ ਜਥੇਬੰਦ ਹੋਣ ਦੇ ਰੂਪ ਵਿਚ ਨਿਕਲਿਆ ਅਤੇ ਉਹ ਮੁਲਕ 'ਤੇ ਕਾਬਜ਼ ਹੋ ਗਏ।

ਕੁਝ ਕਹਿਣਗੇ- ਖ਼ਾਸ ਤੌਰ 'ਤੇ ਅਜੋਕੇ ਢਾਕਾ ਵਿਚ ਬੈਠੇ ਬੰਗਲਾਦੇਸ਼ੀ- ਕਿ ਭਾਰਤ ਨੇ ਵੀ 1971 ਵਿਚ ਇਹੀ ਕੀਤਾ ਸੀ ਜੋ ਪਾਕਿਸਤਾਨ ਨੂੰ ਤੋੜਨ ਤੇ ਨਵਾਂ ਮੁਲਕ ਬਣਾਉਣ ਲਈ ਸੀ। ਹਾਂ ਬਿਲਕੁਲ, ਅਮਰੀਕੀਆਂ ਨੇ ਇਸ ਨੂੰ ਵੀ ਗ਼ਲਤ ਢੰਗ ਨਾਲ ਲਿਆ। ਲੇਖਕ ਗੈਰੀ ਬਾਸ ਦੀ ਕਿਤਾਬ 'ਦਿ ਬਲੱਡ ਟੈਲੀਗ੍ਰਾਮ' ਪੜ੍ਹੋ ਜੋ ਤੁਹਾਨੂੰ ਦੱਸੇਗੀ ਕਿ ਕਿਵੇਂ ਰਿਚਰਡ ਨਿਕਸਨ ਤੇ ਹੈਨਰੀ ਕਿਸਿੰਜਰ ਨੇ ਪਾਕਿਸਤਾਨੀ ਸੈਨਾ ਵੱਲੋਂ ਪੂਰਬੀ ਬੰਗਾਲੀਆਂ ਦੇ ਵਾਰ-ਵਾਰ ਕੀਤੇ ਜਾ ਰਹੇ ਕਤਲੇਆਮ ਦੀ ਆਲੋਚਨਾ ਕਰਨ ਤੋਂ ਮੂੰਹ ਮੋੜ ਲਿਆ ਸੀ (ਜਿੱਥੋਂ ਤੱਕ ਉਨ੍ਹਾਂ ਵੱਲੋਂ ਇੰਦਰਾ ਗਾਂਧੀ ਨੂੰ ਬਿਆਨਣ ਦਾ ਸਵਾਲ ਹੈ ਜਿਸ ਨੇ ਪੂਰਬੀ ਬੰਗਾਲੀ ਨੇਤਾਵਾਂ ਦੀ ਬੰਗਲਾਦੇਸ਼ ਬਣਾਉਣ ਵਿਚ ਮਦਦ ਕੀਤੀ, ਉਹ ਵੱਖਰੀ ਕਹਾਣੀ ਹੈ)।

ਇਸ ਲਈ ਜੇ ਇਸ ਹਫ਼ਤੇ ਕਿਸੇ ਨੂੰ ਇਹ ਦੇਖ ਕੇ ਹੈਰਾਨੀ ਹੋਈ ਕਿ ਕਿਵੇਂ ਅਮਰੀਕਾ ਨੇ ਬੇਹੱਦ ਕੁਚੱਜੇ ਢੰਗ ਨਾਲ ਭਾਰਤੀ ਖ਼ੁਫ਼ੀਆ ਅਧਿਕਾਰੀ ਵਿਕਾਸ ਯਾਦਵ ਨੂੰ ਮੁਕੱਦਮੇ 'ਚ ਮੁਲਜ਼ਮ ਬਣਾਇਆ ਹੈ ਤਾਂ ਇਸ 'ਚ ਜ਼ਿਆਦਾ ਹੈਰਾਨ ਹੋਣ ਵਾਲਾ ਕੁਝ ਨਹੀਂ ਹੈ। ਦੂਜੇ ਪਾਸੇ ਯਾਦਵ ਨੇ ਵੀ ਜਿਸ ਬੇਸੁਰੇ ਢੰਗ ਨਾਲ ਖਾਲਿਸਤਾਨ ਪੱਖੀ ਕਾਰਕੁਨ ਤੇ ਅਮਰੀਕੀ ਨਾਗਰਿਕ ਗੁਰਪਤਵੰਤ ਸਿੰਘ ਪੰਨੂ ਨੂੰ ਸਹਿ-ਸਾਜ਼ਿਸ਼ਕਰਤਾ ਰਾਹੀਂ ਭਾੜੇ 'ਤੇ ਬੰਦਾ ਲੈ ਕੇ ਮਾਰਨ ਦੀ ਕੋਸ਼ਿਸ਼ ਕੀਤੀ ਤੇ ਅੱਗੇ ਉਹ ਬੰਦਾ ਕਿਸੇ ਅਮਰੀਕੀ ਏਜੰਸੀ ਦਾ ਅੰਡਰਕਵਰ ਏਜੰਟ ਨਿਕਲਿਆ; ਇਸ 'ਤੇ ਵੀ ਕੋਈ ਬਹੁਤਾ ਹੈਰਾਨ ਹੋਣ ਦੀ ਲੋੜ ਨਹੀਂ ਹੈ, ਭਾਵੇਂ ਇਹ ਸਾਰਾ ਘਟਨਾਕ੍ਰਮ ਬੇਹੱਦ ਬੁਰੀ ਹਿੰਦੀ ਫਿਲਮ ਵਰਗਾ ਜਾਪਦਾ ਹੈ।




ਨਿਊਯਾਰਕ ਦੇ ਦੱਖਣੀ ਜ਼ਿਲ੍ਹੇ ਦੇ ਅਮਰੀਕੀ ਅਟਾਰਨੀ ਡੇਮੀਅਨ ਵਿਲੀਅਮਜ਼ ਨੇ ਵੀਰਵਾਰ ਅਦਾਲਤ ਵਿਚ ਦੋਸ਼ਾਂ ਦਾ ਖੁਲਾਸਾ ਕਰਦਿਆਂ ਸੁਣੋ ਕੀ ਕਿਹਾ: "ਇਸ ਕੇਸ ਨੂੰ ਉਨ੍ਹਾਂ ਸਾਰਿਆਂ ਲਈ ਚਿਤਾਵਨੀ ਬਣਾਈਏ ਜੋ ਅਮਰੀਕੀ ਨਾਗਰਿਕਾਂ ਨੂੰ ਨੁਕਸਾਨ ਪਹੁੰਚਾਉਣਾ ਤੇ ਚੁੱਪ ਕਰਾਉਣਾ ਚਾਹੁੰਦੇ ਹਨ: ਅਸੀਂ ਤੁਹਾਨੂੰ ਜਵਾਬਦੇਹ ਬਣਾਵਾਂਗੇ, ਚਾਹੇ ਤੁਸੀਂ ਜੋ ਵੀ ਹੋਵੋ ਤੇ ਜਿੱਥੇ ਵੀ ਹੋਵੋ।"

ਜਦ ਤੁਹਾਡੇ ਹੱਥਾਂ 'ਤੇ ਐਨਾ ਖ਼ੂਨ ਲੱਗਾ ਹੋਇਆ ਹੋਵੇ, ਜਿਵੇਂ ਅਮਰੀਕੀਆਂ ਦੇ ਲੱਗਾ ਹੈ, ਤੁਸੀਂ ਸੋਚੋਗੇ ਕਿ ਉਨ੍ਹਾਂ ਨੂੰ ਘੱਟੋ-ਘੱਟ ਚੁੱਪ ਰਹਿਣਾ ਚਾਹੀਦਾ ਹੈ। ਸਪੱਸ਼ਟ ਹੈ, ਅਮਰੀਕੀ ਤੰਤਰ ਵਿਚ ਨਿੰਦਾ ਜਾਂ ਸ਼ਰਮਿੰਦਗੀ ਲਈ ਕੋਈ ਥਾਂ ਨਹੀਂ ਹੈ, ਉਦੋਂ ਵੀ ਜਦੋਂ ਡੋਨਲਡ ਟਰੰਪ ਅਤੇ ਕਮਲਾ ਹੈਰਿਸ ਦਰਮਿਆਨ 'ਕਰੋ ਜਾਂ ਮਰੋ' ਵਾਲੀ ਰਾਸ਼ਟਰਪਤੀ ਚੋਣ ਲੜੀ ਜਾ ਰਹੀ ਹੈ।

ਸਚਾਈ ਇਹ ਹੈ ਕਿ ਡੈਮੋਕਰੈਟਿਕ ਪ੍ਰਸ਼ਾਸਨ ਰਵਾਇਤੀ ਤੌਰ 'ਤੇ ਭਾਰਤ ਨਾਲ ਰਿਪਬਲਿਕਨਾਂ ਨਾਲੋਂ ਵੱਧ ਸਖ਼ਤੀ ਵਰਤਦਾ ਰਿਹਾ ਹੈ- ਸ਼ਾਇਦ ਰਿਪਬਲਿਕਨ ਮਨੁੱਖੀ ਅਧਿਕਾਰਾਂ ਦੀ ਜ਼ਿਆਦਾ ਪਰਵਾਹ ਨਹੀਂ ਕਰਦੇ ਤੇ ਇਸ ਦੀ ਥਾਂ ਆਪਣੇ ਤੇ ਅਮਰੀਕੀਆਂ ਲਈ ਹੋਰ ਪੈਸਾ ਕਮਾਉਣ ਨੂੰ ਪਹਿਲ ਦਿੰਦੇ ਹਨ ਜੋ ਚੀਨੀਆਂ ਨੂੰ ਪੂਰੀ ਤਰ੍ਹਾਂ ਰਾਸ ਆਉਂਦਾ ਹੈ। ਤੁਸੀਂ ਸੋਚਦੇ ਹੋਵੋਗੇ ਕਿ ਜੋਅ ਬਾਇਡਨ, ਐਂਟਨੀ ਬਲਿੰਕਨ ਤੇ ਜੇਕ ਸੁਲੀਵਨ ਖਾਲਿਸਤਾਨੀ ਕਾਰਕੁਨ ਕਹਾਉਣ ਵਾਲੇ ਕਿਸੇ ਬੰਦੇ ਨੂੰ ਭਾਰਤ-ਅਮਰੀਕਾ ਦੇ ਰਿਸ਼ਤਿਆਂ ਦਾ ਕੇਂਦਰ ਬਿੰਦੂ ਬਣਾਉਣ ਨਾਲੋਂ ਕੋਈ ਹੋਰ ਚੰਗਾ ਕੰਮ ਨਹੀਂ ਸੀ ਕਰ ਸਕਦੇ। ਹੈਰਾਨ-ਪ੍ਰੇਸ਼ਾਨ ਭਾਰਤੀ ਇਹ ਸਵਾਲ ਪੁੱਛਣੋਂ ਰਹਿ ਨਾ ਸਕੇ: ਅਮਰੀਕਾ ਨੂੰ ਭਾਰਤੀ ਮੂਲ ਦੇ ਉਨ੍ਹਾਂ ਅਮਰੀਕੀ ਨਾਗਰਿਕਾਂ ਤੋਂ ਕੋਈ ਤਕਲੀਫ਼ ਨਹੀਂ ਜੋ ਖਾਲਿਸਤਾਨ ਬਣਾਉਣ ਦੀ ਮੰਗ 'ਤੇ ਭਾਰਤ ਨੂੰ ਤੋੜਨ 'ਤੇ ਅੜੇ ਹਨ?

ਕੁਝ ਕਹਿ ਰਹੇ ਹਨ ਕਿ ਬਾਇਡਨ-ਬਲਿੰਕਨ-ਸੁਲੀਵਨ ਦੀ ਤਿਕੜੀ ਕੈਨੇਡਾ ਦੇ ਜਸਟਿਨ ਟਰੂਡੋ ਨੂੰ ਭਾਰਤ ਸਰਕਾਰ ਦੀ ਜਨਤਕ ਤੌਰ 'ਤੇ ਆਲੋਚਨਾ ਥੋੜ੍ਹੀ ਘੱਟ ਕਰਨ ਲਈ ਕਹਿ ਰਹੀ ਹੈ। ਇਹ ਵੀ ਮਜ਼ਾਕ ਹੀ ਹੈ। ਏਅਰ ਇੰਡੀਆ ਦੀ 'ਕਨਿਸ਼ਕ' ਉਡਾਣ ਯਾਦ ਹੈ ਜੋ 23 ਜੂਨ 1985 ਨੂੰ ਬੰਬ ਨਾਲ ਉਡਾ ਦਿੱਤੀ ਗਈ ਸੀ ਤੇ 329 ਮੌਤਾਂ ਹੋਈਆਂ ਸਨ ਜਿਨ੍ਹਾਂ 'ਚ ਬਹੁਤੇ ਭਾਰਤੀ ਮੂਲ ਦੇ ਕੈਨੇਡੀਅਨ ਨਾਗਰਿਕ ਸਨ? ਜ਼ਿਕਰਯੋਗ ਢੰਗ ਨਾਲ ਕੈਨੇਡਾ ਦੀ ਮਸ਼ਹੂਰ ਪੁਲੀਸ ਜਾਂਚ ਏਜੰਸੀ 'ਰੌਇਲ ਕੈਨੇਡੀਅਨ ਮਾਊਂਟਿਡ ਪੁਲੀਸ ਨੂੰ ਇਸ ਦਹਿਸ਼ਤੀ ਕਾਰੇ ਲਈ ਦੋ 'ਖਾਲਿਸਤਾਨ' ਪੱਖੀ ਸਿੱਖਾਂ ਨੂੰ ਗ੍ਰਿਫ਼ਤਾਰ ਕਰਨ ਲਈ 15 ਸਾਲਾਂ ਤੋਂ ਵੱਧ ਦਾ ਸਮਾਂ (ਸਾਲ 2000) ਲੱਗ ਗਿਆ। ਇਕ ਹੋਰ ਵਿਅਕਤੀ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਤੇ 24 ਘੰਟਿਆਂ ਬਾਅਦ ਛੱਡ ਦਿੱਤਾ ਗਿਆ।

ਇਹ ਉਹੀ ਪੁਲੀਸ ਹੈ ਜਿਸ ਨੇ ਪਿਛਲੇ ਹਫਤੇ ਓਟਾਵਾ ਵਿਚ ਪ੍ਰੈੱਸ ਕਾਨਫਰੰਸ ਕਰ ਕੇ ਦੋਸ਼ ਲਾਇਆ ਹੈ ਕਿ ਲਾਰੈਂਸ ਬਿਸ਼ਨੋਈ ਦੇ ਅਪਰਾਧਕ ਗੈਂਗ ਨੇ 'ਭਾਰਤ ਸਰਕਾਰ ਦੇ ਅਧਿਕਾਰੀਆਂ' ਦੀ ਕਠਪੁਤਲੀ ਬਣ ਕੇ ਪਿਛਲੇ ਸਾਲ ਹਰਦੀਪ ਸਿੰਘ ਨਿੱਝਰ ਦੇ ਨਾਲ-ਨਾਲ ਇੱਕ ਹੋਰ ਕੈਨੇਡੀਅਨ ਨਾਗਰਿਕ ਸੁਖਦੂਲ ਸਿੰਘ ਦੀ ਹੱਤਿਆ ਕੀਤੀ ਹੈ। ਕੈਨੇਡਾ 'ਚ ਭਾਰਤ ਦੇ ਰਾਜਦੂਤ ਸੰਜੇ ਵਰਮਾ ਨੂੰ ਇਸ ਮਾਮਲੇ ਵਿਚ 'ਸ਼ੱਕੀ' ਦੱਸਿਆ ਗਿਆ ਹੈ ਤੇ ਜਲਦੀ ਤੋਂ ਜਲਦੀ ਕੈਨੇਡਾ ਛੱਡਣ ਲਈ ਕਹਿ ਦਿੱਤਾ ਗਿਆ।

ਯਕੀਨੀ ਤੌਰ 'ਤੇ ਜਾਪਦਾ ਹੈ, ਜਿਵੇਂ ਪਿਛਲੇ ਹਫ਼ਤੇ ਅਮਰੀਕਾ ਤੇ ਕੈਨੇਡਾ ਨੇ ਭਾਰਤ 'ਚ ਦੋਸਤੀਆਂ ਪਾਉਣ ਤੇ ਲੋਕਾਂ ਨੂੰ ਪ੍ਰਭਾਵਿਤ ਕਰਨ 'ਚ ਕੋਈ ਕਸਰ ਬਾਕੀ ਨਹੀਂ ਛੱਡੀ।

ਇਸ 'ਚ ਕੋਈ ਸ਼ੱਕ ਨਹੀਂ ਕਿ ਜੈਸੇ ਨੂੰ ਤੈਸਾ ਵਰਗਾ ਵਿਹਾਰ ਦੁਨੀਆ ਨੂੰ ਹੋਰ ਅੰਨ੍ਹਾ ਹੀ ਕਰਦਾ ਹੈ ਤੇ ਜੇ ਕਿਸੇ ਨੇ ਪਹਿਲਾਂ ਗ਼ਲਤ ਕੀਤਾ ਹੈ ਤਾਂ ਇਸ ਦਾ ਇਹ ਮਤਲਬ ਨਹੀਂ ਕਿ ਦੂਜਾ ਵੀ ਅੱਗਿਓਂ ਉਸ ਨਾਲ ਗ਼ਲਤ ਕਰੇ। ਵਿਕਾਸ ਯਾਦਵ ਦੀਆਂ ਕਲਾਬਾਜ਼ੀਆਂ ਨੂੰ ਬਿਲਕੁਲ ਲੁਕੋਇਆ ਨਹੀਂ ਜਾ ਸਕਦਾ। ਇਸ ਲਈ ਭਾਰਤ ਸਰਕਾਰ ਨੇ ਹੋਰ 'ਖ਼ੂਨ ਡੁੱਲ੍ਹਣੋਂ ਰੋਕਣ' ਲਈ ਯਾਦਵ ਨੂੰ ਸਰਕਾਰੀ ਸੇਵਾ 'ਚੋਂ 'ਕੱਢ' ਦਿੱਤਾ ਹੈ ਪਰ ਜੇ ਇਹ ਪ੍ਰਕਿਰਿਆ ਅੱਗੇ ਵਧਦੀ ਹੈ ਤਾਂ ਅਗਲਾ ਕਦਮ ਹੋਵੇਗਾ ਇੰਟਰਪੋਲ ਦਾ ਰੈੱਡ ਕਾਰਨਰ ਨੋਟਿਸ ਤੇ ਸ਼ਾਇਦ ਹਵਾਲਗੀ। ਦੁਵੱਲੇ ਰਿਸ਼ਤੇ ਮੁਸ਼ਕਿਲ ਪੰਧ 'ਤੇ ਪੈ ਜਾਣਗੇ।

ਅਮਰੀਕਾ ਅਤੇ ਭਾਰਤ ਦਾ ਪੱਕਾ ਦੋਸਤ ਇਜ਼ਰਾਈਲ ਲਗਾਤਾਰ ਬੰਬਾਰੀ ਕਰ ਕੇ ਗਾਜ਼ਾ ਨੂੰ ਪੱਥਰ ਯੁੱਗ 'ਚ ਪਹੁੰਚਾ ਰਿਹਾ ਹੈ ਅਤੇ ਅੰਸ਼ਕ ਤੌਰ 'ਤੇ ਇਸ ਦਾ ਲੜਾਈ ਦਾ ਖ਼ਰਚ ਅਮਰੀਕੀ ਕਰਦਾਤਾ ਦੇ ਸਿਰ ਪੈ ਰਿਹਾ ਹੈ। ਨੋਟ ਕਰਨ ਵਾਲਾ ਹੈ ਕਿ ਗਾਜ਼ਾ ਅਤੇ ਲਿਬਨਾਨ ਉੱਤੇ ਇਜ਼ਰਾਇਲੀ ਬੰਬਾਰੀ ਬਾਰੇ ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਦੇ ਸਥਾਈ ਮੈਂਬਰ ਰੂਸ ਤੇ ਚੀਨ ਜ਼ਿਆਦਾ ਕੁਝ ਨਹੀਂ ਬੋਲ ਰਹੇ, ਨਾ ਹੀ ਇਨ੍ਹਾਂ ਇਰਾਨ ਦੇ ਕਰੀਬੀ ਹਮਾਸ ਨੇਤਾਵਾਂ ਦੀਆਂ ਹੱਤਿਆਵਾਂ ਬਾਰੇ ਜ਼ਿਆਦਾ ਕੁਝ ਕਿਹਾ ਹੈ। ਸਪੱਸ਼ਟ ਤੌਰ 'ਤੇ ਇਹ ਲੜਾਈ ਸਾਰੀਆਂ ਧਿਰਾਂ ਨੂੰ ਰਾਸ ਆ ਰਹੀ ਹੈ।

ਵਲਾਦੀਮੀਰ ਪੂਤਿਨ ਨੂੰ ਇਸ ਗੱਲ ਦੀ ਤਸੱਲੀ ਹੈ ਕਿ ਦੁਨੀਆ ਦਾ ਧਿਆਨ ਰੂਸ-ਯੂਕਰੇਨ ਦੀ ਜੰਗ ਤੋਂ ਭਟਕਿਆ ਹੋਇਆ ਹੈ। ਸ਼ੀ ਜਿਨਪਿੰਗ ਨੂੰ ਇਸ ਗੱਲ ਦਾ ਧਰਵਾਸ ਹੋਵੇਗਾ ਕਿ ਗਾਜ਼ਾ-ਲਿਬਨਾਨ ਨੇ ਸੰਸਾਰ ਦਾ ਧਿਆਨ ਦੱਖਣੀ ਚੀਨ ਸਾਗਰ ਤੋਂ ਹਟਾ ਕੇ ਕਿਸੇ ਹੋਰ ਪਾਸੇ ਕੇਂਦਰਿਤ ਕਰ ਦਿੱਤਾ ਹੈ; ਜਿੱਥੋਂ ਤੱਕ ਲੱਦਾਖ ਦਾ ਸਵਾਲ ਹੈ, ਪੇਈਚਿੰਗ ਅਸਲ ਕੰਟਰੋਲ ਰੇਖਾ ਦਾ ਪੁਰਾਣਾ ਦਰਜਾ ਬਹਾਲ ਕਰਨ ਲਈ ਭਾਰਤ ਨਾਲ ਗੱਲਬਾਤ ਕਰਨ ਦਾ ਬਿਲਕੁਲ ਇੱਛੁਕ ਨਹੀਂ ਜਾਪਦਾ।

ਇਨ੍ਹਾਂ ਹਾਲਾਤ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਚਾਰ ਮਹੀਨਿਆਂ ਵਿਚ ਦੂਜੀ ਵਾਰ ਰੂਸ ਜਾ ਰਹੇ ਹਨ- ਕਜ਼ਾਨ ਵਿਚ ਹੋਣ ਵਾਲੇ ਬਰਿਕਸ ਸੰਮੇਲਨ ਵਿਚ ਹਿੱਸਾ ਲੈਣ ਲਈ। ਸ਼ਾਇਦ ਅਮਰੀਕਾ ਇਸ ਨੂੰ ਤਿਰਛੀ ਨਜ਼ਰ ਨਾਲ ਦੇਖੇਗਾ; ਦਿੱਲੀ ਤੇ ਮਾਸਕੋ ਦੀ ਨੇੜਤਾ 'ਤੇ ਆਪਣੀ ਨਾਖੁਸ਼ੀ ਜ਼ਾਹਿਰ ਕਰਨ ਵਿਚ ਉਸ ਨੇ ਪਹਿਲਾਂ ਹੀ ਕੋਈ ਓਹਲਾ ਨਹੀਂ ਰੱਖਿਆ, ਖ਼ਾਸ ਤੌਰ 'ਤੇ ਪਿਛਲੇ ਦੋ ਸਾਲਾਂ ਵਿਚ ਭਾਰਤ ਨੂੰ ਰੂਸ ਤੋਂ ਮਿਲੇ ਸਸਤੇ ਤੇਲ ਦੇ ਮਾਮਲੇ ਉੱਤੇ। ਪਰ ਅਮਰੀਕਾ ਦੇ ਹਲਕੇ ਰਵੱਈਏ ਤੇ ਪੱਕੀਆਂ ਦੋਸਤੀਆਂ ਦੇ ਵਾਅਦੇ ਅਚਾਨਕ ਕਮਜ਼ੋਰ ਪੈਣ ਦੇ ਮੱਦੇਨਜ਼ਰ ਮੋਦੀ ਸ਼ਾਇਦ ਕਿਸੇ ਹੋਰ ਅਜਿਹੇ ਨੇਤਾ ਨਾਲ ਸਬੰਧ ਮਜ਼ਬੂਤ ਕਰਨਾ ਚਾਹੁਣਗੇ ਜੋ ਉਨ੍ਹਾਂ ਨੂੰ ਜ਼ਿਆਦਾ ਘਰੇਲੂ ਦਾਇਰੇ ਦੇ ਸਵਾਲ ਨਾ ਪੁੱਛੇ ਕਿ ਉਹ (ਮੋਦੀ) ਆਪਣੇ ਦੇਸ਼ ਵਿਚ ਅੱਜ ਕਲ੍ਹ ਕੀ ਕਰ ਰਹੇ ਹਨ।

ਕੁਝ ਕਹਿਣਗੇ ਕਿ ਵੱਖ-ਵੱਖ ਮੁਲਕਾਂ ਵੱਲੋਂ ਖੇਡੀਆਂ ਜਾਂਦੀਆਂ ਖੇਡਾਂ ਦਾ ਇੱਕ ਹੋਰ ਅਧਿਆਏ ਸ਼ੁਰੂ ਹੋ ਰਿਹਾ- ਉਹ ਜੋ ਕਈ ਵਾਰ ਚਾਲਾਕੀ ਤੇ ਕਈ ਵਾਰ ਮਜਬੂਰੀ 'ਚ ਖੇਡੀਆਂ ਜਾਂਦੀਆਂ ਹਨ।

---

# ਭਾਰਤ ਦੇ ਪੱਛਮ ਨਾਲ ਰਿਸ਼ਤੇ

ਪਰਵਾਸੀ ਭਾਰਤੀਆਂ ਦੀ ਵਧ ਰਹੀ ਤਾਦਾਦ ਪਿਛਲੇ ਦਹਾਕੇ ਤੋਂ ਆਲਮੀ ਪਰਵਾਸ ਦੀ ਅਹਿਮ ਕਹਾਣੀ ਬਣੀ ਹੋਈ ਹੈ। ਅਮਰੀਕਾ ਤੋਂ ਆਸਟਰੇਲੀਆ ਤੱਕ, ਸਿੰਗਾਪੁਰ ਤੋਂ ਦੁਬਈ ਅਤੇ ਪੁਰਤਗਾਲ ਤੋਂ ਇਜ਼ਰਾਈਲ ਤੱਕ ਸਭ ਥਾਈਂ ਭਾਰਤੀਆਂ ਦੇ ਪਰਵਾਸ ਵਿਚ ਬੇਤਹਾਸ਼ਾ ਵਾਧਾ ਹੋ ਰਿਹਾ ਹੈ। 2014 ਵਿਚ ਕੈਨੇਡਾ 'ਚ ਮਸਾਂ 38364 ਭਾਰਤੀ ਪਰਵਾਸੀ ਸਥਾਈ ਨਾਗਰਿਕ ਬਣੇ ਸਨ। 2022 ਦੇ ਅੰਤ ਤੱਕ ਇਹ ਸੰਖਿਆ ਵਧ ਕੇ

**ਸੰਜੇ ਬਾਰੂ**

1,18,095 'ਤੇ ਪਹੁੰਚ ਗਈ ਸੀ। ਇਸ ਦੇ ਮੁਕਾਬਲੇ 2022 ਵਿਚ 30 ਕੁ ਹਜ਼ਾਰ ਚੀਨੀ ਪਰਵਾਸੀ ਕੈਨੇਡਾ ਪਹੁੰਚੇ ਸਨ। ਪਿਛਲੇ ਕਈ ਦਹਾਕਿਆਂ ਤੋਂ ਕੈਨੇਡਾ ਭਾਰਤੀ ਖ਼ਾਸਕਰ ਪੰਜਾਬੀ ਪਰਵਾਸੀਆਂ ਦਾ ਚਹੇਤਾ ਟਿਕਾਣਾ ਬਣਿਆ ਹੋਇਆ ਹੈ ਅਤੇ ਇਸ ਤੋਂ ਇਲਾਵਾ ਕੈਨੇਡਾ ਅਜਿਹਾ ਰਣਨੀਤਕ ਭਾਈਵਾਲ ਵੀ ਰਿਹਾ ਹੈ ਜਿਸ ਨੇ ਭਾਰਤ ਦੀ ਪਰਮਾਣੂ ਸਲਾਹੀਅਤ ਨੂੰ ਉਸਾਰਨ ਵਿਚ ਮਦਦ ਕੀਤੀ ਸੀ। ਫਿਰ ਭਲਾ ਦੋਵੇਂ ਦੇਸ਼ਾਂ ਦੇ ਆਪਸੀ ਰਿਸ਼ਤਿਆਂ ਵਿਚ ਐਨਾ ਨਿਘਾਰ ਕਿਉਂ ਆ ਗਿਆ ਹੈ ਜਿਸ ਦੀ ਕਿਤੇ ਮਿਸਾਲ ਨਹੀਂ ਮਿਲਦੀ?

ਭਾਰਤੀ ਸਫ਼ੀਰਾਂ ਅਤੇ ਹੋਰਨਾਂ ਸਰਕਾਰੀ ਅਧਿਕਾਰੀਆਂ ਨੇ ਇਸ ਦਾ ਦੋਸ਼ ਪ੍ਰਧਾਨ ਮੰਤਰੀ ਜਸਟਿਨ ਟਰੂਡੋ 'ਤੇ ਮੜ੍ਹਿਆ ਹੈ ਅਤੇ ਉਨ੍ਹਾਂ ਉੱਪਰ ਆਪਣੀਆਂ ਖ਼ੁਦਪ੍ਰਸਤ ਘਰੇਲੂ ਸਿਆਸੀ ਰਣਨੀਤੀਆਂ ਨੂੰ ਵਿਦੇਸ਼ ਨੀਤੀ ਅਤੇ ਕੌਮੀ ਸੁਰੱਖਿਆ ਨਾਲ ਰਲਗੱਡ ਕਰਨ ਦਾ ਦੋਸ਼ ਲਾਇਆ ਹੈ। ਇਹ ਕਿਹਾ ਜਾ ਰਿਹਾ ਹੈ ਕਿ ਉਨ੍ਹਾਂ ਨੂੰ ਕੈਨੇਡੀਅਨ ਸਿੱਖਾਂ ਦੀਆਂ ਵੋਟਾਂ ਦਰਕਾਰ ਹਨ ਜਿਸ ਕਰ ਕੇ ਉਨ੍ਹਾਂ ਦੀਆਂ ਖ਼ਾਲਿਸਤਾਨੀ ਖਾਹਿਸ਼ਾਂ ਨੂੰ ਉਹ ਸ਼ਹਿ ਦੇ ਰਹੇ ਹਨ। ਇਸ ਤੋਂ ਇਲਾਵਾ ਹੋਰ ਦੋਸ਼ ਵੀ ਸੰਗੀਨ ਹਨ। ਟਰੂਡੋ ਸਰਕਾਰ ਉੱਪਰ ਨਸ਼ਾ ਤਸਕਰਾਂ, ਅਪਰਾਧੀਆਂ ਅਤੇ ਭਾਰਤ ਵਿਰੋਧੀ ਦਹਿਸ਼ਤਗਰਦਾਂ ਨੂੰ ਸ਼ਹਿ ਦੇਣ ਦੇ ਦੋਸ਼ ਲਾਏ ਗਏ ਹਨ।

ਦੂਜੇ ਬੰਨੇ ਟਰੂਡੋ ਸਰਕਾਰ ਨੇ ਭਾਰਤੀ ਸੂਹੀਆ ਏਜੰਟਾਂ ਅਤੇ ਡਿਪਲੋਮੈਟਾਂ ਉੱਪਰ ਕੈਨੇਡੀਅਨ ਨਾਗਰਿਕਾਂ ਦੀ ਹੱਤਿਆ ਦੀ ਸਾਜਿਸ਼ ਰਚਣ ਦੇ ਦੋਸ਼ ਲਾਏ ਹਨ। ਸ਼ੁਰੂ ਵਿਚ ਇਹ ਇੱਕ ਤਰ੍ਹਾਂ ਦੀ ਕੂਟਨੀਤਕ ਖਹਿਬਾਜ਼ੀ ਨਜ਼ਰ ਆ ਰਹੀ ਸੀ ਪਰ ਜਦੋਂ ਇਸ ਮਾਮਲੇ ਵਿਚ ਅਮਰੀਕਾ ਵੀ ਕੁੱਦ ਪਿਆ ਤਾਂ ਇਹ ਵੱਡੇ ਤਣਾਅ ਦਾ ਰੂਪ ਧਾਰਨ ਕਰ ਗਿਆ ਅਤੇ ਅਮਰੀਕਾ ਨੇ ਇਸ ਮਾਮਲੇ ਨੂੰ ਕੈਨੇਡੀਅਨ ਸਿੱਖ ਦੀ ਹੱਤਿਆ ਅਤੇ ਅਮਰੀਕੀ ਸਿੱਖ ਦੀ ਹੱਤਿਆ ਦੀ ਸਾਜ਼ਿਸ਼ ਨਾਲ ਜੋੜ ਦਿੱਤਾ। ਕੈਨੇਡਾ, ਅਮਰੀਕਾ ਅਤੇ ਬਰਤਾਨੀਆ ਵਿਚ ਖ਼ਾਲਿਸਤਾਨ ਪੱਖੀ ਸਰਗਰਮੀ ਬਾਰੇ ਭਾਰਤ ਦੀ ਸ਼ਿਕਾਇਤ ਘਰੋਗੀ ਸੁਰੱਖਿਆ ਸਰੋਕਾਰਾਂ 'ਤੇ ਆਧਾਰਿਤ ਹੈ ਪਰ ਇਸ ਸਵਾਲ ਦਾ ਅਜੇ ਤੱਕ ਜਵਾਬ ਨਹੀਂ ਮਿਲ ਸਕਿਆ ਕਿ ਹਾਲੀਆ ਸਮਿਆਂ ਵਿਚ ਇਹ ਸਰਗਰਮੀ ਕਿੰਨੀ ਕੁ ਗੰਭੀਰ ਸੀ ਅਤੇ ਕੀ ਇਸ ਖਾਤਿਰ ਲੋਕਰਾਜੀ ਮੁਲਕਾਂ ਦਰਮਿਆਨ ਕੂਟਨੀਤਕ ਰਿਸ਼ਤਿਆਂ ਨੂੰ ਦਾਅ 'ਤੇ ਲਾ ਦੇਣ ਦੀ ਲੋੜ ਸੀ?

ਮੋਦੀ ਸਰਕਾਰ ਦੀ ਇਸ ਧਾਰਨਾ ਦੀ ਸਮਝ ਪੈਂਦੀ ਹੈ ਕਿ ਪੱਛਮੀ ਦੇਸ਼ਾਂ ਦੀਆਂ ਸਰਕਾਰਾਂ ਭਾਰਤੀ ਸਰੋਕਾਰਾਂ ਪ੍ਰਤੀ ਸੰਵੇਦਨਸ਼ੀਲ ਨਹੀਂ। ਬਹਰਹਾਲ, ਕੈਨੇਡਾ ਅਤੇ ਅਮਰੀਕਾ ਵੱਲੋਂ ਭਾਰਤ ਦੇ ਡਿਪਲੋਮੈਟਾਂ ਅਤੇ ਸੀਨੀਅਰ ਸਰਕਾਰੀ ਅਫਸਰਾਂ ਖ਼ਿਲਾਫ਼ ਅਪਰਾਧੀ ਅਨਸਰਾਂ ਨਾਲ ਰਲੇ ਹੋਣ ਦੇ ਲਾਏ ਦੋਸ਼ ਬਹੁਤ ਗੰਭੀਰ ਹਨ। ਇਸ ਤੋਂ ਦੋ ਸਵਾਲ ਪੈਦਾ ਹੁੰਦੇ ਹਨ। ਪਹਿਲਾ ਇਹ ਕਿ ਕੈਨੇਡੀਅਨ ਅਤੇ ਅਮਰੀਕਨ ਸਰਕਾਰਾਂ ਨੇ ਇਸ ਮਾਮਲੇ ਨੂੰ ਜਨਤਕ ਕਿਉਂ ਕੀਤਾ ਹੈ? ਦੂਜਾ ਇਹ ਕਿ ਭਾਰਤੀ ਪੱਖ ਤੋਂ ਅੰਤਿਮ ਜ਼ਿੰਮੇਵਾਰੀ ਕਿਸ ਦੀ ਬਣਦੀ ਹੈ? ਦੂਜੇ ਸਵਾਲ ਨੂੰ ਲੈ ਕੇ ਅਮਰੀਕਾ ਕੈਨੇਡਾ, ਦੋਵਾਂ ਨੇ ਨਾਵਾਂ ਦਾ ਜ਼ਿਕਰ ਕੀਤਾ ਹੈ ਅਤੇ ਆਪਣੀ ਬੇਗੁਨਾਹੀ ਸਿੱਧ ਕਰਨ ਦੀ ਜ਼ਿੰਮੇਵਾਰੀ ਸਬੰਧਿਤ ਭਾਰਤੀ ਅਹਿਲਕਾਰਾਂ ਉੱਪਰ ਪਾ ਦਿੱਤੀ ਹੈ।

ਸ਼ਾਇਦ ਕੁਝ ਲੋਕ ਸੋਚਦੇ ਹੋਣਗੇ ਕਿ ਟਰੂਡੋ ਸਰਕਾਰ ਨੂੰ ਨਜ਼ਰਅੰਦਾਜ਼ ਕਰ ਕੇ ਭਾਰਤ ਦਾ ਸਰ ਸਕਦਾ ਹੈ। ਨਵੀਂ ਦਿੱਲੀ 'ਚ ਇਹੀ ਦ੍ਰਿਸ਼ਟੀਕੋਣ ਭਾਰੂ ਸੀ ਜਦੋਂ ਪਹਿਲਾਂ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਨਾਲ ਸਬੰਧਿਤ ਦੋਸ਼ ਲਾਏ ਗਏ ਸਨ। ਫਿਰ ਅਮਰੀਕਾ ਨੇ ਭਾਰਤੀ ਅਧਿਕਾਰੀਆਂ ਉੱਤੇ ਅਮਰੀਕੀ ਧਰਤੀ 'ਤੇ ਨਾ ਸਿਰਫ਼ ਇਸੇ ਤਰ੍ਹਾਂ ਦੀ ਹੱਤਿਆ ਦੀ ਸਾਜ਼ਿਸ਼ ਘੜਨ ਦੇ ਦੋਸ਼ ਲਾਏ ਬਲਕਿ ਕਾਨੂੰਨੀ ਪ੍ਰਕਿਰਿਆ ਵੀ ਸ਼ੁਰੂ ਕਰ ਦਿੱਤੀ। ਇਹ ਮਾਮਲਾ ਗੁਰਪਤਵੰਤ ਸਿੰਘ ਪੰਨੂ ਦੀ ਹੱਤਿਆ ਦੀ ਕੋਸ਼ਿਸ਼ ਨਾਲ ਜੁੜਿਆ ਹੋਇਆ ਸੀ।

ਕੀ ਇਹ ਸਭ ਦੋਸਤਾਂ ਦਰਮਿਆਨ ਗ਼ਲਤਫਹਿਮੀ ਅਤੇ ਭਰੋਸੇ ਦੀ ਘਾਟ ਦਾ ਮਸਲਾ ਹੈ ਜਾਂ ਹੋਰ ਵੱਡੇ ਮੁੱਦੇ ਵੀ ਇਸ ਨਾਲ ਜੁੜੇ ਹੋਏ ਹਨ? ਸਾਰੇ ਜਾਣਦੇ ਹਨ ਕਿ 'ਐਂਗਲੋਸਫੀਅਰ' ਮੁਲਕ ਆਸਟਰੇਲੀਆ, ਬਰਤਾਨੀਆ, ਕੈਨੇਡਾ, ਨਿਊਜ਼ੀਲੈਂਡ ਤੇ ਅਮਰੀਕਾ ਆਪਣੇ 'ਫਾਈਵ ਆਈਜ਼' ਗੱਠਜੋੜ ਰਾਹੀਂ ਹਰ ਜਾਣਕਾਰੀ ਇੱਕ ਦੂਜੇ ਨਾਲ ਸਾਂਝੀ ਕਰਦੇ ਹਨ। ਇਸ ਦੇ ਮੱਦੇਨਜ਼ਰ ਟਰੂਡੋ 'ਤੇ ਸਿਰਫ਼ ਵੋਟਾਂ ਲੈਣ ਲਈ ਮਾਮਲੇ ਨੂੰ ਇਸ ਤਰ੍ਹਾਂ ਪੇਸ਼ ਕਰਨ ਦਾ ਦੋਸ਼ ਲਾਉਣਾ ਜ਼ਿਆਦਾ ਭਰੋਸੇਮੰਦ ਜਵਾਬ ਨਹੀਂ ਜਾਪਦਾ।

ਵਿਜੈਦਸ਼ਮੀ ਭਾਸ਼ਣ ਵਿਚ ਆਰ.ਐੱਸ.ਐੱਸ. ਮੁਖੀ ਮੋਹਨ ਭਾਗਵਤ ਨੇ ਅਸਿੱਧੇ ਢੰਗ ਨਾਲ ਪੱਛਮੀ 'ਉਦਾਰਵਾਦੀ ਲੋਕਤੰਤਰਾਂ' ਉੱਤੇ ਭਾਰਤ ਵਿਚ 'ਅਰਬ ਸਪਰਿੰਗ' (ਲੜੀਵਾਰ ਵਿਰੋਧ ਪ੍ਰਦਰਸ਼ਨ ਤੇ ਧਰਨੇ) ਕਿਸਮ ਦੀਆਂ 'ਰੰਗ ਕ੍ਰਾਂਤੀਆਂ' ਨੂੰ ਸ਼ਹਿ ਦੇਣ ਦਾ ਦੋਸ਼ ਲਾਇਆ ਜਿਵੇਂ ਉਨ੍ਹਾਂ ਬੰਗਲਾਦੇਸ਼ ਵਿਚ ਕੀਤਾ। ਪੱਛਮੀ ਜਮਹੂਰੀ ਤਾਕਤਾਂ ਨਾਲ ਸਾਡੇ ਸਬੰਧਾਂ ਨੂੰ ਦੇਖਣ ਦਾ ਇਹ ਨਜ਼ਰੀਆ ਭਾਰਤ ਦੀ ਵਿਦੇਸ਼ ਤੇ ਕੌਮੀ ਸੁਰੱਖਿਆ ਨੀਤੀ ਬਾਰੇ ਸਵਾਲ ਖੜ੍ਹੇ ਕਰਦਾ ਹੈ।

ਪ੍ਰਧਾਨ ਮੰਤਰੀ ਹੁੰਦਿਆਂ ਡਾ. ਮਨਮੋਹਨ ਸਿੰਘ ਅਕਸਰ ਆਪਣੇ ਬਹੁਤੇ ਭਾਸ਼ਣਾਂ ਵਿਚ ਕਹਿੰਦੇ ਹੁੰਦੇ ਸਨ ਕਿ "ਦੁਨੀਆ ਭਾਰਤ ਨੂੰ ਚੰਗਾ ਕੰਮ ਕਰਦਿਆਂ ਦੇਖਣਾ ਚਾਹੁੰਦੀ ਹੈ, ਸਾਡੀਆਂ ਚੁਣੌਤੀਆਂ ਅੰਦਰੂਨੀ ਹਨ।" ਇਹ ਦ੍ਰਿਸ਼ਟੀਕੋਣ ਇਸ ਮੁਲਾਂਕਣ 'ਤੇ ਆਧਾਰਿਤ ਸੀ ਕਿ ਕੌਮਾਂਤਰੀ ਭਾਈਚਾਰਾ ਖ਼ਾਸ ਤੌਰ 'ਤੇ ਉਦਾਰਵਾਦੀ ਲੋਕਤੰਤਰ, ਜਹਾਦੀ ਅਤਿਵਾਦ ਅਤੇ ਚੀਨ 'ਚ ਤਾਨਾਸ਼ਾਹੀ ਮਜ਼ਬੂਤ ਹੋਣ ਬਾਰੇ ਓਨੇ ਹੀ ਚਿੰਤਤ ਹਨ ਜਿੰਨਾ ਭਾਰਤ ਫਿਕਰਮੰਦ ਹੈ; ਇਸੇ ਲਈ ਇਹ ਪੱਛਮੀ ਉਦਾਰਵਾਦੀ, ਲੋਕਤੰਤਰੀ ਵਿਵਸਥਾ ਲਈ ਬਣੇ ਇਨ੍ਹਾਂ ਦੋਵਾਂ ਖ਼ਤਰਿਆਂ ਨੂੰ ਰੋਕਣ ਲਈ ਭਾਰਤ ਦੇ ਉਭਾਰ ਵਿਚ ਸਹਿਯੋਗੀ ਬਣ ਰਹੇ ਹਨ।

ਕੀ ਇਹ ਦ੍ਰਿਸ਼ਟੀਕੋਣ ਬਦਲ ਗਿਆ ਹੈ? ਕੀ ਭਾਰਤ ਹੁਣ 'ਐਂਗਲੋਸਫ਼ੀਅਰ' ਨੂੰ 'ਸਹਿਯੋਗੀ' ਵਜੋਂ ਨਹੀਂ ਦੇਖਦਾ, ਜਾਂ ਘੱਟੋ-ਘੱਟ ਆਪਣੀ ਤਰੱਕੀ 'ਚ ਇਸ ਨੂੰ ਸਾਥੀ ਵੀ ਨਹੀਂ ਮੰਨਦਾ? ਕੀ ਚੀਨ ਤੇ ਪਾਕਿਸਤਾਨ ਦੋਵਾਂ ਨੂੰ ਆਪਣੀ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਦੱਸ ਕੇ ਭਾਰਤ ਪੱਛਮੀ ਉਦਾਰ ਲੋਕਤੰਤਰਾਂ ਤੋਂ ਮੂੰਹ ਮੋੜਨ ਦਾ ਖ਼ਤਰਾ ਮੁੱਲ ਲੈ ਸਕਦਾ ਹੈ?

ਇੱਧਰ ਸਾਡੇ ਗੁਆਂਢ ਵਿਚ ਪੱਛਮੀ ਏਸ਼ੀਆ 'ਚ ਵਾਪਰ ਰਿਹਾ ਟਕਰਾਅ ਜੋ ਯੂਰਪ 'ਚ ਜੰਗ ਤੋਂ ਬਾਅਦ ਹੋਇਆ ਹੈ, ਉਹ ਵੀ ਪੱਛਮ ਨਾਲ ਭਾਰਤ ਦੇ ਰਿਸ਼ਤਿਆਂ 'ਤੇ ਸਵਾਲੀਆ ਚਿੰਨ੍ਹ ਲਾਉਂਦਾ ਹੈ। ਪੱਛਮੀ ਏਸ਼ੀਆ ਦੇ ਟਕਰਾਅ 'ਚ ਅਮਰੀਕਾ ਦੀ ਵਧ ਰਹੀ ਸ਼ਮੂਲੀਅਤ ਇਸ ਸੰਘਰਸ਼ ਦਾ ਘੇਰਾ ਵਧਾ ਸਕਦੀ ਹੈ ਜਿਸ ਦੇ ਭਾਰਤੀ ਅਰਥਚਾਰੇ 'ਤੇ ਮਾਰੂ ਅਸਰ ਪੈ ਸਕਦੇ ਹਨ। ਤੇਲ ਕੀਮਤਾਂ ਵਧ ਸਕਦੀਆਂ ਹਨ ਤੇ ਖੇਤਰ ਵਿਚ ਮੌਜੂਦ ਲੱਖਾਂ ਭਾਰਤੀਆਂ ਦੀ ਸਲਾਮਤੀ ਖ਼ਤਰੇ ਵਿਚ ਪੈ ਸਕਦੀ ਹੈ ਜਿਸ ਦਾ ਭਾਰਤ 'ਤੇ ਵੱਡਾ ਆਰਥਿਕ ਬੋਝ ਪੈ ਸਕਦਾ ਹੈ।

ਕੁੱਲ ਮਿਲਾ ਕੇ ਜਾਪਦਾ ਹੈ, ਅਜੋਕਾ ਆਲਮੀ ਮਾਹੌਲ ਭਾਰਤ ਦੀ ਆਰਥਿਕ ਤਰੱਕੀ ਤੇ ਵਿਕਾਸ ਲਈ ਬਹੁਤਾ ਸੁਖਾਵਾਂ ਨਹੀਂ ਹੈ। ਕੀ ਦੁਨੀਆ, ਘੱਟੋ-ਘੱਟ ਪੱਛਮੀ ਜਗਤ ਦੀ ਭਾਰਤ ਦੇ ਉਭਾਰ 'ਚ ਓਨੀ ਦਿਲਚਸਪੀ ਨਹੀਂ ਰਹੀ ਜਿੰਨੀ ਕਰੀਬ ਦਹਾਕਾ ਪਹਿਲਾਂ ਸੀ? ਨਰਿੰਦਰ ਮੋਦੀ ਸਰਕਾਰ ਤੇ ਭਾਜਪਾ ਅਤੇ ਆਰ.ਐੱਸ.ਐੱਸ. ਦੇ ਮੈਂਬਰਾਂ ਵੱਲੋਂ ਪੱਛਮੀ ਸੰਸਾਰ ਤੇ ਇਸ ਦੀਆਂ ਸੰਸਥਾਵਾਂ ਦੀ ਨਿਯਮਿਤ ਆਲੋਚਨਾ ਤੋਂ ਤਾਂ ਜਾਪਦਾ ਹੈ ਕਿ ਇਹ ਪੱਛਮ ਨਾਲ ਰਿਸ਼ਤਿਆਂ ਦੀ ਪਰਖ ਦਾ ਸਮਾਂ ਹੈ ਅਤੇ ਬੇਭਰੋਸਗੀ ਦਾ ਸੰਕਟ ਗਹਿਰਾ ਹੋ ਰਿਹਾ ਹੈ। ਹੋ ਸਕਦਾ ਹੈ ਕਿ ਟਰੂਡੋ ਕਿਸੇ ਗਹਿਰੇ ਰੋਗ ਦਾ ਬਸ ਇੱਕ ਲੱਛਣ ਹੋਵੇ।

# ਸਿਹਤ, ਸਾਹਿਤ ਤੇ ਸਭਿਆਚਾਰ ਦਾ ਸੁਮੇਲ ਸੀ ਕੈਲਾਸ਼ ਕੌਰ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਗੁਰਸ਼ਰਨ ਸਿੰਘ ਨਾਟਕਕਾਰ ਦੀ ਸਾਥਣ ਕੈਲਾਸ਼ ਕੌਰ ਦੇ ਤੁਰ ਜਾਣ ਨੇ ਸਨ ਸੰਤਾਲੀ ਦੀਆਂ ਦੁਖਦਾਈ ਘਟਨਾਵਾਂ ਹੀ ਨਹੀਂ ਚੇਤੇ ਕਰਵਾਈਆਂ ਮਾਨਵੀ ਸ਼ਕਤੀ ਦੇ ਸਿਦਕ ਤੇ ਸਿਰੜ ਦੇ ਪੰਨੇ ਵੀ ਸਾਹਮਣੇ ਲੈ ਆਂਦੇ ਹਨ। ਚਾਰ ਸਾਲ ਦੀ ਬਾਲ ਉਮਰੇ ਕੋਠੇ ਤੋਂ ਡਿਗ ਕੇ ਅਪੰਗ ਹੋਈ ਇਸ



ਬਾਲੜੀ ਨੇ ਰੰਗ ਮੰਚ ਦੇ ਸ਼ਹਿਨਸ਼ਾਹ ਗੁਰਸ਼ਰਨ ਸਿੰਘ ਨੂੰ ਸਾਥ ਵੀ ਦਿੱਤਾ ਤੇ ਉਹਦੇ ਵਲੋਂ ਰਚੇ ਗਏ ਦੋ ਦਰਜਨ ਤੋਂ ਵਧ ਨਾਟਕਾਂ ਵਿਚ ਭਾਗ ਵੀ ਲਿਆ। ਆਪਣੀ ਪੇਸ਼ਕਾਰੀ ਲਈ ਹਰਮਨਪਿਆਰੀ ਹੋਈ ਕੈਲਾਸ਼ ਕੌਰ ਨੇ ਦੇਸ਼ ਵੰਡ ਦੇ ਉਹ ਦਿਨ ਵੀ ਤੱਕੇ ਹੋਏ ਸਨ ਜਦੋਂ ਉਸਦੀ ਭੈਣ ਦਾ ਸਾਰਾ ਪਰਿਵਾਰ ਦੰਗਾਕਾਰੀਆਂ ਦੀ ਲਪੇਟ ਵਿਚ ਆ ਗਿਆ ਸੀ ਤੇ ਭੈਣ ਨੇ ਖੂਹ ਵਿਚ ਛਾਲ ਮਾਰ ਦਿੱਤੀ ਸੀ। ਇਸ ਪਰਿਵਾਰ ਦਾ ਮੁੜ ਪੈਰਾਂ ਉੱਤੇ ਖਲੋਣਾ ਅਚੰਭਾ ਸੀ।

ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਦੇਸ਼ ਵੰਡ ਤੋਂ ਪਹਿਲਾਂ ਕੈਲਾਸ਼ ਦੇ ਨਾਨਾ ਜੀ ਕਰਤਾਰ ਸਿੰਘ ਨੇ ਗੁਜਰਾਂਵਾਲਾ ਦੇ ਵਾਸੀ ਹੁੰਦਿਆਂ ਆਪਣਾ ਸਾਰਾ ਜੀਵਨ ਕਾਂਗਰਸ ਪਾਰਟੀ ਦਾ ਮੈਂਬਰ ਬਣ ਕੇ ਸੁਤੰਤਰਤਾ ਸੰਗਰਾਮ ਦੇ ਲੇਖੇ ਲਾ ਦਿੱਤਾ ਸੀ। ਵੱਡੀ ਗੱਲ ਇਹ ਕਿ ਉਸ ਵੇਲੇ ਦੇ ਵਡੇਰੇ ਸਹਿਣਸ਼ੀਲ ਤੇ ਆਸ਼ਾਵਾਦੀ ਸਨ। ਗੁਰਸ਼ਰਨ ਸਿੰਘ ਦੇ ਪਿਤਾ ਜੀ ਗਿਆਨ ਸਿੰਘ ਮੁਲਤਾਨ ਵਿਖੇ ਹੈਲਥ ਅਧਿਕਾਰੀ ਹੁੰਦਿਆਂ ਏਧਰ ਆ ਕੇ ਸਿਵਲ ਸਰਜਨ ਵਜੋਂ ਸੇਵਾ ਮੁਕਤ ਹੋਏ। ਉਨ੍ਹਾਂ ਦਾ ਵੱਡਾ ਭਰਾ ਇੰਦਰਜੀਤ ਸਿੰਘ ਨਵੀਂ ਦਿੱਲੀ ਵਿਚ ਦੰਦਾਂ ਦੇ ਡਾਕਟਰ ਵਜੋਂ ਪ੍ਰਸਿੱਧ ਹੋਇਆ ਤੇ ਬੇਟੀ ਅਰੀਤ ਅੱਖਾਂ ਦੀ ਡਾਕਟਰ ਵਜੋਂ ਸਲਾਹੀ ਜਾਂਦੀ ਹੈ।

ਕੈਲਾਸ਼ ਕੌਰ ਦੇ ਹੱਕ ਵਿੱਚ ਤਾਂ ਇਹ ਗੱਲ ਵੀ ਜਾਂਦੀ ਹੈ ਕਿ ਉਨ੍ਹਾਂ ਦੇ ਸਹੁਰਾ ਸਾਹਬ ਗੁਰਸ਼ਰਨ ਸਿੰਘ ਨਾਲ ਰਿਸ਼ਤੇ ਦੀ ਹਾਮੀ ਨਹੀਂ ਸੀ ਭਰ ਰਹੇ ਪਰ ਦਾਦਾ ਨਰਾਇਣ ਸਿੰਘ ਦੇ ਦਖਲ ਨਾਲ ਅਜਿਹਾ ਰਾਹ ਖੁਲ੍ਹਿਆ ਜਿਸਨੇ ਪੰਜਾਬੀ ਸਾਹਿਤ ਤੇ ਸਭਿਆਚਾਰ ਦੀ ਦੁਨੀਆਂ ਵਿਚ ਆਪਣੀ ਝੰਡੀ ਗੱਡੀ। ਇਸ ਜੋੜੀ ਦੇ ਸਿਹਤ, ਸਾਹਿਤ ਤੇ ਸਭਿਆਚਾਰ ਵਿਚ ਯੋਗਦਾਨ ਨੇ ਉਸ ਵਡੇਰੇ ਸੱਚ ਉੱਤੇ ਵੀ ਮੁਹਰ ਲਾਈ ਕਿ ਦਿੱਬ ਦ੍ਰਿਸ਼ਟੀ ਵਾਲੀ ਅੱਖ ਵਿਚ ਬਾਹਰੀ ਅੱਖ ਨੂੰ ਮਾਤ ਪਾਉਣ ਦੀ ਅਦੁੱਤੀ ਸ਼ਕਤੀ ਹੁੰਦੀ ਹੈ।

**'ਮਿੱਟੀ ਬੋਲ ਪਈ'**

ਮੈਨੂੰ ਦਿੱਲੀ ਛੱਡਿਆਂ 40 ਸਾਲ ਹੋ ਗਏ ਹਨ ਪਰ ਉਥੋਂ ਦੀ ਪੰਜਾਬੀ ਸਾਹਿਤ ਸਭਾ ਨਾਲ ਅੱਜ ਤੱਕ ਜੁੜਿਆ ਹੋਇਆ ਹਾਂ। ਇਸਦੇ ਦੋ ਵੱਡੇ ਲਾਭ ਹਨ। ਪਹਿਲਾ ਇਹ ਕਿ ਇਹ ਨਾਤਾ ਮੈਨੂੰ ਦਿੱਲੀ ਨਾਲ ਜੋੜੀ ਰਖਦਾ ਹੈ। ਉਥੋਂ ਦੀਆਂ ਸਾਹਿਤਕ, ਸਮਾਜਕ ਤੇ ਸਭਿਆਚਾਰਕ ਗਤੀਵਿਧੀਆਂ ਨਾਲ। ਦੂਜਾ ਇਹ ਕਿ ਸਾਹਿਤ ਸੰਸਾਰ ਦੀਆਂ ਨਵੀਆਂ ਪ੍ਰਾਪਤੀਆਂ ਦੀ ਖਬਰ ਮਿਲਦੀ ਰਹਿੰਦੀ ਹੈ।

ਏਸ ਵਾਰ ਦੀ ਦਿੱਲੀ ਫੇਰੀ ਵਿਚ ਪਤਾ ਲੱਗਿਆ ਕਿ ਬਲਬੀਰ ਮਾਧੋਪੁਰੀ ਦਾ ਨਾਵਲ 'ਮਿੱਟੀ ਬੋਲ ਪਈ' ਅੰਗਰੇਜ਼ੀ ਭਾਸ਼ਾ ਵਿਚ ਉਲਖਾਇਆ ਜਾ ਰਿਹਾ ਹੈ। ਸੋ ਉਸਦੀ ਇਹ ਰਚਨਾ ਵੀ 'ਛਾਂਗਿਆ ਰੁਖ' ਵਾਂਗ ਮਕਬੂਲ ਹੋ ਰਹੀ ਹੈ। ਇਹ ਵਾਲੀ ਉਪਨਿਆਸ ਹੈ ਤੇ 'ਛਾਂਗਿਆ ਰੁੱਖ' ਵਾਰਤਕ ਵਿਚ ਲਿਖੀ ਸਵੈ- ਜੀਵਨੀ। ਮੁੱਗੋਵਾਲ (ਹੁਸ਼ਿਆਰਪੁਰ) ਦੇ ਜੰਮਪਲ ਮੰਗੂ ਰਾਮ ਵਲੋਂ ਵੀਹਵੀ ਸਦੀ ਦੇ ਮੁਢਲੇ ਦਹਾਕਿਆਂ ਵਿਚ ਵਿੱਢੀ ਜਾਗ੍ਰਤੀ ਲਹਿਰ ਦਾ ਇਤਿਹਾਸ ਵੀ ਦਸਦੀ ਹੈ ਤੇ ਦੇਣ ਵੀ। ਅੰਗਰੇਜ਼ੀ ਭਾਸ਼ਾ ਇਸਨੂੰ ਦੁਨੀਆਂ ਭਰ ਦੇ ਕੋਨੇ ਕੋਨੇ ਤੱਕ ਪਹੁੰਚਾਏਗੀ।

ਮਾਧੋਪੁਰੀ ਦੀਆਂ ਲਿਖਤਾਂ ਪਿਛਲੇ ਸਾਢੇ ਚਾਰ ਦਹਾਕਿਆਂ ਤੋਂ ਪੰਜਾਬੀ ਜੀਵਨ ਦੇ ਮਾਨਵੀ ਤੇ ਸਭਿਆਚਾਰਕ ਸਰੋਕਰਾਂ ਦਾ ਲੇਖਾ-ਜੋਖਾ ਪੇਸ਼ ਕਰਦੀਆਂ ਆ ਰਹੀਆਂ ਹਨ। ਉਹ ਦੁਆਵੀਂ ਦੇ ਜੇਜੋਂ ਖੇਤਰ ਨੂੰ ਆਧਾਰ ਬਣਾ ਕੇ ਪੂਰੇ ਦੇਸ਼ ਦਾ ਸ਼ੀਸ਼ਾ ਪੇਸ਼ ਕਰਦਾ ਹੈ। ਖਾਸ ਕਰਕੇ ਏਥੋਂ ਦੀ ਆਰਥਕ ਤੇ ਸਮਾਜਕ ਨਾ-ਬਰਾਬਰੀ ਦਾ ਜਿਸ ਵਿਚ ਵੰਚਿਤ ਵਰਗ ਦੀ ਲਾਚਾਰੀ ਤੇ ਅਧਿਕਾਰਹੀਣਤਾ ਪ੍ਰਧਾਨ ਹੈ। ਇਸਦਾ ਮੁੱਢ ਉਸਦੀ ਸਵੈ-ਜੀਵਨ 'ਛਾਂਗਿਆ ਰੁਖ' ਨਾਲ ਬੱਝਿਆ ਸੀ। ਉਸਦੀ ਇਹ ਰਚਨਾ ਏਨੀ ਪਰਵਾਨ ਹੋਈ ਕਿ ਇਸਦਾ ਅੰਗਰੇਜ਼ੀ ਭਾਸ਼ਾ ਵਾਲਾ ਅਨੁਵਾਦ ਔਕਸਫੋਰਡ ਯੂਨੀਵਰਸਟੀ ਪ੍ਰੈਸ ਨੇ ਪ੍ਰਕਾਸ਼ਤ ਕੀਤਾ ਹੈ ਅਤੇ ਰੂਸੀ ਅਨੁਵਾਦ ਮਾਸਕੋ ਸਟੇਟ ਯੂਨੀਵਰਸਟੀ ਦੇ ਦੋ ਵੱਖ-ਵੱਖ ਰਸਾਲਿਆਂ ਵਿਚ ਲੜੀਵਾਰ ਛਪਿਆ। ਬਿਜਲਈ ਮੀਡੀਆ ਨੂੰ ਪਰਨਾਏ ਰਚਨਾ ਦਾ ਪੰਜਾਬੀ ਮੂਲ ਇਕ ਨਹੀਂ ਅਨੇਕ ਵਾਰ ਛਪਣਾ ਤੇ ਅੰਗਰੇਜ਼ੀ ਅਨੁਵਾਦ ਗਿਆਰਾਂ ਵਾਰੀ ਇਸਦੀ ਹਰਮਨ-ਪਿਆਰਤਾ ਉੱਤੇ ਮੋਹਰ ਲਾਉਂਦਾ ਹੈ। ਇਸਦਾ ਪੋਲਿਸ ਅਨੁਵਾਦ ਤਾਂ ਵਾਰਸਾ ਯੂਨੀਵਰਸਟੀ ਪੋਲੈਂਡ ਦੇ ਪਾਠਕ੍ਰਮ ਦਾ ਹਿੱਸਾ ਵੀ ਬਣ ਚੁੱਕਿਆ ਹੈ। ਇਸਦੇ ਉਰਦੂ, ਹਿੰਦੀ ਤੇ ਗੁਜਰਾਤੀ, ਮਰਾਠੀ ਅਨੁਵਾਦਾਂ ਦੀ ਗੱਲ ਕਰੀਏ ਤਾਂ ਕਿਤੇ ਦੀ ਕਿਤੇ ਪਹੁੰਚ ਜਾਂਦੀ ਹੈ। ਜੇ ਪਾਕਿਸਤਾਨ ਵਿਚ ਇਸਨੂੰ ਮਕਸੂਦ ਸਾਹਿਬ ਨੇ ਆਪਣੇ ਅਨੁਵਾਦ ਰਾਹੀਂ ਉਰਦੂ ਪਾਠਕਾਂ ਤੱਕ ਪਹੁੰਚਾਇਆ ਤਾਂ ਭਾਰਤ ਵਿਚ ਅਸ਼ਰਫ ਯਾਸੀਨ ਨੇ। 'ਹੋਰ ਪੁਛਦੇ ਹੋ ਤਾਂ ਛਾਂਗਿਆ ਰੁੱਖ' ਦੇ ਚੋਣਵੇਂ ਚੈਪਟਰ ਜਰਮਨ ਤੇ ਫਰਾਂਸੀਸੀ ਭਾਸ਼ਾ ਵਿਚ ਵੀ ਛਪ ਚੁੱਕੇ ਹਨ। ਇਹ ਜਾਣ ਕੇ ਹੈਰਾਨ ਨਾ ਹੋਣਾ ਕਿ ਭਾਰਤ ਤੇ ਭਾਰਤ ਤੋਂ ਬਾਹਰ ਦੇ ਕੁਝ ਵਿਦਿਆਰਥੀਆਂ ਨੇ ਉਸ ਦੀਆਂ ਰਚਨਾਵਾਂ ਨੂੰ ਆਪਣੀ ਖੋਜ ਦਾ ਵਿਸ਼ਾ ਬਣਾ ਕੇ ਡਾਕਟਰੇਟ ਦੀ ਡਿਗਰੀ ਪ੍ਰਾਪਤ ਕੀਤੀ ਹੈ। ਆਕਸਫੋਰਡ ਯੂਨੀਵਰਸਟੀ ਵਿਚ ਖਾਸ ਕਰਕੇ। ਅੰਗਰੇਜ਼ੀ ਮਾਧਿਅਮ ਸਦਕਾ। ਉਸਦੇ ਨਾਵਲ 'ਮਿੱਟੀ ਬੋਲ ਪਈ' ਦੇ ਅੰਗਰੇਜ਼ੀ ਬੋਲ ਕਿਥੋਂ ਕਿਥੋਂ ਜਾਂਦੇ ਹਨ ਸਮੇਂ ਨੇ ਦੱਸਣਾ ਹੈ।

**ਸੁਰਜੀਤ ਕੌਰ ਬੈਂਸ ਦੀ 'ਮੈਂ ਤੇ ਮੇਰੇ'**

ਪੰਜਾਬੀ ਸ਼ਾਇਰਾ ਸੁਰਜੀਤ ਕੌਰ ਬੈਂਸ ਦੇ ਮਿੱਤਰ ਪਿਆਰਿਆਂ ਤੇ ਪਾਠਕਾਂ ਦਾ ਘੇਰਾ ਕਿੰਨਾ ਵਿਸ਼ਾਲ ਹੈ ਉਸਦੀ ਸਵੈ-ਜੀਵਨੀ ਦੇ ਲੋਕ ਅਰਪਣ ਸਮਾਗਮ ਸਮੇਂ ਉਭਰ ਕੇ ਸਾਹਮਣੇ ਆਇਆ। ਇਸ ਮੌਕੇ ਪੰਜਾਬ ਕਲਾ ਪ੍ਰੀਸ਼ਦ ਦੇ ਵਿਹੜੇ ਸ਼ਿਰਕਤ ਕਰਨ ਵਾਲਿਆਂ ਵਿਚ ਸੇਵਾ ਮੁਕਤ ਹੋਏ ਜੱਜ ਸਾਹਿਬਾਨ, ਕਰਨੈਲ ਦੀ ਪਦਵੀ ਤੱਕ ਪਹੁੰਚਣ ਵਾਲੇ ਫੌਜੀ ਤੇ ਉਘੇ ਸਿਵਲ ਅਫ਼ਸਰਾਂ ਤੋਂ ਬਿਨਾ ਵਿਸ਼ਵ ਪੰਜਾਬੀ ਕਾਨਫਰੰਸ ਦੇ ਚੇਅਰਮੈਨ ਹੀ ਨਹੀਂ ਚੰਡੀਗੜ੍ਹ ਤੇ ਮੋਹਾਲੀ ਦੇ ਲਗਪਗ ਸਾਰੇ ਉੱਘੇ ਲੇਖਕ ਸ਼ਾਮਲ ਸਨ। 'ਮੈਂ ਤੇ ਮੇਰੇ' ਸਿਰਲੇਖ ਵਾਲੀ ਇਹ ਸਵੈ-ਜੀਵਨੀ ਜੀਵਨ ਕਾਲ ਦੀਆਂ ਦੋਸਤੀਆਂ ਦਾ ਹੀ ਸ਼ੀਸ਼ਾ ਨਹੀਂ ਵੀਹਵੀਂ ਸਦੀ ਦੇ ਅੰਤ ਤੇ ਇੱਕੀਵੀਂ ਸਦੀ ਦੇ ਆਰੰਭ ਵਿਚ ਵਾਪਰੀਆਂ ਸਾਹਿਤਕ ਤੇ ਸਭਿਆਚਾਰਕ ਪ੍ਰਾਪਤੀਆਂ ਦਾ ਲੇਖਾ- ਜੋਖਾ ਵੀ ਹੈ।

**ਅੰਤਿਕਾ**

.ਲਹਿੰਦੇ ਪੰਜਾਬ ਤੋਂ ਮੁਹਤਰਿਆ ਅੰਬਰੀਨ ਜ਼ਫਰ॥

ਉਸ 'ਤੇ ਕੋਈ ਤਹਿਰੀਰ ਨਹੀਂ ਸੀ,
ਉਹ ਤਾਂ ਕਿਸੇ ਦੇ ਧਿਆਨ ਨਹੀਂ ਸੀ।
ਕਾਪੀ 'ਚੋਂ ਲੱਥਿਆ ਕੋਰਾ ਕਾਗਜ਼,
ਐਵੇਂ ਹੀ ਤਾਂ ਪਿਆ ਹੁੰਦਾ ਸੀ।
ਇੱਕ ਦਿਨ ਕਿਸੇ ਨੇ ਵਰਕੇ ਪਰਤੇ
ਤਾਂ ਉਹ ਧਰਤੀ ਉੱਤੇ ਡਿਗ ਪਿਆ।
ਉਸਦਾ ਮੁਕਾਮ ਪੈਰਾਂ 'ਚ ਬਣਿਆ,
ਤਦ ਵੀ ਕਿਸੇ ਨੂੰ ਦੁਖ ਨਹੀਂ ਸੀ।
ਜੇ, ਕੋਈ ਦੁੱਖ ਸੀ ਤਾਂ ਏਸ ਗੱਲ ਦਾ,
ਕਿ ਉਹ ਕੋਰੇ ਦਾ ਕੋਰਾ ਸੀ।
ਬੇਧਿਆਨੇ ਦੀ ਕਿਸਮਤ ਜਾਗੀ,
ਤਾਂ ਇੱਕ ਦਿਨ ਉਸਨੂੰ ਪੈਰਾਂ 'ਚੋਂ ਚੁੱਕ ਕੇ,
ਕਿਸੇ ਨੇ ਉਸਦੇ ਉਪਰ ਲਿਖਣਾ ਸ਼ੁਰੂ ਕਰ ਦਿੱਤਾ।

# ਔਰਤਾਂ ਮਰਦਾਂ ਨਾਲੋਂ ਜ਼ਿਆਦਾ ਮਾਨਸਿਕ ਰੋਗਾਂ ਦੀਆਂ ਸ਼ਿਕਾਰ ਕਿਉਂ ਹੁੰਦੀਆਂ ਹਨ?

ਰਵਿੰਦਰ ਚੋਟ
ਫੋਨ: 98726-73703

ਇਹ ਆਮ ਦੇਖਿਆ ਗਿਆ ਹੈ ਕਿ ਦੇਸ਼ ਵਿਦੇਸ਼ ਵਿਚ ਔਰਤਾਂ ਮਾਨਸਿਕ ਤੌਰ 'ਤੇ ਜ਼ਿਆਦਾ ਬੀਮਾਰ ਹੁੰਦੀਆਂ ਹਨ। ਬਹੁਤ ਸਾਰੇ ਸਰਵੇ ਇਸ ਦੇ ਗਵਾਹ ਹਨ ਕਿ ਸਾਡੇ ਦੇਸ਼ ਦੇ ਪਿੰਡਾਂ ਵਿਚ ਔਰਤਾਂ ਨੂੰ ਮਾਨਸਿਕ ਵਿਕਾਰ ਜ਼ਿਆਦਾ ਘੇਰਦੇ ਰਹੇ ਹਨ। ਪੰਜਾਬ ਦੇ ਪਿੰਡਾਂ ਅਤੇ ਪਛੜੇ ਇਲਾਕਿਆਂ ਵਿਚ ਹਰ ਪੰਜਵੀਂ ਔਰਤ (19%) ਕਿਸੇ ਨਾ ਕਿਸੇ ਮਾਨਸਿਕ ਸਮੱਸਿਆ ਨਾਲ ਜੂਝ ਰਹੀ ਹੁੰਦੀ ਹੈ ਭਾਵੇਂ ਇਹ ਰੋਗ ਗੰਭੀਰ ਨਾ ਵੀ ਹੋਵੇ ਪਰ ਦੂਸਰੇ ਪਾਸੇ ਮਰਦਾਂ ਦੀ ਗਿਣਤੀ ਇਨ੍ਹਾਂ ਦੇ ਮੁਕਾਬਲੇ 12 ਫੀਸਦੀ ਹੀ ਵੇਖੀ ਗਈ ਹੈ। ਚਿੰਤਾ ਰੋਗ ਅਤੇ ਡਿਪਰੈਸ਼ਨ ਦੇ ਸਬੰਧ ਵਿਚ ਔਰਤਾਂ ਦੀ ਗਿਣਤੀ ਮਰਦਾਂ ਨਾਲੋਂ ਦੁੱਗਣੀ ਹੈ। ਹਿਸਟੀਰੀਆ ਤੇ ਸ਼ੀਜ਼ੋਫਰੀਨਿਆ ਆਦਿ ਗੰਭੀਰ ਮਾਨਸਿਕ ਵਿਕਾਰਾਂ ਦੀ ਨੀਂਹ ਔਰਤਾਂ ਵਿਚ 20 ਤੋਂ 30 ਸਾਲ ਦੀ ਉਮਰ ਵਿਚ ਰੱਖੀ ਜਾਂਦੀ ਹੈ। ਜਿਨ੍ਹਾਂ ਦੇਸ਼ਾਂ ਨੂੰ ਅਸੀਂ ਬਹੁਤ ਤਰੱਕੀ ਜ਼ਾਫਤਾ ਮੰਨਦੇ ਹਾਂ ਉਨ੍ਹਾਂ ਦੇ ਵਾਸੀ ਵੀ ਮਾਨਸਿਕ ਰੋਗਾਂ ਤੋਂ ਨਹੀਂ ਬਚ ਸਕੇ। ਅਮਰੀਕਾ ਵਿਚ 2021 ਵਿਚ ਕੀਤੇ ਸਰਵੇ ਦੱਸਦੇ ਹਨ ਕਿ ਉੱਥੇ 18 ਸਾਲ ਉਮਰ ਦੇ 57.8 ਮਿਲੀਅਨ ਬਾਲਗਾਂ ਵਿਚੋਂ 22.8% ਕਿਸੇ ਨਾ ਕਿਸੇ ਮਾਨਸਿਕ ਰੋਗ ਤੋਂ ਪੀੜਤ ਸਨ। ਇਨ੍ਹਾਂ ਵਿਚੋਂ 27.2% ਔਰਤਾਂ ਸਨ ਅਤੇ ਮਰਦ 18.1% ਸਨ। ਭਾਵ ਇਥੇ ਵੀ ਔਰਤਾਂ ਦੀ ਗਿਣਤੀ ਜ਼ਿਆਦਾ ਹੈ। ਅਮਰੀਕਾ ਦੀ ਮਾਨਸਿਕ ਸਿਹਤ ਨਾਲ ਸਬੰਧਤ ਕੌਮੀ ਸੰਸਥਾ (ੀ) ਨੇ ਵੀ ਇਨ੍ਹਾਂ ਅੰਕੜਿਆਂ 'ਤੇ ਆਪਣੀ ਮੋਹਰ ਲਾਈ ਹੈ। ਕੈਨੇਡਾ ਵਰਗੇ ਦੇਸ਼ ਵਿਚ ਵੀ ਬਹੁਤ ਸਾਰੇ ਮਨੋਵਿਗਿਆਨਕ ਸਰਵੇ ਕੀਤੇ ਗਏ ਜਿਨ੍ਹਾਂ ਦੇ ਨਤੀਜੇ ਵੀ ਇਸੇ ਗੱਲ ਦੀ ਸ਼ਾਹਦੀ ਭਰਦੇ ਹਨ ਕਿ ਔਰਤਾਂ (ਖਾਸ ਕਰਕੇ ਪੰਜਾਬੀ ਔਰਤਾਂ) ਮਰਦਾਂ ਨਾਲੋਂ ਜ਼ਿਆਦਾ ਮਾਨਸਿਕ ਰੋਗਾਂ ਨਾਲ ਗ੍ਰਸਤ ਹਨ।

ਇਹ ਵੀ ਦੇਖਿਆ ਗਿਆ ਹੈ ਕਿ ਸਾਡੇ ਦੇਸ਼ ਵਿਚ ਮਾਨਸਿਕ ਰੋਗਾਂ ਦੇ ਸ਼ਿਕਾਰ ਔਰਤਾਂ ਤੇ ਮਰਦਾਂ ਵਿਚੋਂ 80% ਲੋਕ ਕਿਸੇ ਮਾਨਸਿਕ ਰੋਗਾਂ ਦੇ ਮਾਹਿਰ ਡਾਕਟਰ ਕੋਲ ਨਹੀਂ ਜਾਂਦੇ। ਪੁਰਾਣੇ ਜ਼ਮਾਨੇ ਵਿਚ ਇਨ੍ਹਾਂ ਦਾ ਇਲਾਜ ਆਮ ਕਰਕੇ ਅਨਪੜ੍ਹ ਸਾਧਾਂ ਸੰਤਾਂ ਜਾਂ ਭੂਤ ਕੱਢਣ ਵਾਲੇ ਚੇਲਿਆਂ ਆਦਿ ਤੋਂ ਧਾਗੇ ਤਵੀਤ ਲੈ ਕੇ ਕੀਤਾ ਜਾਂਦਾ ਰਿਹਾ ਹੈ। ਬਚਪਨ ਵਿਚ ਅਸੀਂ ਪਿੰਡਾਂ ਵਿਚ ਵੇਖਦੇ ਰਹੇ ਹਾਂ ਇਹ ਚੇਲੇ ਕਈ ਵਾਰੀ ਔਰਤਾਂ 'ਤੇ ਬਹੁਤ ਅਤਿਆਚਾਰ ਕਰਦੇ ਅਤੇ ਉਨ੍ਹਾਂ ਦੇ ਸਰੀਰ ਨਾਲ ਵੀ ਖੇਡਦੇ। ਉਨ੍ਹਾਂ ਨੂੰ ਲਾਲ ਮਿਰਚਾਂ ਦੀਆਂ ਧੂਣੀਆਂ ਦਿਤੀਆਂ ਜਾਂਦੀਆਂ ਸਨ। ਇਹ ਸਾਰੀ ਖੇਡ ਭੂਤ ਜਾਂ ਚੁੜੇਲ ਨੂੰ ਕੱਢਣ ਦੇ ਨਾਂ 'ਤੇ ਖੇਡੀ ਜਾਂਦੀ ਸੀ। ਬਾਕੀ ਪਰਿਵਾਰਕ ਮੈਂਬਰ ਅਨਪੜ੍ਹ ਹੋਣ ਕਰਕੇ ਸਹਿਮੇ ਹੋਏ, ਬੇਬਸ ਦੇਖਦੇ ਵੀ ਅਤੇ ਜਰਦੇ ਵੀ ਸਨ। ਜੇਕਰ ਉਨ੍ਹਾਂ ਦਾ ਤਸ਼ੱਦਦ ਵੀ ਕੁੱਝ ਨਾ ਸੰਵਾਰ ਸਕਦਾ ਤਾਂ ਉੱਚੇ ਪਹਾੜਾਂ 'ਤੇ ਬਣੇ ਵੱਡੇ ਡੇਰਿਆਂ ਕੋਲੋਂ ਇਨ੍ਹਾਂ ਦਾ ਇਲਾਜ ਲੱਭਿਆ ਜਾਂਦਾ ਰਿਹਾ ਹੈ। ਪਹਾੜੀ ਝਰਨਿਆਂ ਦੀ ਪਾਣੀ ਦੀ ਭਾਰੀ ਧਾਰ ਹੇਠ ਕਰ ਦਿੱਤਾ ਜਾਂਦਾ ਜਿਸ ਨਾਲ ਮਰੀਜ਼ ਨੂੰ ਕੁੱਝ ਦੇਰ ਅਰਾਮ ਮਿਲਦਾ ਪਰ ਕੁੱਝ ਸਮੇਂ ਪਿੱਛੋਂ ਫਿਰ ਉਹ ਪਹਿਲਾਂ ਵਾਲੀ ਹਾਲਤ ਵਿਚ ਪਹੁੰਚ ਜਾਂਦਾ। ਅਸਲ ਵਿਚ ਨਾ ਤਾਂ ਇਨ੍ਹਾਂ ਰੋਗਾਂ ਨੂੰ ਕੋਈ ਰੋਗ ਸਮਝਦਾ ਸੀ ਸਗੋਂ ਇਨ੍ਹਾਂ ਨੂੰ ਬਾਹਰਲੀਆ ਕਸਰਾਂ ਨਾਲ ਜੋੜ ਕੇ ਵੇਖਿਆ ਜਾਂਦਾ ਸੀ। ਜਿਵੇਂ ਜਿਵੇਂ ਵਿਗਿਆਨ ਤੇ ਮਨੋਵਿਗਿਆਨ ਦਾ ਗਿਆਨ ਵਧਿਆ ਤਾਂ ਹੁਣ ਇਨ੍ਹਾਂ ਰੋਗਾਂ ਨੂੰ ਮਾਨਸਿਕ ਰੋਗ ਸਮਝ ਕੇ ਇਲਾਜ ਕੀਤਾ ਜਾਣ ਲੱਗਾ ਹੈ।

ਉਪਰੋਕਤ ਅੰਕੜੇ ਇਹ ਗੱਲ ਸਿੱਧ ਕਰਦੇ ਹਨ ਕਿ ਔਰਤਾਂ ਮਰਦਾਂ ਨਾਲੋਂ ਵੱਧ ਗਿਣਤੀ ਵਿਚ ਮਾਨਸਿਕ ਰੋਗਾਂ ਦੀਆਂ ਸ਼ਿਕਾਰ ਹੁੰਦੀਆਂ ਰਹੀਆਂ ਹਨ। ਇਸ ਦਾ ਕਾਰਨ ਔਰਤਾਂ ਦਾ ਬਚਪਨ ਤੋਂ ਪਾਲਣ-ਪੋਸ਼ਣ ਦਾ ਢੰਗ, ਆਲਾ-ਦੁਆਲਾ, ਮਾਪਿਆਂ ਅਤੇ ਸਹੁਰਿਆਂ ਦਾ ਉਨ੍ਹਾਂ ਪ੍ਰਤੀ ਰਵੱਈਆ, ਸਮਾਜ ਦਾ ਉਨ੍ਹਾਂ ਪ੍ਰਤੀ ਵਿਵਹਾਰ ਜਾਂ ਸਮਾਜਿਕ ਵਿਤਕਰਾ ਅਤੇ ਮਰਦ ਪ੍ਰਧਾਨ ਪਰਿਵਾਰਕ ਸੰਗਠਨ ਆਦਿ ਕਾਰਕ ਇਸ ਦੇ ਜ਼ਿੰਮੇਵਾਰ ਬਣਦੇ ਹਨ। ਸਾਡੇ ਦੇਸ਼ ਵਿਚ ਕੁੱਝ ਪਰਿਵਾਰ ਅਨਪੜ੍ਹਤਾ ਕਾਰਨ ਲੜਕੀ ਨੂੰ ਅਜੇ ਵੀ ਲੜਕੇ ਨਾਲੋਂ ਘਟੀਆ, ਪੱਥਰ, ਬੋਝ, ਪਰਾਈ ਆਦਿ ਸਮਝ ਕੇ ਹੀ ਪਾਲਦੇ ਹਨ। ਉਸਦੇ ਖੰਭ ਬਚਪਨ ਤੋਂ ਹੀ ਕੱਟਣੇ ਸ਼ੁਰੂ ਕਰ ਦਿੰਦੇ ਹਨ ਤਾਂ ਕਿ ਉਨ੍ਹਾਂ ਦੇ ਹੁਕਮ ਤੋਂ ਬਿਨਾਂ ਉਹ ਜ਼ਿੰਦਗੀ ਦੀ ਕਿਸੇ ਵੀ ਪਰਵਾਜ਼ ਲਈ ਪਰ ਖੋਲ੍ਹ ਨਾ ਸਕੇ, ਸਗੋਂ ਇਕ ਇਕ ਕਦਮ ਉਨ੍ਹਾਂ ਦੀ ਆਗਿਆ ਤੋਂ ਬਾਅਦ ਹੀ ਚੁੱਕੇ। ਇਸ ਦੇ ਉਲਟ ਲੜਕੇ ਨੂੰ ਉਸ ਦੇ ਮੁਕਾਬਲੇ ਹਰ ਤਰ੍ਹਾਂ ਦੀ ਖੁੱਲ੍ਹ ਦੇ ਛੱਡਦੇ ਹਨ ਜਿਹੜੀ ਕਈ ਵਾਰੀ ਉਨ੍ਹਾਂ ਨੂੰ ਵਿਗਾੜਨ ਵਿਚ ਪੂਰਾ ਰੋਲ ਅਦਾ ਕਰਦੀ ਹੈ। ਘੱਟ ਵਿਕਸਤ ਅਤੇ ਅਨਪੜ੍ਹ ਪਰਿਵਾਰਾਂ ਵਿਚ ਲੜਕੀਆਂ ਨਾਲ ਅਜੇ ਵੀ ਖਾਣੇ ਵਿਚ ਅਤੇ ਹੋਰ ਵਰਤ-ਵਰਤਾਰੇ ਵਿਚ ਫਰਕ ਕੀਤਾ ਜਾਂਦਾ ਹੈ। ਅਜੇ ਵੀ ਇਹੀ ਸੋਚਿਆ ਜਾਂਦਾ ਹੈ ਕਿ ਕੁੜੀਆਂ ਤਾਂ ਬਿਗਾਨਾ ਧਨ ਹੈ-ਘਰ ਲਈ ਕਮਾਈ ਤਾਂ ਲੜਕਿਆਂ ਨੇ ਹੀ ਕਰਨੀ ਹੈ। ਉਹ ਇਸ ਗੱਲ ਤੋਂ ਅਵੇਸਲੇ ਰਹਿੰਦੇ ਹਨ ਕਿ ਲੜਕੀ ਨੇ ਤਾਂ ਪੂਰੇ ਪਰਿਵਾਰ ਦਾ ਭਾਰ ਚੁਕਣਾ ਹੁੰਦਾ ਹੈ। ਉਸ ਨੂੰ ਹੋਰ ਸਹੂਲਤਾਂ ਦੇਣ ਵੇਲੇ ਵੀ ਵੀਹ ਵਾਰੀ ਸੋਚਿਆ ਜਾਂਦਾ ਹੈ। ਹਮੇਸ਼ਾ ਇਹੀ ਸੋਚਿਆ ਜਾਂਦਾ ਹੈ ਕਿ ਜੇ ਲੜਕੀ ਘਰੋਂ ਬਾਹਰ ਗਈ ਤਾਂ ਵਿਗੜ ਜਾਵੇਗੀ ਪਰ ਲੜਕੇ ਬਾਰੇ ਇਸ ਤਰ੍ਹਾਂ ਨਹੀਂ ਸੋਚਿਆ ਜਾਂਦਾ। ਜ਼ਿਹਨੀ ਤੌਰ 'ਤੇ ਲੜਕੀ ਸਾਰੀ ਜ਼ਿੰਦਗੀ ਪੇਕੇ-ਸਹੁਰੇ ਪਰਾਈ ਰਹਿੰਦੀ ਹੈ। ਜਵਾਨ ਹੋਈ ਲੜਕੀ ਨਾਲ ਬਾਹਰ ਜਾਣ ਵੇਲੇ ਸੱਤ-ਅੱਠ ਸਾਲ ਦੇ ਭਰਾ ਨੂੰ ਉਸ ਦੀ ਰੱਖਿਆ ਲਈ ਭੇਜਿਆ ਜਾਂਦਾ ਹੈ, ਉਸ ਦਾ ਆਤਮ ਵਿਸ਼ਵਾਸ ਤੇ ਸਵੈ-ਮਾਣ ਬਣਨ ਹੀ ਨਹੀਂ ਦਿਤਾ ਜਾਂਦਾ। ਸੋ ਲੜਕੀ ਲਈ ਮਾਨਸਿਕ ਰੋਗਾਂ ਦੀ ਨੀਂਹ ਅਸੀਂ ਬਚਪਨ ਵਿਚ ਹੀ ਉਸਦੇ ਜ਼ਿਹਨ ਵਿਚ ਰੱਖ ਦਿੰਦੇ ਹਾਂ। ਗਰੀਬ ਤੇ ਅਨਪੜ੍ਹ ਪਰਿਵਾਰਾਂ ਵਿਚ ਲੜਕੀਆਂ ਤੇ ਔਰਤਾਂ ਨਾਲ ਮਰਦਾਂ ਵਲੋਂ ਗ਼ਾਲੀ ਗਲੋਚ ਤੇ ਕੁੱਟਮਾਰ ਕਰਨੀ ਆਮ ਵਰਤਾਰਾ ਹੈ। ਮਰਦ ਤਾਂ ਲੜਦੇ ਵਕਤ ਵੀ ਗ਼ਾਲਾਂ ਮਾਂ, ਧੀ, ਭੈਣ ਦੀਆਂ ਹੀ ਕੱਢਦੇ ਹਨ। ਇਹੀ ਗੱਲਾਂ ਔਰਤਾਂ ਵਿਚ ਮਾਨਸਿਕ ਗੁੰਝਲਾਂ ਬਣ ਜਾਂਦੀਆਂ ਹਨ ਜਿਹੜੀਆਂ ਅੱਗੇ ਜਾ ਕੇ ਵੱਡੀਆਂ ਸਮੱਸਿਆਵਾਂ ਵਿਚ ਬਦਲ ਜਾਂਦੀਆਂ ਹਨ।

ਸਾਧਾਰਨ ਉਦਾਸੀ ਮਾਨਸਿਕ ਰੋਗ ਨਹੀਂ ਹੁੰਦੀ ਸਗੋਂ ਇਹ ਕੁਝ ਸਮੇਂ ਲਈ ਮਹਿਸੂਸ ਹੋ ਰਹੀ ਇਕ ਭਾਵਨਾ ਹੁੰਦੀ ਹੈ ਜਿਹੜੀ ਸਾਰੇ ਪ੍ਰਾਣੀਆਂ ਨੂੰ ਸਮੇਂ ਸਮੇਂ ਮਹਿਸੂਸ ਹੁੰਦੀ ਹੈ ਪਰ ਇਸ ਨਾਲ ਸਾਡੇ ਰੋਜ਼ਾਨਾ ਕੰਮਕਾਰ ਜਿਵੇਂ ਪੜ੍ਹਾਈ, ਕਾਰੋਬਾਰ ਜਾਂ ਹੋਰ ਜ਼ਿਮੇਵਾਰੀਆਂ ਨਿਭਾਉਣ ਵਿਚ ਕੋਈ ਖਲਲ ਨਹੀ ਪੈਂਦਾ। ਇਹ ਸਾਧਾਰਨ ਗੱਲਬਾਤ ਨਾਲ ਹੀ ਠੀਕ ਹੋ ਸਕਦੀ ਹੈ। ਜਦੋਂ ਇਹ ਮਾਨਸਿਕ ਵਿਕਾਰ ਜਾਂ ਉਦਾਸੀ ਰੋਗ (ਡਿਪਰੈਸ਼ਨ) ਬਣਨਾ ਸ਼ੁਰੂ ਹੋ ਜਾਂਦਾ ਹੈ ਤਾਂ ਔਰਤ/ਮਰਦ ਨੂੰ ਸਹੀ ਤਰ੍ਹਾਂ ਸੋਚਣ, ਪੜ੍ਹਨ-ਲਿਖਣ, ਆਪਣੇ ਜਜ਼ਬਾਤਾਂ 'ਤੇ ਕੰਟਰੋਲ ਕਰਨ ਵਿਚ, ਦੂਸਰਿਆਂ ਨਾਲ ਸਹੀ ਵਿਵਹਾਰ ਕਰਨ ਵਿਚ, ਸਮਾਜਿਕ ਰਿਸ਼ਤੇ ਨਿਭਾਉਣ ਵਿਚ ਅਤੇ ਦੂਸਰਿਆਂ ਨੂੰ ਤੇ ਆਪਣੇ ਆਪ ਨੂੰ ਸਮਝਣ ਵਿਚ ਔਖ ਮਹਿਸੂਸ ਹੋਣ ਲੱਗਦੀ ਹੈ। ਇਸ ਦੇ ਨਾਲ ਕਈ ਸਰੀਰਕ ਲੱਛਣ ਵੀ ਪ੍ਰਗਟ ਹੋਣ ਲੱਗਦੇ ਹਨ। ਭੁੱਖ ਤੇ ਨੀਂਦਰ ਜਾਂ ਤਾਂ ਘਟ ਜਾਂਦੀ ਹੈ ਜਾਂ ਬਹੁਤ ਵਧ ਜਾਂਦੀ ਹੈ। ਰੋਜ਼ਾਨਾ ਦੇ ਕੰਮਕਾਰ ਵਿਚ ਦਿਲਚਸਪੀ ਘਟ ਜਾਂਦੀ ਹੈ। ਘਰ ਦੇ ਮੈਂਬਰਾਂ ਨਾਲ ਤੇ ਮਿੱਤਰਾਂ ਦੋਸਤਾਂ ਵਿਚ ਵੀ ਲਗਾਅ ਨਹੀਂ ਰਹਿੰਦਾ। ਮਾਨਸਿਕ ਤੇ ਸਰੀਰਕ ਸੰਤੁਲਨ ਵੀ ਵਿਗੜਨ ਲੱਗਦਾ ਹੈ। ਉਸ ਦੇ ਅੰਦਰ ਆਪਣੇ ਆਪ ਲਈ ਅਤੇ ਦੂਸਰਿਆਂ ਲਈ ਖਤਰਨਾਕ ਰੁਝਾਨ ਪੈਦਾ ਹੋਣ ਲਗਦੇ ਹਨ। ਇਹ ਸਭ ਕੁੱਝ ਉਦਾਸੀ ਰੋਗ ਦੀਆਂ ਪਹਿਲੀਆਂ ਸਟੇਜਾਂ ਵਿਚ ਔਰਤਾਂ ਵਿਚ ਜਲਦੀ ਪ੍ਰਗਟ ਹੋਣ ਲੱਗਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਆਮ ਕਰਕੇ ਔਰਤਾਂ ਮਰਦਾਂ ਨਾਲੋਂ ਜ਼ਿਆਦਾ ਸੰਵੇਦਨਸ਼ੀਲ ਹੁੰਦੀਆਂ ਹਨ। ਜੇਕਰ ਇਹ ਵਿਕਾਰ ਦੋ ਜਾਂ ਤਿੰਨ ਹਫਤਿਆਂ ਤੋਂ ਜ਼ਿਆਦਾ ਸਮਾਂ ਚਲੇ ਤਾਂ ਕਿਸੇ ਮਨੋ-ਵਿਗਿਆਨੀ ਜਾਂ ਮਨੋ-ਚਕਿਤਸਕ ਦੀ ਲੋੜ ਪੈ ਸਕਦੀ ਹੈ ਕਿਉਂਕਿ ਰੋਗੀ ਅਕੇਵਾਂ, ਥਕੇਵਾਂ, ਨਿਰਾਸ਼ਾ, ਨਮੋਸ਼ੀ, ਨੀਂਦ ਤੇ ਭੁੱਖ ਘਟਣਾ ਜਾਂ ਬਹੁਤ ਵਧ ਜਾਣਾ, ਯਾਦਦਾਸ਼ਤ ਘਟਣਾ, ਛੋਟੇ ਮੋਟੇ ਫੈਸਲੇ ਨਾ ਕਰ ਸਕਣਾ ਆਦਿ ਮਹਿਸੂਸ ਕਰਨ ਲੱਗਦਾ ਹੈ। ਰੋਗੀ ਔਰਤ ਹਮੇਸ਼ਾ ਉਦਾਸੀ ਅਤੇ ਗੰਭੀਰ ਮੂਡ ਵਿਚ ਰਹਿਣ ਲੱਗਦੀ ਹੈ। ਉਸਦੀ ਯਾਦਦਾਸ਼ਤ ਘਟਣ ਲੱਗਦੀ ਹੈ। ਔਰਤ ਜਵਾਨੀ ਵਿਚ ਹੀ ਬੁੱਢਾ ਮਹਿਸੂਸ ਕਰਨ ਲੱਗਦੀ ਹੈ। ਜ਼ਿੰਦਗੀ ਵਿਚ ਉਸਦੀ ਦਿਲਚਸਪੀ ਘਟਣ ਲੱਗਦੀ ਹੈ।

ਜੇਕਰ ਇਲਾਜ ਨਾ ਕਰਾਇਆ ਤਾਂ ਇਹ ਰੋਗ ਹੌਲੀ-ਹੌਲੀ ਗੰਭੀਰ ਹੁੰਦਾ ਜਾਂਦਾ ਹੈ। ਇਸ ਦੇ ਕਾਰਨ ਸਰੀਰਕ ਬਿਮਾਰੀਆਂ ਜਿਵੇਂ ਕਿ ਬਲੱਡ ਪ੍ਰੈਸ਼ਰ, ਸ਼ਕਰ ਰੋਗ ਅਤੇ ਪਹਿਲਾਂ ਲੱਗੀਆਂ ਹੋਰ ਬਿਮਾਰੀਆਂ ਵੀ ਗੰਭੀਰ ਹੋਣ ਲੱਗਦੀਆਂ ਹਨ। ਪਰ ਰੋਗੀ ਦਾ ਇਨ੍ਹਾਂ ਵੱਲ ਧਿਆਨ ਹੀ ਨਹੀਂ ਜਾਂਦਾ ਸਗੋਂ ਉਹ ਹਰ ਤਰ੍ਹਾਂ ਅਨਿਯਮਤ ਹੋਣ ਲੱਗਦੀ/ਲੱਗਦਾ ਹੈ। ਆਤਮ ਵਿਸ਼ਵਾਸ ਬਿਲਕੁਲ ਨਹੀਂ ਰਹਿੰਦਾ, ਹਰ ਗੱਲ ਵਿਚ ਆਪਣੇ ਆਪ ਨੂੰ ਦੋਸ਼ੀ ਮਹਿਸੂਸ ਕਰਨਾ, ਇਕਾਗਰਤਾ ਘਟਣੀ, ਬੇਬਸੀ ਤੇ ਨਮੋਸ਼ੀ ਦੀ ਭਾਵਨਾ ਪੈਦਾ ਹੋਣਾ ਆਦਿ। ਕਈ ਵਾਰੀ ਔਰਤਾਂ ਨੂੰ ਗੰਭੀਰ ਮਾਨਸਿਕ ਰੋਗ ਕਾਰਨ ਸਰੀਰ ਦੇ ਕਈ ਅੰਗਾਂ ਵਿਚ ਰੁਮਾਂਟਿਕ ਪੀੜਾਂ ਮਹਿਸੂਸ ਹੁੰਦੀਆਂ ਹਨ ਜਿਨ੍ਹਾਂ ਦਾ ਕੋਈ ਕਾਰਨ ਸਰੀਰਕ ਟੈਸਟਾਂ ਵਿਚ ਵੀ ਨਹੀਂ ਲੱਭਦਾ, ਹਮੇਸ਼ਾਂ ਘਬਰਾਹਟ ਮਹਿਸੂਸ ਹੋਣ ਲੱਗਦੀ ਹੈ। ਬਹੁਤੇ ਵਿਕਸਤ ਦੇਸ਼ਾਂ ਵਿਚ ਤਾਂ ਔਰਤਾਂ ਮਰਦਾਂ ਵਾਂਗ ਹੀ ਨਸ਼ਿਆਂ ਵੱਲ ਹੋ ਤੁਰਦੀਆਂ ਹਨ, ਸਾਡੇ ਦੇਸ਼ ਵਿਚ ਇਹ ਘੱਟ ਵਾਪਰਦਾ ਹੈ ਪਰ ਆਪਣੇ ਆਪ ਵਿਚ ਹੀ ਕੁੜਦੀਆਂ ਰਹਿੰਦੀਆਂ ਹਨ। ਰੋਗੀ ਔਰਤ ਆਮ ਲੋਕਾਂ ਵਿਚ ਵਿਚਰਣ ਤੋਂ ਗੁਰੇਜ਼ ਕਰਨ ਲੱਗਦੀ ਹੈ। ਸਮੇਂ -ਸਮੇਂ ਹਿਸਟਿਰੀਆ ਦੇ ਦੌਰੇ ਵੀ ਪੈਣ ਲੱਗਦੇ ਹਨ-ਜਲਦੀ ਭੜਕ ਪੈਣਾ, ਹੱਸਦਿਆਂ ਹੱਸਦਿਆਂ ਅਚਾਨਕ ਉੱਚੀ ਰੋਣ ਲੱਗ ਜਾਣਾ ਜਾਂ ਤਰ੍ਹਾਂ ਤਰ੍ਹਾਂ ਦੀਆਂ ਅਜੀਬ ਅਵਾਜ਼ਾਂ ਸੁਣਾਈ ਦੇਣੀਆਂ ਆਦਿ। ਜ਼ਿੰਦਗੀ ਬੋਝ ਮਹਿਸੂਸ ਹੋਣ ਲੱਗਦੀ ਹੈ ਤੇ ਕਈ ਵਾਰੀ ਖੁਦਕੁਸ਼ੀ ਦੇ ਵਿਚਾਰ ਵੀ ਆਉਣ ਲੱਗਦੇ ਹਨ।

ਔਰਤ ਦੀ ਜ਼ਿੰਦਗੀ ਵਿਚ ਮਰਦ ਨਾਲੋਂ ਬਹੁਤ ਵੱਖਰੇ ਪੜਾਅ ਆਉਂਦੇ ਹਨ। ਔਰਤ ਬਚਪਨ ਵਿਚ ਆਪਣੇ ਮਾਪਿਆਂ ਦੇ ਦਬਾਅ ਹੇਠ ਰਹਿੰਦੀ ਹੈ, ਜਵਾਨੀ ਵੇਲੇ ਭਰਾ ਉਸਨੂੰ ਆਪਣੀ ਨਿਗਰਾਨੀ ਵਿਚ ਰੱਖਦੇ ਹਨ, ਵਿਆਹ ਤੋਂ ਬਾਅਦ ਪਤੀ-ਪਰਮੇਸ਼ਰ ਬਣਿਆ ਰਹਿੰਦਾ ਹੈ ਅਤੇ ਬੁਢਾਪਾ ਪੁੱਤਰਾਂ ਦੇ ਦਬਾਅ ਹੇਠ ਕੱਟਦੀ ਹੈ। ਹਰ ਸਟੇਜ 'ਤੇ ਮਰਦ ਦੀ ਪ੍ਰਧਾਨਗੀ ਚਲਦੀ ਹੈ। ਭਾਵੇਂ ਹੁਣ ਇਹ ਵਰਤਾਰਾ ਵਿਦਿਆ ਦੇ ਚਾਨਣ ਨਾਲ ਕੁੱਝ ਸੁਧਰ ਰਿਹਾ ਹੈ ਪਰ ਫਿਰ ਵੀ ਇਸ ਦੇ ਪ੍ਰਭਾਵ ਨੂੰ ਨਕਾਰਿਆ ਨਹੀਂ ਜਾ ਸਕਦਾ। ਨੈਸ਼ਨਲ ਫੈਮਲੀ ਹੈਲਥ ਸਰਵੇ 2019-21 ਮੁਤਾਬਕ ਅਜੇ ਵੀ 30% ਔਰਤਾਂ ਕਦੇ ਨਾ ਕਦੇ ਮਰਦਾਂ ਦੀ ਮਾਰ-ਕੁੱਟ ਦਾ ਸ਼ਿਕਾਰ ਹੁੰਦੀਆਂ ਹਨ, ਜਿਸ ਕਾਰਨ ਉਹ ਚਿੰਤਾ-ਰੋਗ ਅਤੇ ਉਦਾਸੀ ਰੋਗ ਦੀਆਂ ਸ਼ਿਕਾਰ ਹੋ ਜਾਂਦੀਆਂ ਹਨ। ਔਰਤ ਗਰਭ ਧਾਰਨ ਕਰਨ ਤੋਂ ਲੈ ਕੇ ਬੱਚੇ ਦੇ ਜਨਮ ਤਕ ਬਹੁਤ ਗੰਭੀਰ ਪੜਾਵਾਂ ਵਿਚੋਂ ਗੁਜ਼ਰਦੀ ਹੈ। ਸਾਡੇ ਸਮਾਜ ਵਿਚ ਉਸਨੂੰ ਲੜਕਾ-ਲੜਕੀ ਦੇ ਵਿਚਾਰ ਹੀ ਘੇਰੀ ਰੱਖਦੇ ਹਨ ਜਦੋਂਕਿ ਉਸਦੇ ਆਲੇ-ਦੁਆਲੇ ਲੜਕੇ ਦੀਆਂ ਅਵਾਜ਼ਾਂ ਗੂੰਜਦੀਆਂ ਰਹਿੰਦੀਆਂ ਹਨ। ਇਹ ਵਰਤਾ ਵੀ ਉਸਨੂੰ ਡਿਪਰੈਸ਼ਨ ਵੱਲ ਲੈ ਕੇ ਜਾਂਦਾ ਹੈ। ਬੱਚਿਆਂ ਦਾ ਪਾਲਣ-ਪੋਸ਼ਣ, ਬਜ਼ੁਰਗਾਂ ਦੀ ਸਾਂਭ-ਸੰਭਾਲ, ਘਰ-ਰਸੋਈ ਦੇ ਕੰਮ ਵੀ ਉਸਦੀ ਬਾਹਰਲੀ ਨੌਕਰੀ ਤੋਂ ਇਲਾਵਾ ਉਸਦੀ ਸਿਰਦਰਦੀ ਬਣਿਆ ਰਹਿੰਦਾ ਹੈ। ਸਾਡੇ ਦੇਸ਼ ਵਿਚ ਬਹੁਤੀਆਂ

*(ਬਾਕੀ ਅਗਲੇ ਸਫੇ 'ਤੇ)*

# ਬਾਸਕਟਬਾਲ ਦਾ ਬਾਦਸ਼ਾਹ ਲੇਬਰਾਨ ਜੇਮਸ

ਵਿਸ਼ਵ ਦੇ ਮਹਾਨ ਖਿਡਾਰੀ



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਲੇਬਰਾਨ ਜੇਮਸ ਨੇ ਓਲੰਪਿਕ ਖੇਡਾਂ 'ਚੋਂ ਇਕ ਬਰਾਂਜ਼ ਤੇ ਤਿੰਨ ਗੋਲਡ ਮੈਡਲ ਜਿੱਤੇ ਹਨ। ਚਾਰ ਵਾਰ ਐੱਨਬੀਏ ਦੀ ਚੈਂਪੀਅਨਸ਼ਿਪ ਜਿੱਤਿਆ ਤੇ ਅੱਠ ਵਾਰ ਐੱਨਬੀਏ ਦੇ ਫਾਈਨਲ ਮੈਚ ਖੇਡਿਆ ਹੈ। ਚਾਰ ਵਾਰ ਉਸ ਨੂੰ ਬਾਸਕਟਬਾਲ ਦਾ ਸਭ ਤੋਂ ਮੁੱਲਵਾਨ ਖਿਡਾਰੀ ਹੋਣ ਦਾ ਖ਼ਿਤਾਬ ਮਿਲਿਆ। 2024 ਦੀਆਂ ਓਲੰਪਿਕ ਖੇਡਾਂ ਦਾ ਵੀ ਉਹ ਐੱਮਵੀਐੱਸ ਹੈ ਮਤਲਬ ਮੋਸਟ ਵੈਲਿਊਏਬਲ ਖਿਡਾਰੀ। ਖੇਡ ਦੇ ਸਿਰ 'ਤੇ ਬਿਲੀਅਨ ਡਾਲਰਾਂ ਤੋਂ ਵੱਧ ਨਾਵਾਂ ਕਮਾ ਚੁੱਕੈ। 2003 ਤੋਂ ਉਹ ਐੱਨਬੀਏ 'ਚ ਖੇਡਣ ਲੱਗਾ ਸੀ ਅਤੇ ਉਮਰ ਦੇ 40ਵੇਂ ਸਾਲ ਵਿਚ ਵੀ ਖੇਡ ਰਿਹੈ। 2005 ਤੋਂ 2024 ਤਕ ਵੀਹ ਵਾਰ ਉਹ ਐੱਨਬੀਏ ਦੀ ਆਲ ਸਟਾਰ ਟੀਮ ਵਿਚ ਚੁਣਿਆ ਗਿਆ। 2008 ਦੀ ਐੱਮਬੀਏ ਚੈਂਪੀਅਨਸ਼ਿਪ 'ਚ ਉਹਦੇ ਸਭ ਤੋਂ ਵੱਧ ਅੰਕ ਸਨ। 2012 'ਚ ਉਹ ਬਾਸਕਟਬਾਲ ਦਾ 'ਅਥਲੀਟ ਆਫ਼ ਦਾ ਯੀਅਰ' ਐਲਾਨਿਆ ਗਿਆ। ਕਿਸੇ ਖਿਡਾਰੀ ਦਾ ਲਗਾਤਾਰ 21 ਸਾਲ ਖੇਡੀ ਜਾਣਾ ਤੇ ਉਹ ਵੀ ਵਿਸ਼ਵ ਪੱਧਰ 'ਤੇ, ਦੰਗ ਕਰ ਦੇਣ ਵਾਲੀ ਗੱਲ ਹੈ!

ਲੇਬਰਾਨ ਜੇਮਸ ਨੂੰ ਅਮਰੀਕਾ ਦਾ 'ਧਰਤੀ ਧੱਕ' ਕਿਹਾ ਜਾ ਸਕਦੈ। ਉਹਦਾ ਕੱਦ 6 ਫੁੱਟ 9ਇੰਚ ਹੈ ਤੇ ਭਾਰ 113 ਕਿਲੋਗਰਾਮ। ਉਹਦੇ ਕੱਦ-ਕਾਠ ਤੋਂ ਮੈਨੂੰ ਸਰਹਾਲੀ ਦਾ ਡਿਸਕਸ ਥਰੋਅਰ ਪਰਵੀਨ ਕੁਮਾਰ ਯਾਦ ਆ ਗਿਆ ਹੈ। ਉਸ ਦਾ ਕੱਦ 6 ਫੁੱਟ 7 ਇੰਚ ਤੇ ਭਾਰ 125 ਕਿਲੋਗਰਾਮ ਸੀ। 1966 'ਚ ਲਿਖੇ ਉਹਦੇ ਸ਼ਬਦ ਚਿੱਤਰ ਦਾ ਨਾਂ ਮੈਂ 'ਧਰਤੀ ਧੱਕ' ਰੱਖਿਆ ਸੀ ਜੋ ਸਾਹਿਤਕ ਰਸਾਲੇ 'ਆਰਸੀ' ਵਿਚ ਛਪਿਆ। ਉਦੋਂ ਤੋਂ ਹੀ ਮੈਨੂੰ ਖਿਡਾਰੀਆਂ ਬਾਰੇ ਲਿਖਣ ਦੀ ਚੇਟਕ ਲੱਗੀ। ਏਸ਼ੀਆ ਦੇ ਚੈਂਪੀਅਨ ਪਰਵੀਨ ਨੇ ਰਾਸ਼ਟਰੀ ਤੇ ਅੰਤਰਰਾਸ਼ਟਰੀ ਖੇਡਾਂ ਦੇ ਮੈਡਲ ਜਿੱਤਣ ਪਿੱਛੋਂ ਟੀਵੀ ਦੇ ਮਹਾਂਭਾਰਤ ਸੀਰੀਅਲ ਵਿਚ ਭੀਮ ਸੈਨ ਦਾ ਰੋਲ ਵੀ ਅਦਾ ਕੀਤਾ ਸੀ। ਦਾਰੇ ਪਹਿਲਵਾਨ ਵਾਂਗ ਹਿੰਦੀ ਡਾਇਲਾਗ ਉਹ ਵੀ ਪੰਜਾਬੀ ਵਾਂਗ ਹੀ ਬੋਲਦਾ ਸੀ। ਕਹਿੰਦੇ ਹਨ ਕਿ ਫਿਲਮਾਂ ਬਣਾਉਣ ਵਾਲਿਆਂ ਨੇ ਦਾਰੇ ਨੂੰ ਹਿੰਦੀ ਬੋਲਣੀ ਸਿਖਾਉਣ ਲਈ ਹਿੰਦੀ ਦੇ ਟਿਊਟਰ ਦਾ ਪ੍ਰਬੰਧ ਕੀਤਾ। ਮਹੀਨਿਆਂ ਦੀ ਮਗਜ਼ ਖਪਾਈ ਪਿੱਛੋਂ ਦਾਰਾ ਤਾਂ ਹਿੰਦੀ ਬੋਲਣੀ ਸਿੱਖ ਨਾ ਸਕਿਆ ਪਰ ਹਿੰਦੀ ਦਾ ਟਿਊਟਰ ਹਿੰਦੀ ਭੁੱਲ ਗਿਆ ਤੇ ਦਾਰੇ ਵਾਂਗ ਪੰਜਾਬੀ ਬੋਲਣ ਲੱਗ ਪਿਆ!

ਪਟਿਆਲੇ ਕੋਚਿੰਗ ਕੈਂਪ 'ਚ ਪਰਵੀਨ ਭਾਊ ਨੇ ਮੈਨੂੰ ਭੇਤ ਦੀ ਗੱਲ ਦੱਸੀ, "ਭਾਅ ਜੀ, ਲੰਮੇ ਕੱਦ ਦਾ ਫੈਦਾ ਵੀ ਆ ਤੇ ਨੁਕਸਾਨ ਵੀ।" ਮੈਂ ਪੁੱਛਿਆ "ਉਹ ਕਿਵੇਂ?" ਕਹਿੰਦਾ,"ਰਿਕਸ਼ੇ 'ਤੇ ਚੜ੍ਹਾਂ ਤਾਂ ਡੂਢਾ ਕਿਰਾਇਆ ਦੇਣਾ ਪੈਂਦਾ। ਸਿਨਮਾ ਦੇਖਾਂ ਤਾਂ ਪਿਛਲੀਆਂ ਕਤਾਰਾਂ ਵਾਲੇ 'ਪਲੀਜ਼-ਪਲੀਜ਼' ਕਰੀ ਜਾਂਦੇ ਆ। ਜਹਾਜ਼ ਚੜ੍ਹਾਂ ਤਾਂ ਕੁਰਸੀ ਹੇਠੋਂ ਢਿਲਕ ਜਾਂਦੀ ਆ। ਲੱਗਦੈ ਗਈ ਕਿ ਗਈ! ਗੱਡੀ ਚੜ੍ਹਾਂ ਤਾਂ ਬੱਚੇ ਵੇਖ ਕੇ ਹੱਸਣ ਲੱਗਦੇ ਆ। ਅੱਗੋਂ ਮੈਂ ਵੀ ਮੂੰਹ ਖੋਲ੍ਹ ਲਵਾਂ ਤਾਂ ਡਾਡਾਂ ਮਾਰਦੇ ਮਾਵਾਂ ਦੀਆਂ ਗੋਦੀਆਂ 'ਚ ਲੁਕਣ ਲੱਗਦੇ ਆ ਪਈ ਆਹ ਦਿਓ ਜਿਆ ਕਿਤੇ ਖਾ ਈ ਨਾ ਜਾਵੇ!"

ਇਕੇਰਾਂ ਉਹ ਰੇਲ ਗੱਡੀ 'ਚ ਰਜਾਈ ਲੈ ਕੇ ਸੌਂ ਗਿਆ। ਉਹਦੇ ਵਰਗਾ ਇਕ ਹੋਰ ਮੁਸਾਫ਼ਿਰ ਆਇਆ ਜੀਹਨੂੰ ਸੌਣ ਨੂੰ ਤਾਂ ਕੀ, ਬਹਿਣ ਨੂੰ ਥਾਂ ਵੀ ਨਹੀਂ ਸੀ ਮਿਲ ਰਹੀ। ਉਸ ਨੇ ਪਰਵੀਨ ਨੂੰ ਕਿਹਾ, "ਭਾਅ ਜੀ, ਰਤਾ ਗੋਡੇ ਮੋੜ ਲਓ, ਮੈਂ ਵੀ ਬਹਿ ਲਵਾਂ।"

ਗੋਡੇ ਮਖੌਲੀਏ ਪਰਵੀਨ ਦੇ ਪਹਿਲਾਂ ਹੀ ਮੋੜੇ ਹੋਏ ਸਨ। ਉਸ ਨੇ ਸਿੱਧੇ ਕਰ ਲਏ। ਸਿਰ ਪਹਿਲਾਂ ਹੀ ਰਜਾਈ ਤੋਂ ਬਾਹਰ ਸੀ, ਫਿਰ ਪੈਰ ਵੀ ਬਾਹਰ ਨਿਕਲ ਆਏ। ਮੁਸਾਫ਼ਿਰ ਕਦੇ ਸਿਰ ਵੱਲ ਤੇ ਕਦੇ ਪੈਰਾਂ ਵੱਲ ਵੇਖਦਾ ਬੋਲਿਆ, "ਤਾਂਹੀਏਂ।" ਪਰਵੀਨ ਨੇ ਪੁੱਛਿਆ, "ਤਾਂਹੀਏਂ ਕੀ?"


"ਮੈਂ ਸਮਝਿਆ ਸੀ, ਕੋਈ ਬੰਦਾ ਪਿਆ!"

ਲੇਬਰਾਨ ਜੇਮਸ ਦਾ ਰੰਗ ਸਾਂਵਲਾ, ਨੈਣ ਨਕਸ਼ ਮੋਟੇ ਠੁੱਲ੍ਹੇ, ਲੱਤਾਂ ਬਾਹਾਂ ਲੰਮੀਆਂ ਤੇ ਵਾਲ਼ ਛੱਲੇਦਾਰ ਹਨ। ਮੱਥਾ ਖੁੱਲ੍ਹਾ, ਨੱਕ ਚੌੜਾ, ਬੁੱਲ੍ਹ ਢਾਲੂ, ਦੰਦ ਚਿੱਟੇ, ਦਾੜ੍ਹੀ ਭਰਵੀਂ ਤੇ ਕੰਨ ਗੋਲ ਮੋਲ। ਸਮੁੱਚਾ ਪ੍ਰਭਾਵ ਬਾਤਾਂ ਵਿਚਲੇ ਦਿਓ ਦਾ ਹੀ ਪੈਂਦਾ ਹੈ। ਉਸ ਨੂੰ ਵੀ ਕੋਈ ਬੱਚਾ ਵੇਖੇ ਤਾਂ ਪਹਿਲਾਂ ਹੱਸੇ ਤੇ ਫਿਰ ਜਦੋਂ ਲੇਬਰਾਨ ਮੁਸਕਰਾਉਂਦਾ ਹੋਇਆ ਬੱਚੇ ਵੱਲ ਬਾਹਾਂ ਵਧਾਵੇ ਤਾਂ ਉਹੀ ਬੱਚਾ ਡਰਦਾ ਮਾਰਾ ਡਾਡਾਂ ਮਾਰਨ ਲੱਗੇ ਪਈ ਦਿਓ ਮੈਨੂੰ ਪੈ ਚੱਲਿਆ!

ਕੰਗਾਲ ਤੋਂ ਅਰਬਪਤੀ ਬਣੇ ਲੇਬਰਾਨ ਜੇਮਸ ਦਾ ਜਨਮ 30 ਦਸੰਬਰ 1984 ਨੂੰ ਅਮਰੀਕਾ ਦੀ ਓਹਾਇਓ ਸਟੇਟ ਦੇ ਸ਼ਹਿਰ ਐਕਰਨ ਵਿਚ ਗਲੋਰੀਆ ਮੈਰੀ ਜੇਮਸ ਦੀ ਕੁੱਖੋਂ ਹੋਇਆ ਸੀ। ਉਹਦਾ ਪਿਓ ਐਂਥੋਨੀ ਮਕਲੈਂਡ ਜਰਾਇਮ ਪੇਸ਼ਾ ਬੰਦਾ ਸੀ ਜੋ ਸੋਲਾਂ ਸਾਲ ਦੀ ਨਵ-ਵਿਆਹੀ ਪਤਨੀ ਤੇ ਨਵਜੰਮੇ ਪੁੱਤ ਨੂੰ ਛੱਡ ਕੇ ਕਿਤੇ ਟਿੱਭ ਗਿਆ ਸੀ। ਵਿਚਾਰੀ 'ਕੱਲੀ ਕਾਰੀ ਮਾਂ ਨੇ ਰੁਲ਼ਦਿਆਂ-ਖੁਲ਼ਦਿਆਂ ਨਾ ਸਿਰਫ਼ ਪੁੱਤਰ ਨੂੰ ਪਾਲਿਆ ਸਗੋਂ ਬਾਸਕਟਬਾਲ ਦਾ ਅਜਿਹਾ ਖਿਡਾਰੀ ਬਣਾਇਆ ਜੋ ਬਾਸਕਟਬਾਲ ਦਾ ਕਿੰਗ ਕਹਾਇਆ। ਉਹ 2003 ਤੋਂ ਪ੍ਰੋਫ਼ੈਸ਼ਨਲ ਬਾਸਕਟਬਾਲ ਖੇਡ ਰਿਹੈ ਤੇ 40000 ਤੋਂ ਵੱਧ ਅੰਕ ਹਾਸਲ ਕਰ ਚੁੱਕੈ! 40 ਸਾਲਾਂ ਨੂੰ ਢੁੱਕ ਕੇ ਵੀ ਉਹ ਐੱਨਬੀਏ ਲੀਗ ਦਾ ਸਰਗਰਮ ਖਿਡਾਰੀ ਹੈ।

ਜਨਮ ਤੋਂ ਪਿਉ ਵਿਹੂਣੇ ਪੁੱਤ ਨੇ ਮਾਂ ਦੀ ਮਿਹਨਤ ਸਦਕਾ ਆਪਣੀ ਖੇਡ ਨਾਲ ਬਿਲੀਅਨ ਡਾਲਰਾਂ ਤੋਂ ਵੱਧ ਨਾਵਾਂ ਤੇ ਵਿਸ਼ਵ ਪੱਧਰ 'ਤੇ ਨਾਮਣਾ ਖੱਟ ਲਿਆ ਹੈ। ਉਹਦੇ ਵਾਂਗ ਹੋਰਨਾਂ ਦੇਸ਼ ਵਿਚ ਵੀ ਐਸੇ ਖਿਡਾਰੀ ਹਨ ਜੋ ਗੋਦੜੀ ਦੇ ਲਾਲ ਸਾਬਤ ਹੋਏ ਹਨ। ਲੇਬਰਾਨ ਦੀ ਮਾਂ ਕੋਲ ਨਾ ਕੋਈ ਪੱਕਾ ਰੈਣ ਬਸੇਰਾ ਸੀ ਤੇ ਨਾ ਕੋਈ ਪੱਕੀ ਨੌਕਰੀ। 'ਕੱਲੀ ਕਾਰੀ ਮਾਂ ਨੇ ਕੰਮ ਵੀ ਲੱਭਿਆ ਤੇ ਰੈਣ-ਬਸੇਰਾ ਵੀ। ਲੇਬਰਾਨ ਨੂੰ ਐਕਰਨ ਦੇ ਪ੍ਰਾਇਮਰੀ ਸਕੂਲ 'ਚ ਪੜ੍ਹਨੇ ਪਾਇਆ ਤਾਂ ਪਹਿਲਾਂ ਉਸ ਨੂੰ ਫੁੱਟਬਾਲ ਖੇਡਣ ਦੀ ਚੇਟਕ ਲੱਗੀ। ਸੇਂਟ ਵਿਨਸੈਂਟ-ਸੇਂਟ ਮੈਰੀ ਕੈਥੋਲਿਕ ਹਾਈ ਸਕੂਲ 'ਚ ਉਹ ਬਾਸਕਟਬਾਲ ਖੇਡਣ ਲੱਗਾ। ਉਥੇ ਉਹ ਓਹਾਇਓ ਦੇ ਸਕੂਲਾਂ ਦਾ ਸਟਾਰ ਖਿਡਾਰੀ ਬਣ ਗਿਆ। ਉਸ ਦਾ ਪਹਿਲਾਂ ਕੋਚ ਫਰੈਂਕ ਵਾਕਰ ਸੀ ਜਿਸ ਨੇ ਜੇਮਸ ਅੰਦਰ ਛੁਪੀ ਬਾਸਕਟਬਾਲ ਦੀ ਪ੍ਰਤਿਭਾ ਭਾਂਪੀ। ਸਕੂਲ 'ਚ ਖੇਡਦਿਆਂ ਹੀ ਉਸ ਦਾ ਨਾਂ ਸਟੇਟ ਪੱਧਰ ਤੋਂ ਨੈਸ਼ਨਲ ਪੱਧਰ ਤਕ ਪੁੱਜ ਗਿਆ। ਉਹ ਅਮਰੀਕਾ ਦੇ ਬਾਸਕਟਬਾਲ ਅੰਬਰ 'ਤੇ ਚੜ੍ਹਿਆ ਨਵਾਂ ਸਿਤਾਰਾ ਸਮਝਿਆ ਜਾਣ ਲੱਗਾ। ਫਿਰ ਉਸ ਨੂੰ ਐੱਨਬੀਏ 'ਚ ਸ਼ਾਮਲ ਕੀਤੇ ਜਾਣ ਦੀਆਂ ਗੱਲਾਂ ਹੋਣ ਲੱਗੀਆਂ।

ਨੈਸ਼ਨਲ ਬਾਸਕਟਬਾਲ ਐਸੋਸੀਏਸ਼ਨ ਨਾਰਥ ਅਮਰੀਕਾ ਦੀ ਪੇਸ਼ਾਵਰ ਬਾਸਕਟਬਾਲ ਲੀਗ ਹੈ। ਉਸ ਵਿਚ ਕੈਨੇਡਾ ਦੀ 1 ਤੇ ਅਮਰੀਕਾ ਦੀਆਂ 29 ਟੀਮਾਂ ਸ਼ਾਮਲ ਹਨ। ਉਹ ਵਿਸ਼ਵ ਦੀ ਪ੍ਰੀਮੀਅਰ ਪ੍ਰੋਫੈਸ਼ਨਲ ਲੀਗ ਸਮਝੀ ਜਾਂਦੀ ਹੈ ਜੋ ਬਾਸਕਟਬਾਲ ਐਸੋਸੀਏਸ਼ਨ ਆਫ਼ ਅਮਰੀਕਾ ਅਤੇ ਨੈਸ਼ਨਲ ਬਾਸਕਟਬਾਲ ਲੀਗ ਨੂੰ ਮਿਲਾ ਕੇ 3 ਅਗਸਤ 1949 ਨੂੰ ਹੋਂਦ ਵਿਚ ਆਈ ਸੀ। ਬੀਏਏ ਕਿਉਂਕਿ 6 ਜੂਨ 1946 ਨੂੰ ਬਣੀ ਸੀ ਇਸ ਲਈ ਐੱਨਬੀਏ ਦਾ ਇਤਿਹਾਸ 6 ਜੂਨ 1946 ਤੋਂ ਹੀ ਅੰਕਿਆ ਜਾਂਦਾ ਹੈ। ਐੱਨਬੀਏ ਦਾ ਬਾਕਾਇਦਾ ਸੀਜ਼ਨ ਅਕਤੂਬਰ ਤੋਂ ਅਪ੍ਰੈਲ ਤਕ ਚਲਦਾ ਹੈ ਜਿਸ ਵਿਚ ਹਰ ਟੀਮ 82 ਮੈਚ ਖੇਡਦੀ ਹੈ। ਜੂਨ ਤਕ ਫਾਈਨਲ ਚੈਂਪੀਅਨਸ਼ਿਪਸ ਦੀ ਲੜੀ ਚਲਦੀ ਹੈ। 2020 ਦੀ ਗੱਲ ਕਰੀਏ ਤਾਂ ਐੱਨਬੀਏ ਦੇ ਖਿਡਾਰੀਆਂ ਨੂੰ ਬਾਕੀ ਸਭ ਲੀਗਾਂ ਨਾਲੋਂ ਔਸਤਨ ਸਭ ਤੋਂ ਵੱਧ ਪੈਸੇ ਮਿਲੇ। ਇਸ ਦਾ ਹੈੱਡ ਆਫਿਸ ਨਿਊ ਯੌਰਕ ਦੇ ਮਿਡਟਾਊਨ ਮੈਨਹਟਨ



ਵਿਚ ਹੈ। ਇਸ ਵੇਲੇ ਆਮਦਨ ਪੱਖੋਂ ਨੈਸ਼ਨਲ ਫੁੱਟਬਾਲ ਲੀਗ ਸਭ ਤੋਂ ਵੱਧ ਅਮੀਰ ਹੈ, ਦੂਜੇ ਨੰਬਰ 'ਤੇ ਮੇਜਰ ਲੀਗ ਬੇਸਬਾਲ ਤੇ ਤੀਜੇ ਥਾਂ ਐੱਨਬੀਏ ਹੈ। 2024 ਤਕ ਬੋਸਟਨ ਸੈੱਲਟਿਕਸ ਨੇ ਐੱਨਬੀਏ ਦੇ 18 ਟਾਈਟਲ ਜਿੱਤੇ ਹਨ ਜੋ ਸਭ ਤੋਂ ਵੱਧ ਹਨ।

ਲੇਬਰਾਨ 2003 ਤੋਂ ਕਲੀਵਲੈਂਡ ਕੈਵਲੀਅਰਜ਼ ਕਲੱਬ ਵੱਲੋਂ ਐੱਨਬੀਏ ਚੈਂਪੀਅਨਸ਼ਿਪ ਖੇਡਣ ਲੱਗਾ ਸੀ ਜੋ ਲਗਾਤਾਰ 2010 ਤਕ ਖੇਡਦਾ ਰਿਹਾ। 2010 ਤੋਂ ਉਹ ਮਿਆਮੀ ਹੀਟ ਵੱਲੋਂ ਖੇਡਣ ਲੱਗ ਪਿਆ ਜਿਸ ਵਿਚ 2014 ਤਕ ਖੇਡਿਆ। ਇਸ ਦੌਰਾਨ ਲੇਬਰਾਨ ਨੇ 2012 ਤੇ 13 ਵਿਚ ਦੋ ਬੀਐੱਨਏ ਚੈਂਪੀਅਨਸ਼ਿਪਸ ਜਿੱਤੀਆਂ। ਦੋ ਵਾਰ ਉਹ ਸਭ ਤੋਂ ਮੁੱਲਵਾਨ ਖਿਡਾਰੀ ਸਿੱਧ ਹੋਇਆ। ਮਿਆਮੀ ਹੀਟ ਨਾਲ ਇਹ ਸਮਾਂ ਉਹਦੇ ਖੇਡ ਕੈਰੀਅਰ ਦਾ ਬਿਹਤਰੀਨ ਸਮਾਂ ਗਿਣਿਆ ਜਾਂਦਾ ਹੈ। ਮਿਆਮੀ ਹੀਟ ਵਿਚ ਖੇਡਦਿਆਂ ਉਸ ਨੇ ਆਪਣੀ ਖੇਡ ਤਕਨੀਕ ਵਿਚ ਕਈ ਸੁਧਾਰ ਕੀਤੇ। ਖ਼ਾਸ ਕਰਕੇ 3-ਪੁਆਇੰਟ ਤਕਨੀਕ ਨੂੰ ਸੁਧਾਰਿਆ। 2014 ਤੋਂ 2018 ਤਕ ਉਹ ਮੁੜ ਕਲੀਵਲੈਂਡ ਕੈਵਲੀਅਰਜ਼ ਨੂੰ ਰੰਗ ਭਾਗ ਲਾਉਂਦਾ ਰਿਹਾ। ਕੈਰੀ ਆਇਰਵਿੰਗ ਤੇ ਕੇਵਿਨ ਲਵ ਦੇ ਸਹਿਯੋਗ ਨਾਲ 2016 ਦੀ ਐੱਨਬੀਏ ਚੈਂਪੀਅਨਸ਼ਿਪ ਆਪਣੇ ਸ਼ਹਿਰ ਦੇ ਕਲੱਬ ਨੂੰ ਜਿਤਾਈ। ਤਦ ਤਕ ਉਹਦੀ ਗੁੱਡੀ ਏਨੀ ਚੜ੍ਹ ਚੁੱਕੀ ਸੀ ਕਿ ਨਾਮੀ ਕਲੱਬ ਲਾਸ ਏਂਜਲਸ ਲੇਕਰਜ਼ ਨੇ ਉਸ ਨੂੰ ਮੂੰਹ ਮੰਗੇ ਡਾਲਰ ਦੇ ਕੇ ਆਪਣੇ ਵੱਲੋਂ ਖੇਡਣ ਲਾ ਲਿਆ। ਉਦੋਂ ਤੋਂ ਹੁਣ ਤਕ ਉਹ ਉਸੇ ਕਲੱਬ ਵੱਲੋਂ ਖੇਡ ਰਿਹੈ ਤੇ ਲਾਸ ਏਂਜਲਸ ਲੇਕਰਜ਼ ਦਾ ਨਾਂ ਕੁਲ ਦੁਨੀਆ 'ਚ ਚਮਕਾ ਰਿਹੈ।

2018 'ਚ ਲੇਬਰਾਨ ਜੇਮਸ ਨੇ ਲਾਸ ਏਂਜਲਸ ਲੇਕਰਜ਼ ਨਾਲ ਇਕ ਇਸ਼ਤਿਹਾਰੀ ਕਾਂਟ੍ਰੈਕਟ 'ਤੇ ਦਸਤਖ਼ਤ ਕੀਤੇ। ਲੇਕਰਜ਼ ਵੱਲੋਂ ਖੇਡਦਿਆਂ ਉਸ ਨੇ ਕਾਂਟ੍ਰੈਕਟ ਦਾ ਪੂਰਾ ਮੁੱਲ ਮੋੜਿਆ। 2020 'ਚ ਉਸ ਨੇ ਲੇਕਰਜ਼ ਨੂੰ ਐੱਨਬੀਏ ਚੈਂਪੀਅਨਸ਼ਿਪ ਜਿੱਤ ਦਿੱਤੀ। ਲੇਬਰਾਨ ਦੀ ਖੇਡ ਕਲਾ ਸਿਰਫ਼ ਸਕੋਰ ਕਰਨ ਤਕ ਹੀ ਸੀਮਤ ਨਹੀਂ। ਉਹ ਸ਼ਾਨਦਾਰ ਸਹਾਇਕ ਖਿਡਾਰੀ, ਰੀਬਾਊਂਡਰ ਤੇ ਡਿਫੈਂਸਿਵ ਖਿਡਾਰੀ ਵੀ ਹੈ। ਕੋਰਟ ਵਿਚ ਉਸ ਦੀ ਹੌਸਲੇ ਵਾਲੀ ਮੌਜੂਦਗੀ ਤੇ ਅਗਵਾਈ ਉਸ ਨੂੰ 'ਮਹਾਨ ਖਿਡਾਰੀਆਂ' ਦੀ ਲਿਸਟ 'ਚ ਲਿਆ ਖੜ੍ਹਾ ਕਰਦੀ ਹੈ। 2023 ਵਿਚ ਉਸ ਨੇ ਲਾਸ ਏਂਜਲਸ ਲੇਕਰਜ਼ ਲਈ ਪਹਿਲਾ ਐੱਨਬੀਏ ਕੱਪ ਵੀ ਜਿੱਤਿਆ। ਉਹ ਇਸ ਵੇਲੇ ਐੱਨਬੀਏ 'ਚ ਖੇਡਣ ਵਾਲਾ ਸਭ ਤੋਂ ਵੱਡ ਉਮਰਾ ਖਿਡਾਰੀ ਹੈ। 7 ਫਰਵਰੀ 2023 ਤੋਂ ਪਹਿਲਾਂ ਐੱਨਬੀਏ ਲੀਗ 'ਚੋਂ ਸਭ ਤੋਂ ਵੱਧ ਅੰਕ ਲੈਣ ਦਾ ਰਿਕਾਰਡ ਕਰੀਮ ਅਬਦੁਲ-ਜੱਬਾਰ ਦੇ ਨਾਂ ਹੁੰਦਾ ਸੀ ਜੋ ਹੁਣ ਲੇਬਰਾਨ ਜੇਮਸ ਦੇ ਨਾਂ ਹੈ। 'ਟਾਈਮ' ਮੈਗਜ਼ੀਨ ਅਨੁਸਾਰ 2005, 2013, 2017 ਤੇ 2019 ਦੇ ਵਿਸ਼ਵ ਪ੍ਰਸਿੱਧ 100 ਪ੍ਰਭਾਵਸ਼ਾਲੀ ਵਿਅਕਤੀਆਂ ਵਿਚ ਉਹਦਾ ਨਾਂ ਸ਼ਾਮਲ ਕੀਤਾ ਜਾਂਦਾ ਰਿਹਾ। ਉਸ ਨੂੰ ਮਿਲੇ ਮਾਣ ਸਨਮਾਨਾਂ ਦਾ ਕੋਈ ਲੇਖਾ ਨਹੀਂ। ਉਹ 1911 ਤੋਂ ਲਿਵਰਪੂਲ ਫੁੱਟਬਾਲ ਕਲੱਬ ਦਾ ਵੀ ਪਾਰਟਨਰ ਹੈ। ਉਸ ਨੇ ਲੇਬਰਾਨ ਫੈਮਿਲੀ ਫਾਊਂਡੇਸ਼ਨ ਬਣਾਈ ਹੈ ਜੋ ਐਕਰੋਨ ਵਿਖੇ ਐਲੀਮੈਂਟਰੀ ਸਕੂਲ, ਹਾਊਸਿੰਗ ਕੰਪਲੈਕਸ, ਰੀਟੇਲ ਪਲਾਜ਼ਾ ਤੇ ਮੈਡੀਕਲ ਸੈਂਟਰ ਚਲਾ ਰਹੀ ਹੈ।

ਲੇਬਰਾਨ ਜੇਮਸ ਕੇਵਲ 19 ਸਾਲਾਂ ਦਾ ਸੀ ਜਦੋਂ ਏਥਨਜ਼ ਦੀਆਂ ਓਲੰਪਿਕ ਖੇਡਾਂ ਲਈ ਅਮਰੀਕਾ ਦੀ ਬਾਸਕਟਬਾਲ ਟੀਮ 'ਚ ਚੁਣਿਆ ਗਿਆ। ਅਮਰੀਕੀ ਟੀਮ ਨੇ ਕਾਂਸੀ ਦਾ ਤਗ਼ਮਾ ਜਿੱਤਿਆ। 2006 ਦੀ ਫੀਬਾ ਵਿਸ਼ਵ ਚੈਂਪੀਅਨਸ਼ਿਪ ਲਈ ਉਹ ਫਿਰ ਅਮਰੀਕਾ ਦੀ ਟੀਮ ਵਿਚ ਖੇਡਿਆ। ਉਥੇ ਵੀ ਅਮਰੀਕੀ ਟੀਮ ਨੇ ਕਾਂਸੀ ਦਾ ਤਗ਼ਮਾ ਜਿੱਤਿਆ। ਪਰ ਬੀਜਿੰਗ-2008 ਦੀਆਂ ਓਲੰਪਿਕ ਖੇਡਾਂ 'ਚੋਂ ਅਮਰੀਕਾ ਦੀ ਟੀਮ ਨੇ ਗੋਲਡ ਮੈਡਲ ਜਿੱਤਿਆ ਜੋ ਲੇਬਰਾਨ ਦਾ ਪਹਿਲਾ ਓਲੰਪਿਕ ਗੋਲਡ ਬਣਿਆ। ਉਥੇ ਅਮਰੀਕੀ ਟੀਮ ਕੋਈ ਵੀ ਮੈਚ ਨਹੀਂ ਹਾਰੀ। 2012 ਵਿਚ ਲੰਡਨ ਦੀਆਂ ਓਲੰਪਿਕ ਖੇਡਾਂ 'ਚੋਂ ਵੀ ਅਮਰੀਕਾ ਦੀ ਟੀਮ ਗੋਲਡ ਮੈਡਲ ਜਿੱਤੀ ਜਿਸ ਨਾਲ ਲੇਬਰਾਨ ਦੇ ਦੋ ਓਲੰਪਿਕ ਗੋਲਡ ਮੈਡਲ ਹੋ ਗਏ।

12 ਸਾਲ ਓਲੰਪਿਕ ਖੇਡਾਂ ਲਾਂਭੇ ਰਹਿਣ ਪਿੱਛੋਂ ਉਹ 2024 ਦੀਆਂ ਓਲੰਪਿਕ ਖੇਡਾਂ ਵਿਚ ਫਿਰ ਸ਼ਾਮਲ ਹੋਇਆ ਜੋ ਪੈਰਿਸ ਵਿਖੇ ਹੋਈਆਂ। ਅਮਰੀਕਾ ਦੇ 592 ਖਿਡਾਰੀਆਂ ਦੇ ਦਲ ਦੀ ਅਗਵਾਈ ਇਕ ਪੁਰਸ਼ ਖਿਡਾਰੀ ਤੇ ਇਕ ਔਰਤ ਖਿਡਾਰਨ ਨੇ ਕਰਨੀ ਸੀ। ਪੁਰਸ਼ ਖਿਡਾਰੀਆਂ 'ਚੋਂ ਅਮਰੀਕਾ ਦਾ ਝੰਡਾਬਰਦਾਰ ਲੇਬਰਾਨ ਜੇਮਸ ਨੂੰ ਬਣਾਇਆ ਗਿਆ। ਓਲੰਪਿਕ ਖੇਡਾਂ ਦੇ ਇਤਿਹਾਸ 'ਚ ਇਹ ਪਹਿਲਾ ਮੌਕਾ ਸੀ ਕਿ ਅਮਰੀਕਾ ਵੱਲੋਂ ਨੈਸ਼ਨਲ ਫਲੈਗ ਕਿਸੇ ਬਾਸਕਟਬਾਲ ਦੇ ਖਿਡਾਰੀ ਨੂੰ ਫੜਾਇਆ ਗਿਆ। ਅਮਰੀਕਾ ਦੀ ਬਾਸਕਟਬਾਲ ਟੀਮ ਨੇ ਫਿਰ ਗੋਲਡ ਮੈਡਲ ਜਿੱਤਿਆ। ਇੰਜ ਲੇਬਰਾਨ ਦੇ ਓਲੰਪਿਕ ਖੇਡਾਂ 'ਚੋਂ 3 ਗੋਲਡ ਮੈਡਲ ਹੋ ਗਏ। ਸੈਮੀ ਫਾਈਨਲ ਮੈਚ ਸਰਬੀਆ ਦੀ ਟੀਮ ਵਿਰੁੱਧ ਸੀ ਜਿਸ ਵਿਚ ਲੇਬਰਾਨ ਦੇ 16 ਅੰਕ 12 ਰੀਬਾਊਂਡ ਤੇ 10 ਅਸਿਸਟ ਅੰਕ ਸਨ। ਫਾਈਨਲ ਮੈਚ ਫਰਾਂਸ ਦੀ ਟੀਮ ਵਿਰੁੱਧ ਸੀ ਜੋ ਅਮਰੀਕਾ ਨੇ 98-87 ਅੰਕਾਂ ਨਾਲ ਜਿੱਤਿਆ। ਉਸ ਵਿਚ ਉਹਦੇ 14 ਆਪਣੇ ਅੰਕ, 6 ਰੀਬਾਊਂਡ ਤੇ 10 ਸਹਾਇਕ ਅੰਕ ਸਨ। ਉਸ ਦੀ ਸਮੁੱਚੀ ਕਾਰਗੁਜ਼ਾਰੀ ਦੇ ਆਧਾਰ 'ਤੇ ਉਸ ਨੂੰ ਫੀਬਾ ਓਲੰਪਿਕਸ ਆਲ ਸਟਾਰ ਟੀਮ 'ਚ ਚੁਣਿਆ ਗਿਆ। ਇੰਜ ਉਹ ਬਾਸਕਟਬਾਲ ਦੇ ਮਹਾਨ ਖਿਡਾਰੀ ਆਸਕਰ ਰੋਬਰਟਸਨ, ਮੈਜਿਕ ਜੌਨ੍ਹਸਨ ਤੇ ਮਾਈਕਲ ਜੋਰਡਨ ਦੀ ਕਤਾਰ ਵਿਚ ਸ਼ਾਮਲ ਹੋ ਗਿਆ।

ਸਕੂਲੇ ਪੜ੍ਹਦਿਆਂ ਉਹਦਾ ਮਿਸ ਸਵਾਨਾਹ ਨਾਲ ਸਨੇਹ ਹੋ ਗਿਆ ਸੀ। ਜਿਵੇਂ ਉਸ ਦੀ ਖੇਡ 'ਚ ਗੁੱਡੀ ਚੜ੍ਹਦੀ ਗਈ ਉਵੇਂ ਪਿਆਰ ਵੀ ਪ੍ਰਫੁੱਲਤ ਹੁੰਦਾ ਗਿਆ। 14 ਸਤੰਬਰ 2013 ਨੂੰ ਉਨ੍ਹਾਂ ਨੇ ਸਾਨ ਡੀਗੋ, ਕੈਲੇਫੋਰਨੀਆ ਵਿਚ ਵਿਆਹ ਕਰਵਾ ਲਿਆ। ਉਨ੍ਹਾਂ ਦੇ ਦੋ ਪੁੱਤਰ ਹੋਏ ਤੇ ਇਕ ਧੀ। ਉਨ੍ਹਾਂ ਦੇ ਨਾਂ ਬਰੌਨੀ, ਬ੍ਰਾਈਸ ਤੇ ਜ਼ਹੂਰੀ ਹਨ। ਬਰੌਨੀ ਹੁਣ ਬਾਸਕਟਬਾਲ ਦਾ ਉਭਰਦਾ ਖਿਡਾਰੀ ਹੈ ਜਿਸ ਤੋਂ ਵੱਡੀਆਂ ਆਸਾਂ ਹਨ। ਲੇਬਰਾਨ ਦਾ ਇਕ ਘਰ 'ਕੋਕੋਨਟ ਗ੍ਰੋਵ' ਬਿਸਕੇਨੇ ਬੇਅ 'ਚ ਹੈ ਜੋ 9 ਮਿਲੀਅਨ ਡਾਲਰਾਂ 'ਚ ਖਰੀਦਿਆ ਸੀ। ਦੂਜਾ ਘਰ 21 ਮਿਲੀਅਨ ਦਾ ਮੈਨਸਨ ਬਰੈਂਟਵੁੱਡ, ਲਾਸ ਏਂਜਲਸ 'ਚ ਹੈ। ਉਥੇ ਇਕ ਹੋਰ ਘਰ 2017 ਵਿਚ 23 ਮਿਲੀਅਨ ਡਾਲਰ ਦਾ ਖਰੀਦ ਰੱਖਿਆ ਹੈ। 30000 ਵਰਗ ਫੁੱਟ ਦਾ ਮੈਨਸਨ ਆਪਣੇ ਜੱਦੀ ਸ਼ਹਿਰ ਐਕਰਨ ਵਿਚ ਹੈ। ਹੁਣ ਉਹ ਕੁਝ ਵੀ ਖਰੀਦ ਸਕਦਾ ਹੈ।

ਖਿਡਾਰੀਆਂ ਦੇ ਸੱਟਾਂ ਫੇਟਾਂ ਤਾਂ ਲੱਗਦੀਆਂ ਹੀ ਹਨ ਜੋ ਉਹਦੇ ਵੀ ਲੱਗੀਆਂ। ਉਂਜ ਉਹ ਪੂਰਾ ਸਿਹਤਮੰਦ ਹੈ। ਸਿਹਤ ਕਾਇਮ ਰੱਖਣ ਲਈ ਉਹ ਹਰ ਸਾਲ ਡੇਢ ਮਿਲੀਅਨ ਡਾਲਰ ਖਰਚਦਾ ਹੈ। ਵਾਈਨ ਉਸ ਨੂੰ ਮਾਫ਼ਕ ਹੈ ਇਸ ਲਈ ਵਿਸਕੀ ਤੋਂ ਪ੍ਰਹੇਜ਼ ਕਰਦਾ ਹੈ। ਜਨਵਰੀ 2009 ਵਿਚ ਉਸ ਦੇ ਜਬਾੜ੍ਹੇ 'ਚ ਟਿਊਮਰ ਉੱਗ ਪਿਆ ਸੀ ਜੋ ਪੰਜ ਘੰਟਿਆਂ ਦੀ ਸਰਜਰੀ ਨਾਲ ਸਾਫ਼ ਕਰ ਦਿੱਤਾ ਗਿਆ। ਉਸ ਦਾ ਪਬਲਿਕ ਇਮੇਜ ਬਹੁਤ ਵਧੀਆ ਹੈ। ਮੀਡੀਏ 'ਚ ਉਹਦੀ ਮਹਿਮਾ ਹੁੰਦੀ ਰਹਿੰਦੀ ਹੈ। ਸ਼ੌਕ ਵੀ ਬਥੇਰੇ ਪਾਲਦਾ ਹੈ ਤੇ ਸਿਆਸਤ ਵਿਚ ਵੀ ਮਾੜੀ ਮੋਟੀ ਦਿਲਚਸਪੀ ਰੱਖਦਾ ਹੈ। ਕੰਪਨੀਆਂ ਉਸ ਦੀ ਇਸ਼ਤਿਹਾਰਬਾਜ਼ੀ ਨਾਲ ਆਪੋ ਆਪਣਾ ਮਾਲ ਵੇਚਦੀਆਂ ਹਨ। ਉਹ 2020 'ਚ ਐੱਨਬੀਏ ਆਲ ਸਟਾਰ ਟੀਮ ਵਿਚ ਚੁਣਿਆ ਗਿਆ ਤਾਂ ਟੀਮ ਨੂੰ ਵਿਸ਼ੇਸ਼ ਜਰਸੀਆਂ ਪਹਿਨਾਈਆ ਗਈਆਂ। ਬਾਅਦ ਵਿਚ ਚੈਰਟੀ ਲਈ ਜਰਸੀਆਂ ਦੀ ਬੋਲੀ ਲੱਗੀ ਤਾਂ ਲੇਬਰਾਨ ਜੇਮਸ ਦੀ ਪਹਿਨੀ ਜਰਸੀ 630000 ਡਾਲਰ 'ਚ ਵਿਕੀ।

ਵੱਡੇ ਖਿਡਾਰੀਆਂ ਦੀਆਂ ਗੱਲਾਂ ਵੱਡੀਆਂ ਹੁੰਦੀਆਂ ਹਨ ਜੋ ਕਦੇ ਮੁੱਕਦੀਆਂ ਨਹੀਂ। ਜੀਹਨੇ ਲੇਬਰਾਨ ਜੇਮਸ ਬਾਰੇ ਬਹੁਤਾ ਕੁਝ ਜਾਣਨਾ ਹੋਵੇ ਉਹ ਉਸ ਦੀ ਜੀਵਨੀ ਪੜ੍ਹ ਸਕਦਾ ਹੈ ਜਾਂ ਉਸ ਦੀਆਂ ਫਿਲਮਾਂ ਤੇ ਵੀਡੀਓਜ਼ ਵੇਖ ਸਕਦਾ ਹੈ। ਖ਼ੁਦ ਗ਼ਰੀਬੀ ਹੰਢਾਈ ਹੋਣ ਕਰਕੇ ਉਹ 2300 ਲੋੜਵੰਦ ਬੱਚਿਆਂ ਨੂੰ ਪੜ੍ਹਾਈ ਤੇ ਸਿਹਤ ਬਣਾਈ ਰੱਖਣ ਲਈ ਵਜ਼ੀਫ਼ੇ ਦੇ ਰਿਹਾ ਹੈ। ਉਸ ਨੂੰ ਜਿਥੇ ਹੋਰ ਦਰਜਨਾਂ ਅਵਾਰਡ ਮਿਲੇ ਹਨ ਉਥੇ ਕਮਿਊਨਿਟੀ ਦੀ ਉੱਤਮ ਸੇਵਾ ਲਈ ਐੱਨਬੀਏ ਦਾ ਜੇ. ਵਾਲਟਰ ਕੈਨੇਡੀ ਸਿਟੀਜ਼ਨਸ਼ਿਪ ਅਵਾਰਡ ਵੀ ਦਿੱਤਾ ਗਿਆ ਹੈ। ਲੇਬਰਾਨ ਜੇਮਸ ਸੱਚਮੁੱਚ ਖੇਡ ਦਰਸ਼ਕਾਂ ਦੇ ਦਿਲਾਂ ਦਾ ਬਾਦਸ਼ਾਹ ਹੈ।

---

*(ਪਿਛਲੇ ਸਫੇ ਦੀ ਬਾਕੀ)*

ਔਰਤਾਂ ਨੂੰ ਪੜ੍ਹਾਈ ਅਤੇ ਰੁਜ਼ਗਾਰ ਦੇ ਸੀਮਤ ਮੌਕੇ ਮਿਲਦੇ ਹਨ ਜਿਸ ਕਾਰਨ ਉਸ ਦੇ ਆਤਮ-ਵਿਸ਼ਵਾਸ ਤੇ ਹਉਮੈ ਨੂੰ ਸੱਟ ਵੱਜਦੀ ਹੈ। ਜਿਸ ਨਾਲ ਉਸਦੀ ਸੁਰਤ ਢਹਿੰਦੀ ਕਲਾ ਵੱਲ ਜਾਂਦੀ ਹੈ। ਮੀਨੋਪਾਜ਼ ਦਾ ਸਮਾਂ ਔਰਤ ਲਈ ਬਹੁਤ ਹੀ ਸੰਵੇਦਨਸ਼ੀਲ ਪੜਾਅ ਹੁੰਦਾ ਹੈ। ਉਸ ਸਮੇਂ ਵਿਚ ਉਸ ਦੇ ਸਰੀਰਕ ਢਾਂਚੇ ਵਿਚ ਬਦਲਾਅ ਦੇ ਨਾਲ-ਨਾਲ ਬਹੁਤ ਸਾਰੇ ਮਾਨਸਿਕ ਵਿਕਾਰ ਵੀ ਸ਼ੁਰੂ ਹੋ ਜਾਂਦੇ ਹਨ। ਹਾਰਮੋਨਜ਼ ਵਿਚ ਅਸੰਤੁਲਨ ਪੈਦਾ ਹੋਣ ਨਾਲ ਕਈ ਵਾਰੀ ਉਸਨੂੰ ਉਦਾਸੀ ਦੇ ਨਾਲ ਹਿਸਟੀਰੀਆ ਦੇ ਦੌਰੇ ਵੀ ਪੈਂਦੇ ਹਨ। ਇਹ ਦੌਰ ਪੰਤਾਲੀ ਸਾਲ ਦੀ ਉਮਰ ਤੋਂ ਪੰਜਾਹ ਸਾਲ ਦੀ ਉਮਰ ਤਕ ਵੀ ਚਲ ਸਕਦਾ ਹੈ। ਤਲਾਕਸ਼ੁਦਾ ਅਤੇ ਵਿਧਵਾ ਔਰਤਾਂ ਸਮਾਜ ਦੇ ਤਾਅਨੇ-ਮਿਹਣਿਆਂ ਦਾ ਸ਼ਿਕਾਰ ਹੋਈਆਂ ਰਹਿੰਦੀਆਂ ਹਨ। ਬਹੁਤ ਸਾਰੀਆਂ ਸਮਾਜਿਕ ਰੀਤੀ-ਰਿਵਾਜ਼ਾਂ ਅਤੇ ਰਸਮਾਂ ਵੇਲੇ ਉਨ੍ਹਾਂ ਨੂੰ ਨਹਿਸ਼ ਸਮਝ ਕੇ ਗੁਸਤਾਖ ਨਜ਼ਰਾਂ ਨਾਲ ਵੇਖਿਆ ਜਾਂਦਾ ਹੈ ਜਿਸ ਕਾਰਨ ਉਨ੍ਹਾਂ ਦੇ ਮਾਨਸਿਕ ਢਾਂਚੇ 'ਤੇ ਬਹੁਤ ਡੂੰਘੀਆਂ ਦੁਖਦਾਈ ਲਕੀਰਾਂ ਖਿਚੀਆਂ ਜਾਂਦੀਆਂ ਹਨ-ਅੰਦਰੋਂ-ਅੰਦਰੀ ਉਨ੍ਹਾਂ ਨੂੰ ਖਾਈ ਜਾਂਦੀਆਂ ਹਨ ਜੋ ਕਿ ਮਾਨਸਿਕ ਸਿਹਤ ਲਈ ਘਾਤਕ ਸਿੱਧ ਹੁੰਦੀਆਂ ਹਨ। ਵੱਖਰੇ ਵੱਖਰੇ ਖੇਤਰਾਂ ਵਿਚ ਵਿਚਰਦੀਆਂ ਔਰਤਾਂ ਸਮਾਜਿਕ, ਆਰਥਕ ਤੇ ਘਰੇਲੂ ਸਮੱਸਿਆਵਾਂ ਨੂੰ ਵੱਖਰੀ ਤਰ੍ਹਾਂ ਮਹਿਸੂਸ ਕਰਦੀਆਂ ਹਨ ਅਤੇ ਵੱਖਰੀ ਤਰ੍ਹਾਂ ਦਾ ਪ੍ਰਭਾਵ ਕਬੂਲਦੀਆਂ ਹਨ। ਮੰਦਬੁੱਧੀ ਤੇ ਘੱਟ ਆਈ-ਕਿਉ ਵਾਲੀਆਂ ਔਰਤਾਂ ਮਾੜੇ-ਚੰਗੇ ਹਾਲਾਤਾਂ ਨੂੰ ਬਹੁਤਾ ਨਹੀਂ ਗੌਲਦੀਆਂ-ਗੰਭੀਰ ਮਾਨਸਿਕ ਰੋਗਾਂ ਤੋਂ ਬਚੀਆਂ ਰਹਿੰਦੀਆਂ ਹਨ। ਆਮ ਔਰਤਾਂ ਲਈ ਕਈ ਵਾਰੀ ਧਾਰਮਿਕ ਕੱਟੜਤਾ ਵੀ ਮਾਨਸਿਕ ਰੋਗ ਬਣ ਜਾਂਦੀ ਹੈ। ਰਾਜਨੀਤਕ ਖੇਤਰ ਵਿਚ ਕੰਮ ਕਰਦੀਆਂ ਔਰਤਾਂ ਵਿਚ ਖਾਹਿਸ਼ਾਂ ਉੱਚੀਆਂ ਪਦਵੀਆਂ ਨਾਲ ਬੱਝੀਆਂ ਹੁੰਦੀਆਂ ਹਨ ਤੇ ਵੱਡੇ ਸੁਪਨੇ ਟੁੱਟਦੇ ਹਨ ਤਾਂ ਉਨ੍ਹਾਂ ਨੂੰ ਵੀ ਕਈ ਵਾਰੀ ਮਨੋਵਿਗਿਆਨਕਾਂ ਕੋਲ ਸਲਾਹ ਲੈਣ ਜਾਣਾ ਪੈਂਦਾ ਹੈ। ਔਰਤਾਂ ਤੇ ਮਰਦ ਲੇਖਕ, ਕਵੀ, ਕਲਾਕਾਰ ਆਮ ਲੋਕਾਂ ਨਾਲੋਂ ਜ਼ਿਆਦਾ ਸੰਵੇਦਨਸ਼ੀਲ ਹੁੰਦੇ ਹਨ, ਹਰ ਘਟਨਾ-ਦੁਰਘਟਨਾ ਨੂੰ ਆਮ ਲੋਕਾਂ ਨਾਲੋਂ ਜ਼ਿਆਦਾ ਤੀਬਰਤਾ ਨਾਲ ਮਹਿਸੂਸ ਕਰਦੇ ਹਨ ਅਤੇ ਉਸਦਾ ਤੀਖਣ ਪ੍ਰਭਾਵ ਕਬੂਲਦੇ ਹਨ। ਉਹ ਇਨ੍ਹਾਂ ਨੂੰ ਆਪਣੇ ਵਿਚਾਰਾਂ ਵਿਚ ਢਾਲ ਕੇ ਖੂਬਸੂਰਤ ਰਚਨਾਵਾਂ, ਕਲਾਕ੍ਰਿਤੀਆਂ ਪੈਦਾ ਕਰਦੇ ਹਨ ਪਰ ਮਨੋਵਿਗਿਆਨੀਆਂ ਦਾ ਵਿਚਾਰ ਹੈ ਕਿ ਨਵੀਂ ਕਰੀਅਸ਼ਨ ਤੇ ਮਾਨਸਿਕ ਰੋਗਾਂ ਦਾ ਡੂੰਘਾ ਸਬੰਧ ਹੈ। ਆਮ ਆਬਾਦੀ ਵਿਚ ਮਾਨਸਿਕ ਰੋਗੀ ਸਿਰਫ 5% ਹੁੰਦੇ ਹਨ ਪਰ ਲੇਖਕ-ਲੇਖਕਾਵਾਂ, ਕਵੀ-ਕਵਿਤਰੀਆਂ, ਸਟੇਜੀ ਜਾਂ ਫਿਲਮੀ ਕਲਾਕਾਰਾਂ ਵਿਚ ਮਾਨਸਿਕ ਬਿਮਾਰਾਂ ਦੀ ਗਿਣਤੀ 30% ਤੋਂ 50% ਤਕ ਵੀ ਦੇਖੀ ਗਈ ਹੈ। ਕੰਮ ਦਾ ਬੋਝ, ਕੰਮ ਮਿਲਣ ਦੀ ਅਸਥਿਰਤਾ, ਭਵਿੱਖ ਦੀ ਅਨਿਸ਼ਚਤਾ, ਸਾਥੀਆਂ ਨਾਲ ਮੁਕਾਬਲੇਬਾਜ਼ੀ ਅਤੇ ਸ਼ੱਕੀ ਸੁਭਾਅ ਇਨ੍ਹਾਂ ਨੂੰ ਮਾਨਸਿਕ ਵਿਕਾਰਾਂ ਵਲ ਲੈ ਜਾਂਦੇ ਹਨ। ਬਹੁਤ ਧਨਵਾਨ ਤੇ ਮਹਾਨ ਔਰਤ ਹਸਤੀਆਂ ਵੀ ਘੋਰ ਡਿਪਰੈਸ਼ਨ ਵਿਚ ਘਿਰੀਆਂ ਵੇਖੀਆਂ ਗਈਆਂ ਹਨ। ਇਹ ਲੋਕ ਆਪਣੇ ਆਪ ਨੂੰ ਠੀਕ ਕਰਨ ਵਿਚ ਵੀ ਆਮ ਲੋਕਾਂ ਨਾਲੋਂ ਹੁਸ਼ਿਆਰ ਹੁੰਦੇ ਹਨ ਤੇ ਜਲਦੀ ਸੰਭਲ ਜਾਂਦੇ ਹਨ ਕਿਉਂਕਿ ਇਨ੍ਹਾਂ ਕੋਲ ਸਾਧਨ ਤੇ ਆਰਥਕ ਸਮਰੱਥਾ ਵੀ ਵੱਧ ਹੁੰਦੀ ਹੈ। ਆਮ ਜਨਤਾ ਲਈ ਇਹ ਵਿਕਾਰ ਵੱਡੀ ਸਮੱਸਿਆ ਬਣ ਜਾਂਦੇ ਹਨ।

ਔਰਤਾਂ ਵਿਚ ਬਹੁਤੇ ਮਾਨਸਿਕ ਵਿਕਾਰ ਜਾਂ ਰੋਗ ਚਿੰਤਾ/ਹੋਰ ਉਦਾਸੀ ਤੋਂ ਹੀ ਸ਼ੁਰੂ ਹੁੰਦੇ ਹਨ। ਫਿਰ ਹੌਲੀ-ਹੌਲੀ ਖਾਣ-ਪੀਣ ਨਾਲ ਸਬੰਧਤ ਵਿਕਾਰ, ਸ਼ਖਸੀਅਤ ਸਬੰਧੀ ਵਿਕਾਰ, ਹਿਸਟਰੀਆ, ਬਾਈ-ਪੋਲਰ, ਭਰਮ ਰੋਗ ਅਤੇ ਸ਼ੀਜ਼ੋਫਰੀਨੀਆ ਵਰਗੇ ਮਾਨਸਿਕ ਰੋਗਾਂ ਤਕ ਪਹੁੰਚ ਸਕਦੇ ਹਨ। ਜਿਹੜੇ ਸਧਾਰਨ ਨਿਰੋਟਿਕ ਰੋਗ ਤਾਂ ਮਨੋਵਿਗਿਆਨੀ ਰੋਗੀ ਨਾਲ ਵਾਰਤਾਲਾਪ (ਮਨੋ-ਵਿਸ਼ਲੇਸ਼ਣ) ਕਰਕੇ ਹੀ ਉਨ੍ਹਾਂ ਦੇ ਅੰਦਰ ਬਣੀਆਂ ਮਾਨਸਿਕ ਗੁੰਝਲਾਂ ਨੂੰ ਸੁਲਝਾਅ ਕੇ ਠੀਕ ਕਰ ਦਿੰਦੇ ਹਨ। ਘੋਰ ਡਿਪਰੈਸ਼ਨ ਅਤੇ ਵੱਡੀਆਂ ਵੱਡੀਆਂ ਮਾਨਸਿਕ ਬਿਮਾਰੀਆਂ ਦੇ ਇਲਾਜ ਲਈ ਮਨੋ-ਚਕਿਤਸਕ ਦਵਾਈਆਂ ਦੀ ਮਦਦ ਲੈਂਦੇ ਹਨ। ਜ਼ਿਆਦਾ ਗੰਭੀਰ ਮਾਨਸਿਕ ਰੋਗਾਂ ਲਈ ਕਈ ਵਾਰੀ ਬਿਜਲੀ ਦੇ ਹਲਕੇ ਝਟਕੇ ਵੀ ਦੇਣੇ ਪੈਂਦੇ ਹਨ। ਜੇਕਰ ਪ੍ਰਾਣੀ ਆਪ ਹੀ ਆਪਣੇ ਆਪ ਨੂੰ ਸਮਝ ਕੇ ਆਪਣੇ ਆਪ ਨੂੰ ਮਾਨਸਿਕ ਰੋਗਾਂ ਤੋਂ ਬਚਾਉਣਾ ਚਾਹੁੰਦਾ ਹੋਵੇ ਤਾਂ ਉਸ ਨੂੰ ਹਰ ਰੋਜ਼ ਬਣਦੀ ਕਸਰਤ ਕਰਨੀ ਜ਼ਰੂਰੀ ਹੈ। ਸਕਾਰਾਤਮਕ ਵਿਚਾਰ, ਸਾਦਾ ਤੇ ਪੌਸ਼ਟਕ ਭੋਜਨ, ਕਾਫੀ ਮਾਤਰਾ ਵਿਚ ਸਾਫ ਪਾਣੀ ਦਾ ਸੇਵਨ ਅਤੇ ਲੋੜੀਂਦੀ ਵਧੀਆ ਨੀਂਦਰ ਆਮ ਮਨੁੱਖ ਨੂੰ ਮਾਨਸਿਕ ਰੋਗਾਂ ਤੋਂ ਬਚਾ ਸਕਦੀ ਹੈ।

## ਸਿਹਤ ਵਿਗਿਆਨ

# ਸਰੀਰ ਤੇ ਸਰੀਰ ਦੀ ਸੂਖਮਤਾ -2



***ਆਪਣੇ ਪੰਜਾਹ ਸਾਲਾਂ ਦੇ ਮੈਡੀਕਲ ਖੇਤਰ ਅਤੇ ਮੈਡੀਕਲ ਕਾਲਜਾਂ ਵਿਚ ਪੜ੍ਹਾਉਣ ਦੇ ਤਜਰਬੇ ਦੇ ਆਧਾਰ 'ਤੇ ਮੈਡੀਕਲ ਨਾਲ ਸਬੰਧਤ ਜਾਣਕੀ ਪਾਠਕਾਂ ਦੀ ਨਜ਼ਰ ਕਰ ਰਿਹਾ ਹਾਂ, ਜੋ ਮੇਰੇ ਲਈ ਖੁਸ਼ੀ ਵਾਲੀ ਗੱਲ ਹੈ। ਆਪਣੀ ਜ਼ਿੰਦਗੀ ਦੇ ਪਝੱਤਰ ਵਿਚੋਂ ਪੰਜਾਹ ਸਾਲ ਮੈਡੀਕਲ ਪੇਸ਼ੇ ਨਾਲ ਸੰਬੰਧਿਤ ਰਹਿੰਦਿਆਂ ਤੇ ਹੋਮਿਓਪੈਥਿਕ ਮੈਡੀਕਲ ਕਾਲਜਾਂ ਤੇ ਹਸਪਤਾਲਾਂ ਵਿਚ ਪ੍ਰੋਫੈਸਰ, ਚੀਫ ਮੈਡੀਕਲ ਅਫਸਰ ਤੇ ਪ੍ਰਿੰਸੀਪਲ ਵਰਗੇ ਅਹੁਦਿਆਂ 'ਤੇ ਕੰਮ ਕਰਦਿਆਂ ਸਿਹਤ ਸੰਬੰਧੀ ਜੋ ਜਾਣਕਾਰੀ ਮੈਂ ਹੁਣ ਤੱਕ ਇਕੱਤਰ ਕੀਤੀ ਹੈ ਤੇ ਮੈਡੀਕਲ ਸਾਇੰਸ ਆਪਣੇ ਸ਼ੁਰੂਆਤ ਤੋਂ ਵਰਤਮਾਨ ਤੱਕ ਜਿਨ੍ਹਾਂ ਪੜਾਵਾਂ ਵਿਚੋਂ ਲੰਘੀ ਹੈ, ਉਨ੍ਹਾਂ ਦਾ ਵੇਰਵਾ ਤੁਹਾਡੇ ਨਾਲ ਲੜੀਵਾਰ ਸਾਂਝਾ ਕਰਾਂਗਾ। ਇਸ ਸਿਲਸਿਲੇਵਾਰ ਜਾਣਕਾਰੀ ਦੇ ਨਾਲ-ਨਾਲ ਸਮੇਂ ਸਮੇਂ 'ਤੇ ਸਿਹਤ ਸੰਬੰਧੀ ਸਵਾਲਾਂ ਦੇ ਜਵਾਬ ਵੀ ਤੁਹਾਨੂੰ ਇਸ ਕਾਲਮ ਰਾਹੀਂ ਮਿਲ ਜਾਣਗੇ।***

**ਗੁਰਦੀਪ ਸਿੰਘ ਸੰਧੂ**
**ਫੋਨ: 408-687-1899**

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

ਬੇਸ਼ੱਕ ਇਹ ਵਿਸ਼ਾ ਮੈਡੀਕਲ ਸਾਇੰਸ ਨਾਲ ਨਹੀਂ ਅਧਿਆਤਮਿਕਤਾ ਨਾਲ ਸੰਬੰਧਿਤ ਹੈ ਪਰ ਕਿਉਂਕਿ ਅਸੀਂ ਮਨ ਨੂੰ ਮਾਨਤਾ ਦੇ ਚੁੱਕੇ ਹਾਂ ਜੋ ਇਸ ਸਰੀਰ ਦਾ ਪਹਿਲਾ ਸੂਖਮ ਤੇ ਦਿਖਾਈ ਨਾ ਦੇਣ ਵਾਲਾ ਸਟੇਸ਼ਨ ਹੈ। ਅਧਿਆਤਮਵਾਦ ਯੋਗੀਆਂ ਦਾ ਵਿਗਿਆਨ ਕਹਿੰਦਾ ਹੈ ਕਿ ਮਨ ਕਿਵੇਂ ਕੰਮ ਕਰਦਾ ਹੈ? ਇਸ ਸਵਾਲ ਦਾ ਜਵਾਬ ਯੋਗਿਕ ਕਿਰਿਆ ਵਾਲੇ ਆਪਣੀ ਸਾਧਨਾ ਨਾਲ ਦਿੰਦੇ ਹਨ ਕਿ ਮਨ ਦਾ ਬੌਸ ਇਸ ਤੋਂ ਵੀ ਸੂਖਮ ਮਨ ਹੈ ਜਿਸ ਨੂੰ ਅੰਗਰੇਜ਼ੀ ਵਿਚ ਮਾਈਂਡ ਸਟੱਫ ਕਹਿੰਦੇ ਹਨ। ਪੰਜਾਬੀ ਵਿਚ 'ਮੈਂ' ਆਪਣੀ ਹੋਂਦ ਦਾ ਦਾਅਵਾ ਕਰਨ ਵਾਲਾ ਸਟੇਸ਼ਨ ਹੈ। ਇਹ ਸਾਬਤ ਇੰਜ ਹੀ ਕੀਤਾ ਜਾਂਦਾ ਹੈ ਜਦ ਅਸੀਂ ਆਪਣੇ ਆਪ ਨੂੰ ਦੂਜਿਆਂ ਨਾਲੋਂ ਵੱਖਰੇ ਵਿਚਾਰਾਂ, ਖਾਹਸ਼ਾਂ, ਲੋੜਾਂ ਵਾਲਾ ਮੰਨਦੇ ਹਾਂ। ਮਨ ਸਿਰਫ ਇਸ ਦਾ ਇੰਟਰਪਰੈਟਰ ਹੀ ਸਾਬਤ ਹੁੰਦਾ ਹੈ। ਇਹ ਸੂਖਮ ਵਿਚਾਰਾਂ ਨੂੰ ਪਦਾਰਥਕ ਭਾਵ ਸਰੀਰਕ ਰੂਪ ਵਿਚ ਬਦਲ ਕੇ ਬਰੇਨ ਨੂੰ ਪਹੁੰਚਾਉਣ ਵਾਲਾ ਹੈ। ਮਾਈਂਡ ਸਟੱਫ ਵੀ ਸਭ ਕੁਝ ਆਪ ਨਹੀਂ ਇਸ ਦੀ ਮਾਲਕੀ ਜਿਸ ਕਿਸੇ ਕੋਲ ਵੀ ਹੈ ਅੰਗਰੇਜ਼ੀ ਵਿਚ ਉਸਨੂੰ ਈਗੋ ਕਹਿੰਦੇ ਹਨ। ਪੰਜਾਬੀ ਵਿਚ "ਹਉਮੈ" ਕਹਿੰਦੇ ਹਨ। ਮਤਲਬ ਜਦ ਅਸੀਂ ਆਪਣੇ ਆਪ 'ਤੇ ਮਾਣ ਕਰਨ ਲੱਗਦੇ ਹਾਂ, ਆਪਣੇ ਗੁਣਾਂ ਤੇ ਆਪਣੀ ਸਮਝ 'ਤੇ ਮਾਣ ਕਰਨ ਲੱਗਦੇ ਹਾ ਤਾਂ ਮਤਲਬ ਹੈ ਮਨ ਦੀ ਸੋਚ ਤੋਂ ਉੱਪਰ ਅਸੀਂ ਹਉਮੈ ਦੇ ਸਟੇਸ਼ਨ ਤੋਂ ਗੱਲ ਕਰ ਰਹੇ ਹਾਂ।

ਪਰ ਇਹ ਗੁਣ ਔਗੁਣ ਦਾ ਮਾਲਕ ਵੀ ਈਗੋ ਹਉਮੈ ਵਾਲਾ ਸੂਖਮ ਸਟੇਸ਼ਨ ਨਹੀਂ ਹੈ। ਇਸ ਤੋਂ ਵੀ ਉੱਪਰ ਦਾ ਸਟੇਸ਼ਨ ਹੈ ਜਿਸਨੂੰ ਅੰਗਰੇਜ਼ੀ ਵਿਚ 'ਸੁਪਰਈਗੋ' ਅਤੇ ਪੰਜਾਬੀ ਵਿਚ ਇਸ ਨੂੰ "ਹੰਕਾਰ " ਕਹਿ ਕੇ ਪਰਿਭਾਸ਼ਿਤ ਕੀਤਾ ਜਾਂਦਾ ਹੈ। ਤੇ ਸਾਬਤ ਇੰਜ ਕੀਤਾ ਜਾਂਦਾ ਹੈ ਜਿਵੇਂ ਕੋਈ ਕਹੇ ਕਿ ਬੱਸ ਜੋ ਮੈਂ ਜਾਣਦਾ ਹਾਂ ਉਹੀ ਸੱਚ ਹੈ, ਆਖਰੀ ਸੱਚ। ਪਰ ਇਹ ਹੰਕਾਰ ਵੀ ਆਪਣੀ ਪੈਦਾਇਸ਼ ਆਪ ਨਹੀਂ ਹੈ ਇਹ ਕੁਝ ਵੀ ਹੋਵੇ ਕਿੰਨਾ ਵੀ ਹੰਕਾਰੀ ਕਿਉਂ ਨਾ ਹੋਵੇ ਪਰ ਇਹਦਾ ਸਭ ਹੰਕਾਰ ਪਦਾਰਥਕ ਹੈ ਜਾਂ ਕੇਵਲ ਵਿਚਾਰਾਤਮਕ ਹੈ। ਸਮੇਂ ਨਾਲ ਹਰ ਮਨੁੱਖ ਦੇ ਵਿਚਾਰ ਬਦਲ ਜਾਂਦੇ ਹਨ। ਹਉਮੈ ਆਪਣੇ ਤੋਂ ਵੱਡੇ ਦੇ ਸਾਹਮਣੇ ਹਾਰ ਜਾਂਦੀ ਹੈ ਅਤੇ ਹੰਕਾਰ ਵੀ ਆਪਣਾ ਵਜੂਦ ਸਦਾ ਲਈ ਸਥਿਰ ਨਹੀਂ ਰੱਖ ਸਕਦਾ ਆਪਣੇ ਤੋਂ ਵੱਡੇ ਤੇ ਤਕੜੇ ਹੰਕਾਰੀ ਸਾਹਵੇਂ ਹਾਰ ਜਾਂਦਾ ਹੈ। ਪਰ ਇਸ ਹਉਮੈ ਜਾਂ ਹੰਕਾਰ ਨੂੰ ਸਾਬਤ ਕਰਨ ਲਈ ਅੱਗੇ ਕਿਸੇ ਹੋਰ ਉੱਪਰ ਨਿਰਭਰ ਕਰਨਾ ਪੈਂਦਾ ਹੈ। ਪਦਾਰਥ ਯਾਨੀ ਮਾਲ ਸਮਾਨ। ਅੱਜ ਦੇ ਸਮੇਂ ਹਉਮੈ ਜਾਂ ਹੰਕਾਰ ਦਾ ਆਧਾਰ ਪਦਾਰਥਕ ਹੈ ਤੇ ਨਾਸ਼ਵਾਨ ਵੀ ਹੈ, ਵਿਚਾਰਾਤਮਕ ਵੀ ਹੈ ਤਾਂ ਉਨ੍ਹਾਂ ਵਿਚਾਰਾਂ ਨੂੰ ਸਾਬਤ ਕਰਨ ਲਈ ਕਿਸੇ ਸਹਾਰੇ ਦੀ ਲੋੜ ਹੈ ਰੌਸ਼ਨ ਕਰਨ ਦੀ ਲੋੜ ਹੈ। ਜਿਸਨੂੰ ਇਨਫਿਨਟੀ ਯਾਨੀ ਬੇਅੰਤਤਾ ਕਹੋ ਜਾਂ ਅੰਗਰੇਜ਼ੀ ਵਿਚ ਗੌਡ ਕਹੋ ਜਾਂ ਪੰਜਾਬੀ ਵਿਚ ਰੱਬ ਕਹੋ। ਬਿਨਾ ਬ੍ਰਹਿਮੰਡੀ ਰੌਸ਼ਨੀ ਦੇ ਮਨੁੱਖ ਦੀ ਹਉਮੈ ਜਾਂ ਹੰਕਾਰ ਦਾ ਕੋਈ ਆਧਾਰ ਨਹੀਂ ਰਹਿੰਦਾ ਕੋਈ ਵਜੂਦ ਨਹੀਂ ਰਹਿੰਦਾ।

ਇਕ ਮਿਸਾਲ ਦੇ ਕੇ ਸਰੀਰ ਤੇ ਸਿਹਤ ਵਿਗਿਆਨ ਵਿਸ਼ੇ ਵੱਲ ਆਵਾਂਗਾ। ਤੁਸੀ ਫ਼ਿਲਮ ਦੇਖਦੇ ਹੋ ਜਿਸ ਵਿਚ ਇਕ ਸਕਰੀਨ ਯਾਨੀ ਪਰਦਾ ਹੁੰਦਾ ਹੈ। ਦੂਰ ਕਿਤੇ ਇਕ ਪਰੋਜੈਕਟਰ ਹੈ, ਜਿਸ ਵਿਚ ਫ਼ਿਲਮ ਦੀ ਰੀਲ ਹੈ ਜੋ ਤੁਸੀਂ ਵੱਡੇ ਰੂਪ ਵਿਚ ਪਰਦੇ 'ਤੇ ਵੇਖ ਰਹੇ ਹੋ। ਪਰ ਇਹ ਸਾਰਾ ਕੁਝ ਹੁੰਦਿਆਂ ਵੀ ਜੇ ਪਿਛੋਂ ਰੌਸ਼ਨੀ ਨਾ ਹੋਵੇ ਤਾ ਪਰੋਜੈਕਟਰ ਜਾਂ ਪਰੋਜੈਕਟਰ ਵਿਚ ਪਈ ਫ਼ਿਲਮ ਕਿਸ ਕੰਮ, ਕੁਝ ਵੀ ਪਰਦੇ ਉੱਪਰ ਵਜੂਦ ਵਿਚ ਨਹੀਂ ਆ ਸਕਦਾ। ਨਹੀਂ ਦਿਖਾਈ ਦਿੰਦਾ।

ਸਾਡਾ ਸਰੀਰ ਇਸੇ ਤਰ੍ਹਾਂ ਇਕ ਪਰਦਾ ਹੈ ਜੋ ਇਨਫਿਨਟੀ ਜਾਂ ਕਹੋ ਗੌਡ ਤੋਂ ਬ੍ਰਹਿਮੰਡੀ ਰੌਸ਼ਨੀ ਲੈ ਕੇ ਹੀ ਕਾਰ-ਆਮਦ ਹੋਇਆ ਦਿਖਾਈ ਦਿੰਦਾ ਹੈ, ਯਾਨੀ ਸਰੀਰ ਉੱਪਰ ਕੁਝ ਵਾਪਰਦੀ ਕਿਰਿਆ ਦਿਖਾਈ ਦਿੰਦੀ ਹੈ। ਜੇ ਪਰੋਜੈਕਟਰ ਵਿਚ ਬ੍ਰਹਿਮੰਡੀ ਰੌਸ਼ਨੀ ਰੂਪੀ ਲਾਈਟ ਪਰਵਾਹਿਤ ਨਾ ਹੋਵੇ ਤਾਂ ਹਉਮੈ ਹੰਕਾਰ ਤਾਂ ਕੀ ਇਸ ਸਰੀਰ ਦਾ ਵਜੂਦ ਵੀ ਨਹੀਂ ਰਹਿੰਦਾ। ਯਾਨੀ ਪਰਦੇ 'ਤੇ ਕੁਝ ਵੀ ਦਿਖਾਈ ਨਹੀਂ ਦਿੰਦਾ। ਯਾਨੀ ਸਰੀਰ ਅਰਥਹੀਣ ਮੁਰਦਾ ਹੋ ਜਾਂਦਾ ਹੈ।

ਮਨ ਇਸ ਸਰੀਰ ਦਾ ਪਹਿਲਾ ਸੂਖਮ ਸਟੇਸ਼ਨ ਹੈ ਬਰੇਨ ਵਰਗੇ ਸਥੂਲ ਦਿਖਾਈ ਦਿੰਦੇ ਆਖਰੀ ਸਟੇਸ਼ਨ ਤੋਂ ਬਾਹਦ। ਹੱਡੀਆਂ ਮਾਸਪੇਸ਼ੀਆਂ ਤੇ ਸਭ ਅੰਗ ਤੇ ਇਨ੍ਹਾਂ ਅੰਗਾਂ ਦੀਆਂ ਸੂਚਨਾਵਾਂ ਇਕੱਠੀਆਂ ਕਰਨ ਤੇ ਵਾਪਸੀ ਹੁਕਮ ਲਿਆਉਣ ਵਾਲਾ ਨਰਵਸ ਸਿਸਟਮ ਬਾਕੀ ਸਰੀਰ ਦੇ ਸਿਸਟਮਾਂ ਵਾਗ ਹੀ ਮਹੱਤਵਪੂਰਨ ਹੈ। ਹਰ ਸਿਸਟਮ ਦਾ ਜੀਵਨ ਨੂੰ ਨਾਰਮਲ ਚੱਲਦਾ ਰੱਖਣ ਲਈ ਆਪਣਾ ਯੋਗਦਾਨ ਹੈ ਤੇ ਹਰ ਸਿਸਟਮ ਹੀ ਆਪਣੀ ਥਾਂ ਮਹੱਤਵਪੂਰਨ ਹੈ।

ਵੱਖ-ਵੱਖ ਸਿਸਟਮਾਂ ਦੀ ਜਾਣਕਾਰੀ ਸ਼ੁਰੂ ਕਰਨ ਤੋਂ ਪਹਿਲਾਂ ਇਕ ਨਵੇਂ ਜੀਵਨ ਦੀ ਸ਼ੁਰੂਆਤ ਦੀ ਮੁਢਲੀ ਜਾਣਕਾਰੀ ਸ਼ੁਰੂ ਕਰ ਰਿਹਾ ਹਾਂ ਜਿਸ ਨੂੰ ਮੈਡੀਕਲ ਸਾਇੰਸ ਦੀ ਟਰਮੇਨਾਲੋਜੀ ਵਿਚ ਇਮਬਰੌਲੋਗੇ ਕਹਿੰਦੇ ਹਨ। ਨਵ ਜੀਵਨ ਦੀ ਇਸ ਸ਼ੁਰੂਆਤ ਦੀ ਸ਼ੁਰੂ ਸ਼ੁਰੂ ਵਿਚ ਸਧਾਰਨ ਜਾਣਕਾਰੀ ਤੁਹਾਡੇ ਨਾਲ ਸਾਂਝੀ ਕਰਾਂਗਾ ਤਾਂ ਕਿ ਕੁਦਰਤ ਦੇ ਇਸ ਭੇਤ ਨੂੰ ਜ਼ਿਆਦਾ ਗੁੰਝਲਦਾਰ ਨਾ ਬਣਾ ਕੇ ਜੀਵਨ ਵਿਚੋਂ ਨਵ-ਜੀਵਨ ਦੀ ਉਤਪਤੀ ਕਿਵੇਂ ਹੁੰਦੀ ਹੈ ਇਹ ਜਾਣਕਾਰੀ ਸਾਧਾਰਨ ਤਰੀਕੇ ਨਾਲ ਤੁਹਾਡੇ ਤੱਕ ਪਹੁੰਚਦੀ ਕਰਾਂ।

ਉਪਰੋਕਤ ਲਿਖਤ ਤੋਂ ਇਹ ਸਮਝ ਤਾਂ ਆ ਗਈ ਹੋਵੇਗੀ ਕਿ ਸਰੀਰ ਦਾ ਕਮਾਂਡਰ ਸਾਡਾ ਮਨ ਹੈ। ਤੇ ਇਹ ਮਨ ਹੀ ਹੈ ਜੋ ਸਾਰੇ ਸਿਸਟਮਾਂ ਦਾ ਮਤਲਬ ਸਰੀਰ ਵਿਚ ਚੱਲਦੀ ਜੀਵਨ ਦੀ ਕਿਰਿਆ ਤੇ ਪ੍ਰਤੀਕਿਰਿਆ ਦਾ ਜ਼ਿੰਮੇਵਾਰ ਹੈ। ਬਰੇਨ ਤੋਂ ਸਰੀਰ ਦੇ ਅੰਗਾਂ ਤੱਕ ਤਾਂ ਕੇਵਲ ਇਕ ਖੇਡ ਦਾ ਮੈਦਾਨ ਹੈ ਜਿਸ ਰਾਹੀਂ ਸੂਖਮ ਮਨ ਦੀਆਂ ਕਾਰਵਾਈਆਂ ਅਸੀਂ ਪ੍ਰਤੱਖ ਅੱਖਾਂ ਨਾਲ ਵੇਖ ਸਕਦੇ ਹਾਂ।

ਮਿਸਾਲ ਵਜੋਂ ਜੇ ਕੋਈ ਕਹੇ ਕਿ ਆਹ ਮੇਰੀ ਪੱਗ ਹੈ ਆਹ ਮੇਰੀ ਕਮੀਜ਼ ਹੈ ਤਾਂ ਸਾਧਾਰਨ ਆਦਮੀ ਕਹਿ ਸਕਦਾ ਹੈ ਕਿ ਇਹ ਸਰੀਰ ਹੈ ਜੋ ਪੱਗ 'ਤੇ ਜਾਂ ਕਮੀਜ਼ 'ਤੇ ਦਾਅਵਾ ਜਤਾ ਰਿਹਾ ਹੈ। ਪਰ ਜੇ ਕੋਈ ਕਹੇ ਕਿ ਆਹ ਮੇਰੀ ਅੱਖ ਹੈ ਜਾਂ ਆਹ ਮੇਰੀ ਬਾਂਹ ਹੈ ਤਾਂ ਸੁਭਾਵਕ ਹੀ ਸਮਝ ਆਉਂਦਾ ਹੈ ਕਿ ਇਸ ਸਰੀਰ ਉਪਰ ਅਤੇ ਸਰੀਰ ਦੇ ਅੰਗਾਂ 'ਤੇ ਵੀ ਕੋਈ ਹੋਰ ਦਾਅਵਾ ਜਤਾ ਰਿਹਾ ਹੈ ਕਿ ਇਹ ਮੇਰੇ ਹਨ। ਜੋ ਬਰੇਨ ਤੋਂ ਲੈ ਕੇ ਪੈਰਾਂ ਤੱਕ ਇੰਜ ਹੀ ਪਦਾਰਥਕ ਦਿਸਦੀ ਸਰੀਰ ਦੀ ਕਾਇਆ 'ਤੇ ਆਪਣਾ ਦਾਅਵਾ ਜਤਾਉਂਦਾ ਹੈ ਕਿ ਇਹ ਮੇਰਾ ਸਰੀਰ ਮੇਰੇ ਅੰਗ ਹਨ। ਪਰ ਉਹ ਸੂਖਮ ਹੈ ਤੇ ਉਹ ਮਨ ਹੈ ਦਿਸਦਾ ਨਹੀਂ ਪਰ ਹੋਂਦ ਵਿਚ ਹੈ ਇਹ ਮੰਨਣਾ ਹੀ ਪਵੇਗਾ। ਜਿਹਦੇ ਸੂਖਮ ਅਨੁਭਵ ਪਦਾਰਥਕ ਅੰਗਾਂ ਰਾਹੀਂ ਭਾਵ ਸਾਡੀ ਹੀ ਬੋਲੀ ਰਾਹੀਂ ਫਿਜ਼ੀਕਲ ਰੂਪ ਵਿਚ ਸੁਣਨ ਵਿਚ ਆ ਰਹੇ ਹਨ। ਹਾਲ ਦੀ ਘੜੀ ਇਹ ਮਨ ਕੇ ਚਲੋ ਕਿ ਕੇਵਲ ਇਹ ਮਨ ਹੈ ਜੋ ਅਦਿੱਖ ਹੁੰਦਿਆਂ ਹੋਇਆਂ ਸੂਖਮ ਹੁੰਦਿਆਂ ਹੋਇਆਂ ਵੀ ਪਦਾਰਥਕ ਸਰੀਰ ਦਾ ਮਾਲਕ ਹੈ। ਇਹਦੀ ਹਰ ਵਾਧ ਘਾਟ ਯਾਨੀ ਬਿਮਾਰੀ ਜਾਂ ਤੰਦਰੁਸਤੀ ਦਾ ਜ਼ਿੰਮੇਵਾਰ ਹੈ।

ਅੱਗੇ ਚਲ ਕੇ ਸਾਨੂੰ ਬਿਮਾਰੀਆਂ ਦੇ ਪੈਦਾ ਹੋਣ ਤੇ ਉਨ੍ਹਾਂ ਦੇ ਨਿਵਾਰਨ ਯਾਨੀ ਸਰੀਰ ਦੇ ਤੰਦਰੁਸਤ ਹੋਣ ਦੀ ਕਾਰਵਾਈ ਨੂੰ ਸਮਝਣ ਵਿਚ ਆਸਾਨੀ ਰਹੇਗੀ।

ਸੋ ਹੁਣ ਤੱਕ ਦੇ ਸਾਰੇ ਵਿਸਥਾਰ ਦਾ ਨਤੀਜਾ ਇਹ ਹੋਇਆ ਕਿ ਜੇ ਮਨ ਦਾ ਸਰੀਰ ਨਾ਼ਲੋਂ ਲਿੰਕ ਟੁੱਟ ਜਾਵੇ ਤਾਂ ਸਰੀਰ ਕੋਲ ਆਪਣੀ ਕਿਸੇ ਕਿਰਿਆ ਨੂੰ ਸਪਸ਼ਟ ਕਰਨ ਦਾ ਹੋਰ ਕੋਈ ਜ਼ਰੀਆ ਨਹੀਂ। ਰਹਿ ਹੀ ਨਹੀਂ ਸਕਦਾ। ਭਾਵ ਸਥਿਰਤਾ ਭਾਵ ਮੌਤ ਹੈ। ਇਹਦਾ ਇਹ ਮਤਲਬ ਨਾ ਸਮਝ ਲੈਣਾ ਕਿ ਕੌਮਾ ਵਰਗੀ ਸਥਿਤੀ ਵਿਚ ਸਰੀਰ ਤੇ ਮਨ ਦਾ ਲਿੰਕ ਟੁੱਟ ਗਿਆ, ਨਹੀਂ ਇਹ ਕੇਵਲ ਇਕ ਪਾਸੜ ਹੋਇਆ ਜਿਵੇਂ ਕਦੀ-ਕਦੀ ਟੈਲੀਫ਼ੋਨ ਲਾਈਨਾਂ ਦੇ ਵਿਕਾਰ ਨਾਲ ਕਿਸੇ ਇਕ ਪਾਸੇ ਦੀ ਆਵਾਜ਼ ਮਤਲਬ ਸੂਚਨਾ ਦੂਜੇ ਪਾਸੇ ਜਾਣੀ ਬੰਦ ਹੋ ਜਾਂਦੀ ਹੈ ਉਹੀ ਕਾਰਵਾਈ ਹੋ ਰਹੀ ਹੁੰਦੀ ਹੈ। ਸਰੀਰ ਦੀ ਬਾਹਰੀ ਸਾਂਭ-ਸੰਭਾਲ ਨਾਲ ਭਾਵ ਖ਼ੁਰਾਕ ਵਗੈਰਾ ਜੇ ਮਿਲਦੀ ਰਹਿੰਦੀ ਹੈ ਤਾਂ ਸਰੀਰ ਨਾਰਮਲ ਵਰਗੀਆਂ ਕਾਰਵਾਈਆਂ ਸਰੀਰ ਦੇ ਨੌਂ ਸਿਸਟਮਾਂ ਰਾਹੀਂ ਕਰ ਰਿਹਾ ਹੈ ਪਰ ਫਰਕ ਇਹੀ ਹੈ ਕਿ ਉਨ੍ਹਾਂ ਕਾਰਵਾਈਆਂ ਨੂੰ ਨਿਸ਼ਾਨੀਆਂ ਦੇ ਰੂਪ ਵਿਚ ਭਾਵ ਬਿਮਾਰੀ ਦੀਆਂ ਨਿਸ਼ਾਨੀਆਂ ਦੇ ਰੂਪ ਵਿਚ ਜਾਂ ਸਰੀਰ ਦੀਆਂ ਲੋੜਾਂ ਦੇ ਰੂਪ ਵਿਚ ਐਕਸਪਰੈਸ ਨਹੀਂ ਕਰ ਸਕਦਾ, ਕਿ ਮੈਨੂੰ ਭੁੱਖ ਲੱਗੀ ਹੈ ਜਾਂ ਪਿਆਸ ਹੈ ਜਾਂ ਕਿਸੇ ਥਾਂ 'ਤੇ ਦਰਦ ਹੋ ਰਹੀ ਹੈ, ਬੱਸ ਇਹ ਸੈਂਸਰੀ ਮਹਿਸੂਸ ਕਰ ਕੇ ਦੱਸਣ ਵਾਲਾ ਲਿੰਕ ਪੈਰਾਲਾਈਜ਼ਡ ਹੋਇਆ ਹੈ। ਤੁਸੀਂ ਸੁਣਿਆ ਜਾਂ ਵੇਖਿਆ ਹੋਵੇਗਾ ਕਿ ਕੋਈ ਬਹੁਤ ਲੰਬਾ ਸਮਾਂ ਬੇਹੋਸ਼ ਯਾਨੀ ਕੌਮਾ ਵਿਚ ਰਹਿਣ ਤੋਂ ਬਾਅਦ ਹੋਸ਼ ਵਿਚ ਆ ਗਿਆ। ਭਾਵ ਇਹ ਪੈਰਾਲਾਈਜ਼ਡ ਅਧੂਰਾ ਹੋ ਗਿਆ ਸੰਬੰਧ ਸਮੇਂ ਨਾਲ ਸੁਧਰ ਵੀ ਸਕਦਾ ਹੈ ਤੇ ਸਦਾ ਲਈ ਖਤਮ ਵੀ ਹੋ ਸਕਦਾ ਹੈ ਪਰ ਉਹ ਲਿੰਕ ਸਰੀਰ ਤੋਂ ਮਨ ਦਾ ਪੂਰੀ ਤਰ੍ਹਾਂ ਟੁੱਟਿਆ ਨਹੀਂ ਹੁੰਦਾ। ਜਦ ਤੱਕ ਸਰੀਰ ਦੀਆਂ ਖ਼ੁਰਾਕ ਸੰਬੰਧੀ ਲੋੜਾਂ ਪੂਰੀਆਂ ਹੋ ਰਹੀਆਂ ਹਨ ਤੇ ਸਰੀਰ ਦੀਆਂ ਉਸ ਉੱਪਰ ਕਾਰਵਾਈਆਂ ਚੱਲ ਰਹੀਆਂ ਹਨ ਭਾਵ ਮੱਲ ਤਿਆਗ ਤੱਕ ਸਭ ਕੁਝ ਨਾਰਮਲ ਚਲ ਰਿਹਾ ਹੈ। ਪਰ ਲਿੰਕ ਦਾ ਪੂਰੀ ਤਰ੍ਹਾਂ ਟੁੱਟਣਾ ਮਤਲਬ ਸਰੀਰਕ ਮੌਤ ਸਮਝੀ ਜਾਂਦੀ ਹੈ। ਭਾਵ ਇਹ ਹੋਇਆ ਕਿ ਮਨ ਸ਼ਕਤੀ ਹੈ ਜੋ ਸਰੀਰ ਪਦਾਰਥ ਤੋਂ ਬਿਨਾਂ ਆਪਣੇ ਆਪ ਨੂੰ ਐਕਸਪਰੈਸ ਨਹੀਂ ਕਰ ਸਕਦੀ ਤੇ ਦੂਜੇ ਪਾਸੇ ਸਰੀਰ ਪਦਾਰਥ ਕਿਸੇ ਕੰਮ ਦਾ ਨਹੀਂ ਜੇ ਇਹਦਾ ਲਿੰਕ ਉਸ ਮਨ ਦੀ ਸ਼ਕਤੀ ਨਾਲ ਨਹੀਂ ਰਿਹਾ। ਦੋਵੇਂ ਇਕ ਦੂਜੇ ਦੇ ਪੂਰਕ ਹਨ।

---

# ਹਵਾਈ ਅੱਡਾ

ਪੰਜਾਬੀਆਂ ਦਾ ਸੁਭਾਅ ਹਮੇਸ਼ਾ ਤੋਂ ਹੀ ਮਹਿਮਾਨ ਨਿਵਾਜ਼ੀ ਅਤੇ ਆਦਰ ਸਤਿਕਾਰ ਕਰਨ ਵਾਲਾ ਰਿਹਾ ਹੈ। ਜੇ ਚਾਰ ਕੁ ਦਹਾਕੇ ਪਹਿਲਾਂ ਦੀ ਗੱਲ ਕਰੀਏ, ਉਦੋਂ ਆਵਾਜਾਈ ਦੇ ਬੜੇ ਥੋੜ੍ਹੇ ਸਾਧਨ ਹੁੰਦੇ ਸਨ, ਜ਼ਿਆਦਾਤਰ ਸਫਰ ਸਰਕਾਰੀ ਬੱਸਾਂ ਉੱਤੇ ਹੀ ਕਰਿਆ ਜਾਂਦਾ ਰਿਹਾ ਹੈ, ਉਨ੍ਹਾਂ ਬੱਸਾਂ ਦੇ ਟਾਈਮ ਵੀ ਗਿਣੇ ਚੁਣੇ ਹੀ ਹੁੰਦੇ ਸਨ, ਖਾਸ ਤੌਰ 'ਤੇ ਪਿੰਡਾਂ ਵਾਲੇ ਰੂਟਾਂ ਉੱਤੇ ਬਹੁਤ ਘੱਟ ਬੱਸਾਂ ਚੱਲਦੀਆਂ ਸਨ। ਉਦੋਂ ਜੇ ਕੋਈ ਰਿਸ਼ਤੇਦਾਰ ਸਾਡੇ ਮਿਲਣ ਆਉਂਦਾ ਸੀ, ਜਾਂ ਅਸੀਂ ਕਿਸੇ ਰਿਸ਼ਤੇਦਾਰੀ ਵਿਚ ਮਿਲਣ ਜਾਂਦੇ ਸੀ, ਤਾਂ ਰਿਸ਼ਤੇਦਾਰ ਦੇ ਵਾਪਸ ਜਾਣ ਵੇਲੇ ਸਾਰਾ ਪਰਿਵਾਰ ਨਜ਼ਦੀਕੀ



**ਡਾ. ਗੁਰਜੀਤ ਸਿੰਘ ਭੱਠਲ**
**ਫੋਨ: 98142-05475**

ਮਹਿਮਾਨ ਨੂੰ ਬੱਸ ਅੱਡੇ ਉੱਤੇ ਬੱਸ ਚੜ੍ਹਾਉਣ ਜਾਂਦਾ ਸੀ। ਅੱਜ ਕਲ੍ਹ ਹਰ ਇੱਕ ਕੋਲ ਆਵਾਜਾਈ ਦੇ ਆਪਣੇ-ਆਪਣੇ ਸੁਖ-ਸਾਧਨ ਹੋ ਗਏ ਹਨ, ਅਤੇ ਹੁਣ ਰਿਸ਼ਤੇਦਾਰੀਆਂ ਵਿਚ ਆਉਣਾ-ਜਾਣਾ ਵੀ ਸੁਖਾਲ਼ਾ ਹੋ ਗਿਆ ਹੈ। ਹੁਣ ਜਦੋਂ ਵੀ ਕੋਈ ਨਜ਼ਦੀਕੀ ਰਿਸ਼ਤੇਦਾਰ ਕਿਸੇ ਦੇ ਘਰੇ ਆਉਂਦਾ ਹੈ, ਤਾਂ ਪੁਰਾਣੀ ਰਿਵਾਇਤ ਦੇ ਮੁਤਾਬਕ ਸਾਰੇ ਪਰਿਵਾਰਕ ਜੀਅ ਦਰਵਾਜ਼ੇ ਤੱਕ ਰਿਸ਼ਤੇਦਾਰ ਨੂੰ ਵਿਦਾ ਕਰਨ ਆਉਂਦੇ ਹਨ। ਇਹ ਪਿਆਰ ਭਰਿਆ ਅਤੇ ਨਿੱਘਾ ਸੁਭਾਅ ਪੰਜਾਬੀਆਂ ਦਾ ਅੱਜ ਵੀ ਕਾਇਮ ਹੈ।

ਹਵਾਈ ਅੱਡੇ ਦਾ ਨਾਂ ਸੁਣਦੇ ਹੀ ਹਰ ਪੰਜਾਬੀ ਦੇ ਦਿਲ ਦੀ ਧੜਕਣ ਵਧ ਜਾਂਦੀ ਹੈ। ਕੋਈ ਵਿਰਲਾ ਵਾਂਝਾ ਪੰਜਾਬੀ ਹੀ ਹੋਣਾ ਜਿਹੜਾ ਹਵਾਈ ਅੱਡੇ ਦਾ ਰਾਹ ਭੁੱਲਿਆ ਹੋਣਾ। ਹਵਾਈ ਅੱਡਾ ਚਾਹੇ ਦਿੱਲੀ ਦਾ ਹੋਵੇ, ਚਾਹੇ ਅੰਮ੍ਰਿਤਸਰ ਜਾਂ ਮੋਹਾਲੀ ਦਾ ਹੋਵੇ। ਇੱਥੇ ਹਰ ਇੱਕ ਦੀਆਂ ਅੱਖਾਂ ਵਿਚ ਹੰਝੂ ਆ ਜਾਂਦੇ ਹਨ, ਚਾਹੇ ਖ਼ੁਸ਼ੀ ਦੇ ਅਤੇ ਚਾਹੇ ਗ਼ਮੀ ਦੇ, ਭਾਵ ਪ੍ਰਦੇਸਾਂ ਤੋਂ ਆਉਣ ਵਾਲੇ ਆਪਣਿਆਂ ਦੀ ਖ਼ੁਸ਼ੀ ਕਾਰਨ ਜਾਂ ਆਪਣਿਆਂ ਦੇ ਪ੍ਰਦੇਸ ਜਾਣ ਦਾ ਗ਼ਮ।

ਪੰਜਾਬੀਆਂ ਦੇ ਇਸ ਨਿੱਘੇ ਸੁਭਾਅ ਅਤੇ ਅਪਣੱਤ ਕਾਰਨ ਅਕਸਰ ਸਾਕ-ਸਬੰਧੀ ਕਾਰਾਂ ਦਾ ਕਾਫ਼ਲਾ ਲੈ ਕੇ ਉਨ੍ਹਾਂ ਨੂੰ ਹਵਾਈ ਅੱਡੇ 'ਤੇ ਛੱਡਣ ਅਤੇ ਲੈਣ ਆਉਂਦੇ ਹਨ, ਇਹ ਨਜ਼ਾਰਾ ਵੱਖਰਾ ਹੀ ਹੁੰਦਾ ਹੈ। ਜਦੋਂ ਮੈਂ ਪੱਕੇ ਤੌਰ 'ਤੇ 2007 ਵਿਚ (ਫ੍ਰ 'ਤੇ) ਕੈਨੇਡਾ ਗਿਆ ਸੀ, ਉਦੋਂ ਵੀ ਮੇਰੇ ਵੱਡੇ ਵੀਰ ਜੀ ਮੇਰੇ ਮਨ੍ਹਾ ਕਰਨ ਦੇ ਬਾਵਜੂਦ ਤਿੰਨ ਗੱਡੀਆਂ ਦਿੱਲੀ ਤੱਕ ਨਾਲ ਲੈ ਕੇ ਗਏ ਸਨ, ਕਹਿੰਦੇ ਕੋਈ ਫਰਕ ਨੀ ਪੈਂਦਾ ਅਤੇ ਜਦੋਂ ਮੈਂ ਇੱਕ ਸਾਲ ਬਾਅਦ ਕੈਨੇਡਾ ਦੇ ਟੋਰਾਂਟੋ ਹਵਾਈ ਅੱਡੇ ਤੋਂ ਵਾਪਸ (ਸਦਾ ਲਈ) ਆਉਣਾ ਸੀ, ਉਦੋਂ ਵੀ ਮੈਨੂੰ ਉਥੋਂ ਦੇ ਮੇਰੇ ਸੰਗੀ ਸਾਥੀ ਜੋ ਕਿ ਤਕਰੀਬਨ 10 ਦੇ ਕਰੀਬ ਸਨ, ਮੈਨੂੰ ਹਵਾਈ ਅੱਡੇ 'ਤੇ ਅਲਵਿਦਾ ਕਹਿਣ ਆਏ। ਜਦੋਂ ਮੇਰੀ ਭਤੀਜ ਨੂੰਹ ਨੇ ਕੈਨੇਡਾ ਜਾਣਾ ਸੀ ਉਦੋਂ ਵੀ ਸਾਰੇ ਪਰਿਵਾਰ ਨੇ ਨਾਲ ਜਾਣ ਦੀ ਇੱਛਾ ਜ਼ਾਹਿਰ ਕੀਤੀ ਤਾਂਹੀਂ ਕਰਕੇ 15 ਸੀਟਾਂ ਵਾਲਾ ਟੈਂਪੂ ਟਰੈਵਲ ਕਰਨਾ ਪਿਆ ਸੀ, ਜਿਸ ਵਿਚ ਸਾਰੇ ਰਿਸ਼ਤੇਦਾਰ ਇਕੱਠੇ ਜਾ ਸਕਣ ਇਹ ਸਾਰਾ ਕੁਝ ਪੰਜਾਬੀਆਂ ਦੇ ਨਿੱਘੇ ਸੁਭਾਅ ਅਤੇ ਆਪਣੇਪਣ ਨੂੰ ਹੀ ਦਰਸਾਉਂਦਾ ਹੈ।

ਸਮੇਂ ਅਤੇ ਤਕਨੀਕ ਦੇ ਕਾਰਨ ਹੁਣ ਕਾਫੀ ਤਰੱਕੀ ਹੋ ਗਈ ਹੈ। ਹਵਾਈ ਅੱਡੇ ਉੱਤੇ ਸਾਰੀਆਂ ਸੁਵਿਧਾਵਾਂ ਹਨ। ਆਉਣਾ-ਜਾਣਾ ਕਾਫੀ ਆਸਾਨ ਹੋ ਗਿਆ ਹੈ। ਪ੍ਰਸ਼ਾਸਨਿਕ ਤੌਰ 'ਤੇ ਵੀ ਵਧੀਆ ਇੰਤਜ਼ਾਮ ਹਨ। ਪਰ ਇਸ ਦੇ ਬਾਵਜੂਦ ਕੁਝ ਕੁ ਪ੍ਰਸ਼ਾਸਨਿਕ ਅਧਿਕਾਰੀਆਂ/ਕਰਮਚਾਰੀਆਂ ਕਰਕੇ



ਇਹ ਪੂਰੀ ਪ੍ਰਣਾਲੀ ਬਦਨਾਮ ਹੁੰਦੀ ਹੈ। ਜਿਵੇਂ ਦਾਲ ਵਿਚ ਕੋੜਕੜੂ ਹੁੰਦੇ ਹਨ, ਉਸੇ ਤਰ੍ਹਾਂ ਪ੍ਰਸ਼ਾਸਨਿਕ ਡਿਊਟੀਆਂ ਵਿਚ ਕੁਝ ਬੰਦੇ ਅਜਿਹੇ ਵੀ ਹੁੰਦੇ ਹਨ ਜਿਨ੍ਹਾਂ ਕਾਰਨ ਹਵਾਈ ਅੱਡੇ 'ਤੇ ਜਾਣ ਵਾਲਿਆਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਮੇਰੇ ਨਾਲ ਵੀ ਇਸ ਮਹੀਨੇ ਦੇ ਪਹਿਲੇ ਹਫਤੇ ਕੁਝ ਇਸ ਤਰ੍ਹਾਂ ਦਾ ਹੀ ਹੋਇਆ, ਜਦੋਂ ਮੈਂ ਆਪਣੇ ਸਾਲਾ ਸਾਹਿਬ ਨੂੰ ਹਵਾਈ ਅੱਡੇ 'ਤੇ ਛੱਡਣ ਗਿਆ ਜਿਨ੍ਹਾਂ ਨੇ ਅੱਗੇ ਇੰਗਲੈਂਡ ਜਾਣਾ ਸੀ, ਇੰਗਲੈਂਡ ਵਿਚ ਉਹ ਡਾਕਟਰ ਹਨ। ਅਸੀਂ ਸਾਰੇ ਆਪਣੀਆਂ ਦੋ ਕਾਰਾਂ ਵਿਚ ਪਰਿਵਾਰ ਸਹਿਤ ਹਵਾਈ ਅੱਡੇ ਉੱਤੇ ਪਹੁੰਚ ਗਏ, ਕਿਉਂਕਿ ਚੰਡੀਗੜ੍ਹ ਤੋਂ ਦਿੱਲੀ ਜਾਣ ਵਾਲੀ ਫਲਾਈਟ ਦੀ ਨਾ ਹੀ ਆਨਲਾਈਨ ਚੈੱਕ ਇਨ ਹੋਇਆ ਸੀ ਅਤੇ ਨਾ ਹੀ ਟਿਕਟ ਦੀ ਅਜੇ ਪੁਸ਼ਟੀ ਹੋਈ ਸੀ। ਮੈਂ ਦੂਜੀ ਵਾਰ ਮੋਹਾਲੀ ਵਾਲੇ ਹਵਾਈ ਅੱਡੇ ਉੱਤੇ ਗਿਆ ਸੀ, ਜ਼ਿਆਦਾ ਸਮਝ ਨਹੀਂ ਸੀ ਜਦੋਂ ਕਾਰਾਂ ਉੱਪਰ ਵਾਲੇ ਹਿੱਸੇ ਵਿਚ ਲੈ ਕੇ ਗਏ ਤਾਂ ਉਥੇ ਸਾਰਿਆਂ ਨੂੰ ਉਤਾਰ ਕੇ ਸੋਚਿਆ ਕਿ ਕਾਰਾਂ ਪਾਰਕਿੰਗ ਵਿਚ ਲਾ ਦੇਈਏ, ਜਿਵੇਂ ਹੀ ਉੱਪਰੋਂ ਉਤਾਰ ਕੇ ਪਾਰਕਿੰਗ ਲਈ ਐਂਟਰੀ ਕੀਤੀ ਤਾਂ ਅੱਗੇ ਟਰੈਫਿਕ ਪੁਲਿਸ ਵਾਲੇ ਨੇ ਰੋਕ ਲਿਆ ਤੇ ਕਿਹਾ ਤੁਸੀਂ ਗਲਤ ਐਂਟਰੀ ਕੀਤੀ ਹੈ, ਮੈਂ ਆਖਿਆ ਕਿ ਇੱਥੋਂ ਬਾਕੀ ਟੈਕਸੀ ਅਤੇ ਹੋਰ ਕਾਰਾਂ ਵਾਲੇ ਵੀ ਤਾਂ ਐਂਟਰੀ ਕਰ ਰਹੇ ਹਨ। ਮੇਰੇ ਕਹਿਣ 'ਤੇ ਕਿ ਤੁਸੀਂ ਉਨ੍ਹਾਂ ਨੂੰ ਕਿਉਂ ਨਹੀਂ ਰੋਕਿਆ ਮੰਨਿਓ ਜਿਵੇਂ ਉਸਦੇ ਸਰੀਰ ਵਿਚ ਬਿਜਲੀ ਦੌੜ ਗਈ ਹੋਵੇ, ਬੜੀ ਹੀ ਭੱਦੀ ਭਾਸ਼ਾ ਨਾਲ ਗੱਲਬਾਤ ਕਰਦਿਆਂ ਕਹਿਣ ਲੱਗਿਆ ਕਿ ਇੰਨੇ ਪੜ੍ਹੇ-ਲਿਖੇ ਹੋ ਕੇ ਵੀ ਬਹਿਸ ਕਰਦੇ ਹੋ, ਤੇਰਾ ਲਾਇਸੈਂਸ ਸਦਾ ਲਈ ਕੈਂਸਲ ਕਰਵਾ ਦੇਵਾਂਗਾ ਅਤੇ ਹੋਰ ਬਹੁਤ ਕੁਝ, ਚਲਾਨ ਭੁਗਤਣ ਦੇ ਨਾਲ-ਨਾਲ ਮੁਫਤ ਵਿਚ ਲਾਹਨਤਾਂ ਵੀ ਮਿਲ ਗਈਆਂ। ਮਨ ਬੜਾ ਉਦਾਸ ਹੋਇਆ। ਪਤਾ ਨਹੀਂ ਮੇਰੇ ਵਰਗੇ ਕਿੰਨੇ ਹੀ ਪੰਜਾਬੀ ਰੋਜ਼ ਇਸ ਤਰ੍ਹਾਂ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਦੇ ਹੋਣਗੇ। ਸਾਲਾ ਸਾਹਿਬ ਦੀ ਟਿਕਟ ਕਨਫਰਮ ਹੋਣ ਤੋਂ ਬਾਅਦ ਅਸੀਂ ਉਸ ਨੂੰ ਅਲਵਿਦਾ ਕਹਿ ਕੇ ਪਟਿਆਲੇ ਘਰ ਵਾਪਸ ਆ ਗਏ, ਪਰ ਉਸ ਟਰੈਫਿਕ ਪੁਲਿਸ ਵਾਲੇ ਅਤੇ ਮੇਰੇ ਵਿਚ ਹੋਈ ਗੱਲਬਾਤ ਨੇ ਮੈਨੂੰ ਸੋਚਣ ਅਤੇ ਲਿਖਣ ਲਈ ਮਜਬੂਰ ਕਰ ਦਿੱਤਾ, ਅਤੇ ਨਾਲ ਹੀ ਕਈ ਤਰ੍ਹਾਂ ਦੇ ਅਣਸੁਲਝੇ ਸਵਾਲ ਪੈਦਾ ਕਰ ਦਿੱਤੇ ਕਿ ਲੋਕ ਵਿਦੇਸ਼ਾਂ ਵਿਚ ਕੀਤੇ ਇਸ ਤਰ੍ਹਾਂ ਦੇ ਵਿਵਹਾਰ ਕਰਕੇ ਤਾਂ ਨਹੀਂ ਜਾ ਰਹੇ?

ਹੁਣ ਜ਼ਿਆਦਾਤਰ ਲੋਕ ਹਵਾਈ ਅੱਡੇ ਉੱਤੇ ਆਉਣਾ-ਜਾਣਾ ਟੈਕਸੀ ਦੁਆਰਾ ਹੀ ਕਰਦੇ ਹਨ, ਕਿਉਂਕਿ ਪੰਜਾਬ ਦੇ ਮੌਜੂਦਾ ਹਾਲਾਤ ਕਾਰਨ ਉਨ੍ਹਾਂ ਨੂੰ ਵਿਦਾ ਕਰਨ ਵਾਲੇ ਬਹੁਤ ਹੀ ਘੱਟ ਰਹਿ ਗਏ ਹਨ, ਅਤੇ ਜੋ ਪ੍ਰਦੇਸ 'ਚੋਂ ਮਿਲਣ ਆਉਂਦੇ ਹਨ, ਉਨ੍ਹਾਂ ਨੇ ਪੱਛਮੀ ਸੱਭਿਆਚਾਰ ਅਪਣਾ ਲਿਆ ਹੈ। ਅਸੀਂ ਪੱਛਮੀ ਦੇਸ਼ਾਂ ਵਾਂਗੂੰ ਬੁਨਿਆਦੀ ਢਾਂਚਾ ਤਾਂ ਬਣਾ ਲਿਆ ਹੈ। ਪਰ ਉਸ ਤਰ੍ਹਾਂ ਦੀ ਨਿਮਰਤਾ ਵਾਲੇ ਕਰਮਚਾਰੀ ਕਿੱਥੋਂ ਲਿਆਵਾਂਗੇ?

# ਸ਼ੁਧਾ ਕਪੂਰ ਅਤੇ ਸਕਰੀਨ

ਹਾਲ ਹੀ ਵਿਚ ਫਿਲਮ 'ਸਤ੍ਰੀ-2' ਨਾਲ ਚਰਚਾ ਵਿਚ ਆਈ ਅਦਾਕਾਰਾ ਸ਼ੁਧਾ ਕਪੂਰ ਇਕ ਹੋਰ ਕਾਰਨ ਚਰਚਾ ਵਿਚ ਆਈ ਹੈ। ਫਿਲਮ ਮੈਗਜ਼ੀਨ 'ਸਕਰੀਨ' ਮੁੜ ਲਾਂਚ ਕਰਨ ਮੌਕੇ ਕਰਵਾਏ ਸਮਾਗਮ ਵਿਚ ਉਸ ਦਾ ਜਲਵਾ ਦੇਖਣ ਹੀ ਵਾਲਾ ਸੀ। ਪਰਚੇ ਦੇ ਮੁੱਖ ਪੰਨੇ 'ਤੇ ਉਸ ਦੀ ਬਹੁਤ ਖੂਬਸੂਰਤ ਫੋਟੋ ਲੱਗੀ ਹੋਈ ਸੀ।

**ਕੁਦਰਤ ਕੌਰ**

3 ਮਾਰਚ 1987 ਨੂੰ ਉਘੇ ਖਲਨਾਇਕ ਸ਼ਕਤੀ ਕਪੂਰ ਅਤੇ ਸ਼ਿਵਾਂਗੀ ਕਪੂਰ ਦੇ ਘਰ ਜਨਮੀ ਸ਼ੁਧਾ ਕਪੂਰ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਸਾਲ 2010 ਵਿਚ ਫਿਲਮ 'ਤੀਨ ਪੱਤੀ' ਵਿਚ ਛੋਟੇ ਜਿਹੇ ਰੋਲ ਨਾਲ ਕੀਤੀ ਸੀ ਪਰ ਅਗਲੇ ਹੀ ਸਾਲ 2011 ਵਿਚ ਉਸ ਦੀ ਫਿਲਮ 'ਲਵ ਕਾ ਦਿ ਐਂਡ' ਰਿਲੀਜ਼ ਹੋਈ ਤਾਂ ਉਸ ਦੀ ਖੂਬ ਚਰਚਾ ਹੋਈ। ਦੋ ਸਾਲ ਬਾਅਦ 2013 ਵਿਚ ਜਦੋਂ ਉਸ ਦੀ ਫਿਲਮ 'ਆਸ਼ਿਕੀ-2' ਆਈ ਤਾਂ ਉਸ ਦੀ ਬੱਲੇ-ਬੱਲੇ ਹੋ ਗਈ। ਇਹ ਫਿਲਮ ਕਮਾਈ ਪੱਖੋਂ ਬਹੁਤ ਸਫਲ ਰਹੀ ਸੀ।

ਹੁਣ ਫਿਲਮ 'ਸਤ੍ਰੀ-2' ਨੇ ਤਾਂ ਉਸ ਦੇ ਵਾਰ-ਨਿਆਰੇ ਕਰ ਦਿੱਤੇ। ਇਹ ਫਿਲਮ ਜੋ 15 ਅਗਸਤ ਨੂੰ ਰਿਲੀਜ਼ ਕੀਤੀ ਗਈ ਸੀ, ਹੁਣ ਤੱਕ 875 ਕਰੋੜ ਰੁਪਏ ਕਮਾ ਚੁੱਕੀ ਹੈ। ਸਕਰੀਨ ਸਮਾਗਮ ਦੌਰਾਨ ਸ਼ੁਧਾ ਕਪੂਰ ਆਪਣੀ ਇਸੇ ਸਫਲਤਾ ਕਾਰਨ ਖੂਬ ਚਹਿਕ ਰਹੀ ਸੀ। ਉਸ ਦਾ ਆਖਣਾ ਸੀ, "ਅੱਜ ਮੈਂ ਬਹੁਤ ਖੁਸ਼ ਹਾਂ। ਜਿਸ ਮੈਗਜ਼ੀਨ ਨੂੰ ਪੜ੍ਹ-ਪੜ੍ਹ ਕੇ ਮੈਂ ਵੱਡੀ ਹੋਈ ਹਾਂ, ਉਸ ਦੇ ਪਹਿਲੇ ਸਫੇ 'ਤੇ ਛਪਣਾ ਕੋਈ ਛੋਟੀ-ਮੋਟੀ ਗੱਲ ਨਹੀਂ; ਘੱਟੋ-ਘੱਟ ਮੇਰੇ ਲਈ ਤਾਂ ਬਿਲਕੁਲ ਵੀ ਨਹੀਂ। ਮੈਂ ਅਦਾਰੇ ਵੱਲੋਂ ਦਿੱਤੇ ਇਸ ਮਾਣ ਨੂੰ ਹਮੇਸ਼ਾ ਯਾਦ ਰੱਖਾਂਗੀ।" ਇਸ ਦੇ ਨਾਲ ਹੀ ਉਸ ਨੇ ਆਪਣੇ ਫਿਲਮੀ ਸਫਰ ਅਤੇ ਪਰਿਵਾਰਕ ਪਿਛੋਕੜ ਬਾਰੇ ਵੀ ਖੁੱਲ੍ਹ ਕੇ ਗੱਲਾਂ ਕੀਤੀਆਂ। ਉਸ ਦਾ ਕਹਿਣਾ ਸੀ ਕਿ ਫਿਲਮਾਂ ਵਿਚ ਸਫਲਤਾ ਦੀ ਪੌੜੀ ਚੜ੍ਹਨ ਲਈ ਭਾਵੇਂ ਉਸ ਨੂੰ ਕੋਈ ਔਕੜ ਨਹੀਂ ਪਰ ਉਹ ਇਹ ਜ਼ਰੂਰ ਆਖਣਾ ਚਾਹੁੰਦੀ ਹੈ ਕਿ ਫਿਲਮੀ ਦੁਨੀਆ ਵਿਚ ਟਿਕੇ ਰਹਿਣ ਲਈ ਬੜੇ ਪਾਪੜ ਵੇਲਣੇ ਪੈਂਦੇ ਹਨ।






*ਅਦਾਕਾਰਾ ਸ਼ੁਧਾ ਕਪੂਰ ਅਤੇ ਉਸ ਦੀ ਤਸਵੀਰ ਵਾਲੇ ਪਰਚੇ 'ਸਕਰੀਨ' ਦਾ ਸਰਵਰਕ।*



# ਏਂਜਲੀਨਾ ਦਾ ਸਨਮਾਨ

ਸੰਸਾਰ ਪ੍ਰਸਿੱਧ ਅਦਾਕਾਰਾ ਏਂਜਲੀਨਾ ਜੋਲੀ ਨੂੰ ਸਾਲ 2025 ਵਾਲਾ ਮਾਲਟਿਨ ਮੌਡਰਨ ਮਾਸਟਰ ਐਵਾਰਡ ਦਿੱਤਾ ਜਾ ਰਿਹਾ ਹੈ। ਇਹ ਐਵਾਰਡ ਸੈਂਟਾ ਬਾਰਬਰਾ ਇੰਟਰਨੈਸ਼ਨਲ ਫੈਸਟੀਵਲ ਦੌਰਾਨ ਦਿੱਤਾ ਜਾਵੇਗਾ। ਇਹ ਫਿਲਮ ਮੇਲਾ 5 ਫਰਵਰੀ 2025 ਨੂੰ ਲੱਗਣਾ ਹੈ। ਇਹ ਐਵਾਰਡ 1995 ਤੋਂ ਦਿੱਤਾ ਜਾ ਰਿਹਾ ਹੈ। ਇਹ ਐਵਾਰਡ ਉਨ੍ਹਾਂ ਸ਼ਕਸੀਅਤਾਂ ਨੂੰ ਦਿੱਤਾ ਜਾਂਦਾ ਹੈ ਜਿਨ੍ਹਾਂ ਨੇ ਆਪਣੇ ਖਾਸ ਯੋਗਦਾਨ ਰਾਹੀਂ ਫਿਲਮ ਸਨਅਤ 'ਤੇ ਅਹਿਮ ਅਸਰ ਪਾਇਆ ਹੋਵੇ। ਉਘੇ ਫਿਲਮ ਆਲੋਚਕ ਮਿਓਨਾਰਡ ਮਾਲਟਿਨ ਨੂੰ ਮਾਣ-ਤਾਣ ਦੇਣ ਲਈ ਪਹਿਲਾਂ ਦਿੱਤੇ ਜਾਂਦੇ ਐਵਾਰਡ ਦਾ ਨਾਂ ਸਾਲ 2015 ਵਿਚ ਉਨ੍ਹਾਂ ਦੇ ਨਾਂ 'ਤੇ ਮਾਲਟਿਨ ਮੌਡਰਨ ਮਾਸਟਰ ਐਵਾਰਡ ਰੱਖ ਦਿੱਤਾ ਗਿਆ ਸੀ। ਮਾਲਟਿਨ ਨੇ ਇਸ ਐਵਾਰਡ ਦੇ ਐਲਾਨ ਤੋਂ ਬਾਅਦ ਕਿਹਾ ਕਿ ਏਂਜਲੀਨਾ ਜੋਲੀ ਨੇ ਬਤੌਰ ਅਦਾਕਾਰਾ ਅਤੇ ਡਾਇਰੈਕਟਰ ਬੜੇ ਦਲੇਰ ਕੰਮ ਕੀਤੇ। ***-ਆਮਨਾ ਕੌਰ***

# 'ਤਨਹਾ ਚਾਂਦ' ਮੀਨਾ ਕੁਮਾਰੀ

ਇਸ ਵਿਚ ਕੋਈ ਸ਼ੱਕ ਨਹੀਂ ਕਿ ਜ਼ਿਆਦਾਤਰ ਸਿਨੇਮਾ ਪ੍ਰੇਮੀ ਮੀਨਾ ਕੁਮਾਰੀ ਨੂੰ ਬਾਕਮਾਲ ਅਦਾਕਾਰਾ ਵਜੋਂ ਜਾਣਦੇ ਹਨ ਅਤੇ ਉਸ ਦੀ ਦਿਲ ਨੂੰ ਧੂਹ ਪਾਉਣ ਵਾਲੀ ਅਦਾਕਾਰੀ ਦੇ ਮੁਰੀਦ ਹਨ। ਬਹੁਤ ਘੱਟ ਲੋਕ ਜਾਣਦੇ ਹਨ ਕਿ ਮੀਨਾ ਕੁਮਾਰੀ ਪਾਏਦਾਰ ਸ਼ਾਇਰਾ ਵੀ ਸੀ ਤੇ ਉਸ ਦੇ ਸ਼ਿਅਰ ਉਸ ਦੇ ਦਿਲ ਦੇ ਜ਼ਖ਼ਮਾਂ 'ਚੋਂ ਰਿਸਦੇ ਜਜ਼ਬਾਤ ਦੇ ਲਹੂ ਦੀ ਗਵਾਹੀ ਭਰਦੇ ਹਨ। 31 ਮਾਰਚ 1971 ਨੂੰ ਇਸ ਫ਼ਾਨੀ ਜਹਾਨ ਨੂੰ ਅਲਵਿਦਾ ਆਖ ਕੇ ਤੁਰ ਜਾਣ ਵਾਲੀ ਮਹਿਜ਼ਬੀਂ ਉਰਫ਼ ਮੀਨਾ ਕੁਮਾਰੀ ਨੇ ਆਪਣੀ ਮੌਤ ਤੋਂ ਠੀਕ ਇੱਕ ਸਾਲ ਪਹਿਲਾਂ ਸ਼ਾਇਰ ਗੁਲਜ਼ਾਰ ਦੀ ਮਦਦ ਨਾਲ ਆਪਣੀ ਸ਼ਾਇਰੀ ਦਾ ਸੰਗ੍ਰਹਿ 'ਤਨਹਾ ਚਾਂਦ' ਸਿਰਲੇਖ ਹੇਠ ਛਪਵਾਇਆ ਸੀ ਜੋ ਉਸ ਦੀ ਬੌਲੀਵੁੱਡ ਦੀ ਚਮਕ-ਦਮਕ ਅਤੇ ਸ਼ੁਹਰਤ ਭਰੀ ਜ਼ਿੰਦਗੀ ਦੇ ਪਿੱਛੇ ਲੁਕੀ ਉਸ ਦੀ ਤਨਹਾਈ ਨੂੰ ਬਿਆਨ ਕਰ ਗਿਆ।

**ਪਰਮਜੀਤ ਸਿੰਘ ਨਿੱਕੇ ਘੁੰਮਣ**

ਉਸ ਨੂੰ ਨਾ ਕੇਵਲ ਉਸ ਦੇ ਸ਼ੌਹਰ ਜਨਾਬ ਕਮਾਲ ਅਮਰੋਹੀ ਨੇ ਹੀ ਤਿਆਗ ਦਿੱਤਾ ਸੀ ਸਗੋਂ ਅਦਾਕਾਰ ਧਰਮਿੰਦਰ, ਨਿਰਦੇਸ਼ਕ ਸਾਵਨ ਕੁਮਾਰ ਅਤੇ ਸ਼ਾਇਰ, ਲੇਖਕ ਤੇ ਨਿਰਦੇਸ਼ਕ ਗੁਲਜ਼ਾਰ ਨੇ ਵੀ ਉਸ ਨੂੰ ਚੰਦ ਦਿਨਾਂ ਦੀ ਮੁਹੱਬਤ ਦੇ ਸੁਫਨੇ ਦਿਖਾ ਕੇ ਫਿਰ ਇਕੱਲੀ ਛੱਡ ਦਿੱਤਾ ਸੀ। ਉਸ ਦੀ ਜ਼ਿੰਦਗੀ ਦੇ ਆਖ਼ਰੀ ਪਲ ਤਨਹਾਈ ਦੀ ਆਗ਼ੋਸ਼ ਵਿਚ ਹੀ ਗੁਜ਼ਰੇ ਸਨ। ਉਸ ਨੇ ਆਪਣੀ ਤਨਹਾਈ ਬਿਆਨਦਿਆਂ ਲਿਖਿਆ ਸੀ:

ਜ਼ਿੰਦਗੀ ਕਿਆ ਇਸੀ ਕੋ ਕਹਿਤੇ ਹੈਂ
ਜਿਸਮ ਤਨਹਾ ਔਰ ਜਾਨ ਤਨਹਾ।
ਹਮਸਫ਼ਰ 'ਗਰ ਮਿਲਾ ਭੀ ਕੋਈ ਕਹੀਂ
ਤੋ ਦੋਨੋ ਚਲਤੇ ਰਹੇ ਤਨਹਾ-ਤਨਹਾ।
ਰਾਹ ਦੇਖਾ ਕਰੋਗੇ ਸਦੀਓਂ ਤਲਕ
ਛੋੜ ਜਾਏਂਗੇ ਯੇ ਜਹਾਂ ਤਨਹਾ।

ਮੀਨਾ ਕੁਮਾਰੀ ਸਿਰਫ਼ 36 ਸਾਲ ਜਿਊਂਦੀ ਰਹੀ। ਬਚਪਨ ਗ਼ੁਰਬਤ ਦੀਆਂ ਠੋਕਰਾਂ ਵਿਚ ਬੀਤਿਆ ਸੀ ਤੇ ਗੁੱਡੀਆਂ-ਪਟੋਲਿਆਂ ਨਾਲ ਖੇਡਣ ਦੀ ਉਮਰੇ ਉਸ ਨੂੰ ਘਰ ਦਾ ਗੁਜ਼ਾਰਾ ਤੋਰਨ ਲਈ ਫਿਲਮਾਂ ਵਿਚ ਬਤੌਰ ਬਾਲ ਕਲਾਕਾਰ ਕੰਮ ਕਰਨਾ ਪਿਆ। ਬਤੌਰ ਸਹਿ-ਨਾਇਕਾ 'ਸਨਮ', 'ਮਗਰੂਰ', 'ਪੀਆ ਘਰ ਆ ਜਾ' ਆਦਿ ਫਿਲਮਾਂ ਕਰਨ ਪਿੱਛੋਂ ਮੀਨਾ ਨੇ ਬਤੌਰ ਨਾਇਕਾ ਫਿਲਮ 'ਬੈਜੂ ਬਾਵਰਾ' ਕੀਤੀ ਤੇ ਆਪਣੀ ਬਿਹਤਰੀਨ ਕਲਾਕਾਰੀ ਸਦਕਾ ਬਿਹਤਰੀਨ ਅਦਾਕਾਰਾ ਦਾ ਫਿਲਮ ਫੇਅਰ ਐਵਾਰਡ ਹਾਸਲ ਕਰਨ ਵਿਚ ਕਾਮਯਾਬ ਰਹੀ। ਉਸ ਨੇ 'ਬੇਨਜ਼ੀਰ', 'ਦਾਇਰਾ', 'ਪਰਿਣੀਤਾ', 'ਸ਼ਾਰਦਾ', 'ਏਕ ਹੀ ਰਾਸਤਾ', 'ਸਾਹਿਬ ਬੀਵੀ ਔਰ ਗੁਲਾਮ', 'ਦਿਲ ਅਪਨਾ ਔਰ ਪ੍ਰੀਤ ਪਰਾਈ', 'ਕਾਜਲ', 'ਆਰਤੀ', 'ਮੈਂ ਚੁੱਪ ਰਹੂੰਗੀ', 'ਪਾਕੀਜ਼ਾ' ਆਦਿ ਸ਼ਾਹਕਾਰ ਫਿਲਮਾਂ ਕਰ ਕੇ ਕਈ ਐਵਾਰਡ ਵੀ ਜਿੱਤੇ ਤੇ ਲੱਖਾਂ ਦਰਸ਼ਕਾਂ ਦੇ ਦਿਲ ਜਿੱਤਣ ਵਿਚ ਵੀ ਕਾਮਯਾਬ ਰਹੀ।

ਆਪਣੇ 33 ਸਾਲ ਦੇ ਫਿਲਮੀ ਕਰੀਅਰ ਵਿਚ ਉਸ ਨੇ ਕੁਲ 92 ਕੁ ਫਿਲਮਾਂ ਵਿਚ ਕੰਮ ਕੀਤਾ ਸੀ। ਮੀਨਾ ਮੰਨਦੀ ਸੀ ਕਿ ਉਸ ਦੀ ਜ਼ਿੰਦਗੀ ਵੀਰਾਨਗੀ ਤੇ ਫਿੱਕੇਪਣ ਨਾਲ ਭਰੀ ਹੋਈ ਸੀ; ਉਸ ਨੇ ਲਿਖਿਆ ਸੀ:

ਤੁਮ ਕਿਆ ਕਰੋਗੇ ਸੁਨ ਕਰ ਮੁਝ ਸੇ ਮੇਰੀ ਕਹਾਨੀ।
ਬੇਲੁਤਫ਼ ਜ਼ਿੰਦਗੀ ਕੇ ਕਿੱਸੇ ਹੈਂ ਫੀਕੇ-ਫੀਕੇ।

---

ਕਹਾਂ ਸ਼ੁਰੂ ਹੂਏ ਯੇ ਸਿਲਸਿਲੇ ਕਹਾਂ ਟੂਟੇ
ਨਾ ਇਸ ਸਿਰੇ ਕਾ ਪਤਾ ਨਾ ਵੋ ਸਿਰਾ ਮਾਲੂਮ।

ਉਹ ਆਪਣੇ ਦਿਲ ਦੇ ਵੀਰਾਨ ਵਿਚ ਬਹਾਰ ਦੀ ਉਡੀਕ ਕਰਦੀ ਸੀ। ਉਸ ਨੂੰ ਸ਼ਾਇਦ ਆਸ ਸੀ ਜਾਂ ਉਸ ਦੀ ਖ਼ਾਹਿਸ਼ ਸੀ ਕਿ ਉਸ ਦੇ ਬੇਕਰਾਰ ਦਿਲ ਨੂੰ ਤੇ ਬੇਚੈਨ ਰੂਹ ਨੂੰ ਕਰਾਰ ਦੇਣ ਸ਼ਾਇਦ ਕੋਈ ਆਏਗਾ ਪਰ ਬਦਕਿਸਮਤੀ ਇਹ ਰਹੀ ਕਿ ਉਸ ਦੀ ਬੇਕਰਾਰ ਰੂਹ ਇਸ ਜਹਾਨ ਤੋਂ ਤੁਰ ਗਈ। ਕਰਾਰ ਦੇਣ ਵਾਲਾ ਕੋਈ ਵੀ ਨਾ ਬਹੁੜਿਆ ਤੇ ਸਾਰੇ ਰਿਸ਼ਤੇ ਮਤਲਬੀ ਨਿਕਲੇ। ਮੀਨਾ ਨੇ ਲਿਖਿਆ:

ਯੂੰ ਤੇਰੀ ਰਹਿਗੁਜ਼ਰ ਸੇ ਦੀਵਾਨਾ-ਵਾਰ ਗੁਜ਼ਰੇ
ਕੰਧੇ ਪੇ ਅਪਨੇ ਰਖ ਕੇ ਅਪਨਾ ਮਜ਼ਾਰ ਗੁਜ਼ਰੇ।
ਬੈਠੇ ਹੈਂ ਰਸਤੇ ਮੇਂ ਦਿਲ ਕਾ ਖਾਨਦਾਰ ਸਜਾ ਕਰ
ਸ਼ਾਇਦ ਇਸੀ ਤਰਫ਼ ਸੇ ਏਕ ਦਿਨ ਬਹਾਰ ਗੁਜ਼ਰੇ।

---

ਤੇਰੇ ਕਦਮੋਂ ਕੀ ਆਹਟ ਕੋ ਯੇ ਦਿਲ ਢੂੰਢਤਾ ਹੈ ਹਰ ਦਮ
ਹਰ ਏਕ ਆਵਾਜ਼ ਪਰ ਏਕ ਥਰਥਰਾਹਟ ਹੋਤੀ ਜਾਤੀ ਹੈ।

ਬੇਵਫ਼ਾਈ ਤੇ ਬੇਰੁਖੀ ਦੇ ਦਰਦ ਨੂੰ ਮਹਿਸੂਸ ਕਰਦਿਆਂ ਮੀਨਾ ਨੇ ਲਿਖਿਆ ਸੀ:

ਖ਼ੁਦਾ ਕੇ ਵਾਸਤੇ ਗ਼ਮ ਕੋ ਭੀ ਤੁਮ ਨਾ ਬਹਿਲਾਓ
ਇਸੇ ਤੋ ਰਹਿਨੇ ਦੋ ਮੇਰਾ, ਯਹੀ ਤੋ ਮੇਰਾ ਹੈ।

---

ਉਦਾਸੀਓਂ ਨੇ ਮੇਰੀ ਆਤਮਾ ਕੋ ਘੇਰਾ ਹੈ
ਰੂਪਹਿਲੀ ਚਾਂਦਨੀ ਹੈ ਔਰ ਘਨਾ ਅੰਧੇਰਾ ਹੈ।

ਪੰਜਾਬੀ ਦੇ ਪ੍ਰਸਿੱਧ ਸ਼ਾਇਰ ਤੇ ਨਿੱਕੀ ਉਮਰੇ ਹੀ ਵੱਡੇ ਦਰਦ ਹੰਢਾਉਣ ਵਾਲੇ ਤੇ 'ਬਿਰਹਾ ਦਾ ਸੁਲਤਾਨ' ਦਾ ਲਕਬ ਹਾਸਲ ਕਰ ਕੇ ਇਸ ਜਹਾਨ ਤੋਂ ਰੁਖ਼ਸਤ ਹੋ ਜਾਣ ਵਾਲੇ ਸ਼ਿਵ ਕੁਮਾਰ ਬਟਾਲਵੀ ਵਾਂਗ ਹੀ ਅਧੂਰੀ ਮੁਹੱਬਤ ਦੇ ਅਹਿਸਾਸ ਵਿਚ ਡੁੱਬੀ ਮੀਨਾ ਕੁਮਾਰੀ ਵੀ ਸ਼ਿਵ ਵਾਂਗ ਮੁਹੱਬਤ ਨੂੰ ਮੌਤ ਨਾਲ ਜੋੜ ਕੇ ਦੇਖਦੀ ਸੀ। ਮੌਤ ਦੀ ਆਗ਼ੋਸ਼ ਵਿਚ ਸਮਾਉਣ ਦੀ ਚਾਹਤ ਪ੍ਰਗਟਾਉਂਦਿਆਂ ਮੀਨਾ ਨੇ ਕਿਹਾ ਸੀ:


ਮੌਤ ਕਹਿ ਲੋ, ਜੋ ਮੁਹੱਬਤ ਨਹੀਂ ਕਹਿਨੇ ਪਾਓ
ਉਸੀ ਕਾ ਨਾਮ ਮੁਹੱਬਤ ਹੈ, ਜਿਸ ਕਾ ਨਾਮ ਮੌਤ ਹੈ।

ਮੀਨਾ ਦੀ ਅਦਾਕਾਰੀ ਅਤੇ ਸ਼ਾਇਰੀ ਤਾਂ ਪੂਰੀ ਸੀ ਪਰ ਉਸ ਦੀ ਮੁਹੱਬਤ ਅਧੂਰੀ ਸੀ। ਆਪਣੀ ਮੁਹੱਬਤ ਦੇ ਅਧੂਰੇਪਣ ਨੂੰ ਬਿਆਨ ਕਰਦਿਆਂ ਉਹ ਯਾਦ ਕਰਨ ਦੀ ਕੋਸ਼ਿਸ਼ ਕਰਦੀ ਸੀ ਕਿ ਮੁਹੱਬਤ ਵਿਚ ਆਖ਼ਿਰ ਕਮੀ ਕਿੱਥੇ ਰਹਿ ਗਈ ਸੀ? ਉਸ ਦੇ ਬੋਲ ਹਨ:

ਆਹ! ਰੂਹ ਬੋਝਲ-ਬੋਝਲ
ਕਹਾਂ ਪੇ ਹਾਥ ਸੇ ਕੁਛ ਛੂਟ ਗਿਆ, ਯਾਦ ਨਹੀਂ।







*ਉਘੀ ਅਦਾਕਾਰਾ ਮਰਹੂਮ ਮੀਨਾ ਕੁਮਾਰੀ ਦੇ ਵੱਖ-ਵੱਖ ਅੰਦਾਜ਼।*

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**
Call us before visiting new model homes to save big time.

ਪਿਛਲੇ 37 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017
Grand Master Award Winner: 2018-2021, Platinum Award 2022

## *Call for Listing Special 2024*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
Sales Agent
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com
for hot listings

## Recent Sales

1. 259 N Capitol Ave UNIT 156 San Jose, CA, 95127
2. 3551 Santiago Ave Merced, CA, 95348
3. 1783 Egret ct Hayward CA 94545
4. 15740 Via Castana Morgan Hill CA 95037
5. 3104 Salisbury court CA 94555
6. 1672 Northgate Manteca CA 95336
7. 819 Saint Rufina Lane Unit 19 Morgan Hill CA 95037
8. 26676 Campeche St Hayward CA 94545
9. 1777 Osage Ave Hayward CA 94545
10. 2249 moody ave Hayward ca 94545
11. 9714 Fall Valley Way Sacramento CA 95829
12. 3597 Skyline dr Hayward CA 94542
13. 1549 -1561 Landess Ave Milpitas CA 95035
14. 11401 Rampart Dr Dublin CA 94568
15. 7790 Squirrel Creek Cir Dublin CA, 94568
16. 2798 Tostalinda Dr Tracy CA 95377

## Purchase Loan and Refinance

Call Sukhveer (Sukhi) Gill Ph: 510-207-9067
DHMS, Loan Broker
CA BRE Lic.#01180969
NMLS# 352095

19-20